# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 2 (ਹਿਸਟਰੀ) ਸਮੈਸਟਰ ਚੌਥਾ

ਪੇਪਰ : ਪੰਜਾਬ ਦਾ ਇਤਿਹਾਸ : 1469-1799 ਈ. ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 : ਸਿੱਖ ਗੁਰੂਆਂ ਦੇ ਮੁਗਲਾਂ ਨਾਲ ਸਬੰਧ (1605 ਈ. ਤੋਂ 1708 ਈ.)

2.2 : ਬੰਦਾ ਸਿੰਘ ਬਹਾਦਰ-ਸਿੱਖਾਂ ਦਾ ਸੁੰਤਤਰ ਸ਼ਾਸਨ ਸਥਾਪਤ ਹੋਣਾ ਅਤੇ ਅਸਫ਼ਲਤਾ ਦੇ ਕਾਰਨ

2.3 (ਏ) : ਸਿੱਖਾਂ ਦਾ ਜ਼ਕਰੀਆ ਖਾਂ ਵਿਰੁੱਧ ਸੰਘਰਸ਼ ਅਤੇ

2.3 (ਬੀ) : ਸਿੱਖ ਅਫ਼ਗਾਨ ਸੰਘਰਸ਼ : ਮੀਰ ਮੰਨੂੰ ਅਤੇ ਉਸ ਦੇ ਵਿਰੁੱਧ ਸਿੱਖਾਂ ਦਾ ਸੰਘਰਸ਼

2.4 : ਦਲ ਖਾਲਸਾ : ਉਤਪਤੀ ਅਤੇ ਵਿਕਾਸ

2.5 (ਏ) : ਸਿੱਖ ਮਿਸਲਾਂ ਦਾ ਮੁੱਢ ਤੇ ਵਿਕਾਸ

2.5 (ਬੀ) : ਮਿਸਲਾਂ ਦੀ ਜਥੇਬੰਦੀ ਦਾ ਉਭਾਰ, ਸੁਭਾਅ ਅਤੇ ਪ੍ਰਸ਼ਾਸਨ



**Department website : www.pbidde.org**

---

**ਪਾਠ ਨੰ. 2.1**

---

## ਸਿੱਖ ਗੁਰੂਆਂ ਦੇ ਮੁਗ਼ਲਾਂ ਨਾਲ ਸਬੰਧ (1605 ਈ. ਤੋਂ 1708 ਈ.)

1605 ਈ. ਅਕਬਰ ਦਾ ਆਖਰੀ ਸਾਲ ਸੀ। ਉਸ ਦਾ ਉਤਰਾਅਧਿਕਾਰੀ ਜਹਾਂਗੀਰ ਸੀ ਜਿਸ ਅਧੀਨ ਗੁਰੂ ਅਰਜਨ ਦੇਵ ਦੀ ਸ਼ਹੀਦੀ ਹੋਈ। ਫਿਰ 1675 ਈ. ਨੂੰ ਨੌਵੇਂ ਗੁਰੂ ਸ਼ਹੀਦ ਹੋਏ। 1699 ਈ. ਨੂੰ ਖਾਲਸੇ ਦੀ ਸਿਰਜਣਾ ਹੋਈ ਪਰੰਤੂ 1708 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਅਕਾਲ ਚਲਾਣਾ ਕਰ ਗਏ। ਇਸ ਨਾਲ ਬੰਦਾ ਸਿੰਘ ਬਹਾਦਰ (1708–1716 ਈ.) ਨੇ ਵਾਗਡੋਰ ਸੰਭਾਲੀ।

**ਪਾਠ ਦੀ ਬਣਤਰ :**

1) ਸਿੱਖ ਗੁਰੂਆਂ ਦੇ ਨਾਮ ਅਤੇ ਸਮਾਂ (1605–1708 ਈ.)
2) ਮੁਗਲ ਸਮਰਾਟਾਂ ਦੇ ਨਾਮ ਤੇ ਨੀਤੀਆਂ
3) ਗੁਰੂ ਤੇਗ ਬਹਾਦਰ ਤੇ ਮੁਗਲ-ਰਾਜਪੂਤ ਪ੍ਰਬੰਧ
4) ਗੁਰੂ ਗੋਬਿੰਦ ਸਿੰਘ ਜੀ ਦੀ ਵਿਦਿਆ ਅਤੇ ਲੜਾਈਆਂ
5) ਦਸਵੇਂ ਗੁਰੂ ਦੀ ਦੱਖਣ ਯਾਤਰਾ ਅਤੇ ਬਹਾਦਰ ਸ਼ਾਹ ਦੀ ਨੀਤੀ
6) ਬੰਦਾ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੀ ਮੁਲਾਕਾਤ

**ਉਦੇਸ਼ :**

1) ਗੁਰੂ ਹਰਗੋਬਿੰਦ ਜੀ ਅਤੇ ਸ਼ਾਹ ਜਹਾਨ (1628–1658 ਈ.) ਦੇ ਸਬੰਧਾਂ ਦੀ ਜਾਣਕਾਰੀ ਦਿੱਤੀ ਜਾਵੇਗੀ।
2) ਗੁਰੂ ਹਰ ਰਾਏ ਜੀ ਤੇ ਔਰੰਗਜ਼ੇਬ (1658–1707 ਈ.) ਅਤੇ ਗੁਰੂ ਹਰਿਕ੍ਰਿਸ਼ਨ ਜੀ ਤੇ ਔਰੰਗਜ਼ੇਬ ਦੇ ਸਬੰਧਾਂ ਦਾ ਵਰਨਣ ਹੋਵੇਗਾ।
3) ਗੁਰੂ ਤੇਗ ਬਹਾਦਰ (1664–1675 ਈ.) ਦੀ ਸ਼ਹੀਦੀ ਅਤੇ ਮੁਗਲ ਸਰਕਾਰ ਦੇ ਜ਼ੁਲਮ ਦੀ ਚਰਚਾ ਹੋਵੇਗੀ।
4) ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਸਿਰਜਣਾ ਤੋਂ ਪਹਿਲਾਂ ਅਤੇ ਪਿਛੋਂ ਮੁਗਲ ਸਮਰਾਟਾਂ – ਔਰੰਗਜ਼ੇਬ ਅਤੇ ਬਹਾਦਰ ਸ਼ਾਹ ਨਾਲ ਕੂਟਨੀਤੀ ਦਾ ਅਧਿਅਨ ਹੋਵੇਗਾ।

## ਸਿੱਖ ਗੁਰੂਆਂ ਦੇ ਨਾਮ ਅਤੇ ਮੁਗ਼ਲਾਂ ਨਾਲ ਸਬੰਧ (1605–1708 ਈ.)

ਗੁਰੂ ਹਰਗੋਬਿੰਦ ਸਾਹਿਬ ਦੇ ਗੁਰੂ ਕਾਲ (1606–1644 ਈ.) ਦੇ ਦੌਰਾਨ ਮੁਗ਼ਲ ਰਾਜ ਤੇ ਸਿੱਖ ਸਮੁਦਾਇ ਦੇ ਸਬੰਧ ਸਥਿਰ ਨਹੀਂ ਰਹੇ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1606 ਈ.) ਸਿੱਖ ਇਤਿਹਾਸ ਵਿਚ ਇਕ ਮੋੜ ਸੀ। ਜਿਥੇ ਇਸ ਨੇ ਸਿੱਖਾਂ ਦੀ ਭਾਵਨਾਵਾਂ ਨੂੰ ਭੜਕਾਇਆ ਉਥੇ ਸਮੁਦਾਇ ਦੇ ਆਮ ਵਤੀਰੇ ਵਿਚ ਵੀ ਤਬਦੀਲੀ ਲੈ ਆਂਦੀ। ਸਿੱਖ ਪਰੰਪਰਾ ਅਨੁਸਾਰ ਇਸ ਤਬਦੀਲੀ ਦੀ ਲੋੜ ਗੁਰੂ ਅਰਜਨ ਦੇਵ ਜੀ ਨੇ ਆਪਣੇ ਲਾਹੌਰ ਜੇਲ੍ਹ ਦੇ ਸਮੇਂ ਵਿਚ ਮਹਿਸੂਸ ਕੀਤੀ। ਇਸੇ ਕਾਰਨ ਉਨ੍ਹਾਂ ਆਪਣੇ ਉਤਰਾਧਿਕਾਰੀ ਗਿਆਰਾਂ ਸਾਲ ਦੇ ਪੁੱਤਰ ਹਰਗੋਬਿੰਦ ਨੂੰ ਨਾਰੀਅਲ ਤੇ ਪੰਜ ਮੋਹਰਾਂ, ਉਸ ਦੀ ਗੁਰੂ ਪਦ ਦੀ ਨਾਮਜ਼ਦਗੀ ਦੀ ਨਿਸ਼ਾਨੀ ਵਜੋਂ ਭੇਜੀਆਂ ਅਤੇ ਇਕ ਸਿੱਖ ਰਾਹੀਂ ਇਕ ਆਖਰੀ ਆਦੇਸ਼ ਦਿੱਤਾ, 'ਉਸ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸ਼ਸ਼ੋਬਤ ਗੱਦੀ ਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ।'

ਗੁਰੂ ਹਰਗੋਬਿੰਦ ਗਿਆਰਾਂ ਸਾਲ ਦੀ ਉਮਰ ਵਿਚ ਗੁਰਗੱਦੀ ਤੇ ਬੈਠੇ। ਇਹ 1606 ਈ. ਦੀ ਗੱਲ ਹੈ। ਗੁਰਗੱਦੀ ਤੇ ਬੈਠਣ ਪਿਛੋਂ ਉਨ੍ਹਾਂ ਨੇ ਇਕੋ ਵੇਲੇ ਦੋ ਤਲਵਾਰਾਂ ਪਹਿਨੀਆਂ। ਇਕ ਮੀਰੀ ਦੀ (ਸੰਸਾਰਿਕ ਚਿੰਨ੍ਹ) ਤੇ ਇਕ ਪੀਰੀ ਦੀ (ਆਤਮਿਕ ਚਿੰਨ੍ਹ)। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਗੁਰੂ ਘਰ ਵਿਚ ਦੁਨਿਆਵੀ ਤੇ ਆਤਮਿਕ ਸ਼ਕਤੀ ਇਕੱਠੀ ਮਿਲਕੇ ਰਹੇਗੀ। ਗਾਤਰਾ (ਤਲਵਾਰ ਦੀ ਬਧਰੀ) ਮੇਰੀ ਮਾਲਾ ਹੋਵੇਗੀ ਅਤੇ ਆਪਣੀ ਪਗੜੀ ਤੇ ਮੈਂ ਕਲਗੀ ਲਾਵਾਂਗਾ। ਉਨ੍ਹਾਂ ਨੇ ਸਿੱਖਾਂ ਨੂੰ ਤਲਵਾਰ ਤੇ ਘੋੜਾ ਰੱਖਣ ਦਾ ਹੁਕਮ ਦਿੱਤਾ। ਗੁਰੂ ਹਰਗੋਬਿੰਦ

ਜੀ ਨੇ ਗੁਰੂ ਨਾਨਕ ਦੇਵ ਜੀ ਦੀ ਮਸ਼ਾਲ ਨੂੰ ਜਲਦੀ ਰਖਿਆ ਪਰੰਤੂ ਇਸ ਨਾਲ ਤਲਵਾਰ ਦੀ ਚਮਕ ਵੀ ਜੋੜ ਦਿੱਤੀ। ਉਨ੍ਹਾਂ ਨੇ ਆਪਣੇ ਕੁਝ ਤਾਕਤਵਰ ਸਿੱਖਾਂ ਨੂੰ ਹਥਿਆਰਬੰਦ ਕੀਤਾ ਤੇ ਬਕਾਇਦਾ ਕਸਰਤਾਂ ਕਰਵਾਈਆਂ। ਸਮੇਂ ਦੇ ਬੀਤਣ ਨਾਲ ਉਨ੍ਹਾਂ ਕੋਲ 800 ਘੋੜੇ, ਤਿੰਨ ਸੌ ਘੋੜ ਸਵਾਰ ਅਤੇ ਨੌਂ ਬੰਦੂਕਚੀ ਸਨ। ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਹਥਿਆਰ ਤੇ ਘੋੜਿਆਂ ਦੀ ਭੇਟਾ ਦੀ ਮੰਗ ਕੀਤੀ। ਉਨ੍ਹਾਂ ਅੰਮ੍ਰਿਤਸਰ ਵਿਚ ਲੋਹਗੜ੍ਹ ਨਾਂ ਦਾ ਕਿਲ੍ਹਾ ਬਣਾਇਆ। ਉਨ੍ਹਾਂ ਨੇ ਅਕਾਲ ਤਖਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਹਰਿਮੰਦਰ ਆਤਮਿਕ ਸ਼ਕਤੀ ਦਾ ਅਤੇ ਅਕਾਲ ਤਖਤ ਸੰਸਾਰਿਕ ਸ਼ਕਤੀ ਦਾ ਪ੍ਰਤੀਕ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਥੇ ਉਹ ਦਰਬਾਰ ਲਗਾ ਕੇ ਰਾਜਿਆਂ ਵਾਂਗ ਇਨਸਾਫ ਕਰਦੇ, ਭੇਟਾਂ ਪ੍ਰਦਾਨ ਕਰਦੇ, ਮਾਣ ਬਖਸ਼ਦੇ ਅਤੇ ਸਜ਼ਾਵਾਂ ਦਿੰਦੇ। ਉਹ ਬਹਾਦਰੀ ਦੀਆਂ ਕਹਾਣੀਆਂ ਸੁਣਾਉਣੇ ਤੇ ਕੁਝ ਪੇਸ਼ਾਵਰ ਢਾਡੀਆਂ (ਜਿਨ੍ਹਾਂ ਵਿਚੋਂ ਇਕ ਅਬਦੁੱਲਾ ਬਹੁਤ ਪ੍ਰਸਿੱਧ ਸੀ) ਤੋਂ ਵਾਰਾਂ ਤੇ ਖਾਸ ਕਰ ਰਾਜਪੂਤਾਂ ਦੀ ਬਹਾਦਰੀ ਦੀਆਂ ਕਥਾਵਾਂ ਗਵਾਉਂਦੇ। ਇਹ ਹੀ ਅਸਲ ਵਿਚ ਸਿੱਖਾਂ ਦੀ ਫੌਜੀ ਤਾਕਤ ਵਿਚ ਬਦਲਣ ਦੀ ਸ਼ੁਰੂਆਤ ਸੀ। ਭਗਤਾਂ ਤੇ ਸੰਤਾਂ ਦੇ ਚਿੰਨ੍ਹ ਨਾਲ ਪ੍ਰਭੂਸਤਾ ਦਾ ਨਿਸ਼ਾਨ ਕਲਗੀ ਤੇ ਛੱਤਰ ਜੋੜ ਦਿੱਤਾ ਗਿਆ।

ਗੁਰੂ ਜੀ ਦੀਆਂ ਗਤੀਵਿਧੀਆਂ ਦੀਆਂ ਖਬਰਾਂ ਜਹਾਂਗੀਰ ਕੋਲ ਪਹੁੰਚੀਆਂ ਜਿਸ ਕਾਰਨ ਉਸ ਨੇ ਗੁਰੂ ਜੀ ਵਿਰੁੱਧ ਸਖਤ ਕਦਮ ਚੁੱਕੇ। ਬਾਦਸ਼ਾਹ 1606, 1607 ਤੇ 1608 ਈ. ਵਿਚ ਤਿੰਨ ਵਾਰ ਪੰਜਾਬ ਆਇਆ। ਗੁਰੂ ਸਾਹਿਬ ਦੇ ਦੁਸ਼ਮਨਾਂ ਨੇ ਜ਼ਰੂਰ ਹੀ ਨਿੱਜੀ ਤੌਰ ਤੇ ਉਸ ਨੂੰ ਮਿਲਕੇ ਗੁਰੂ ਜੀ ਵਿਰੁੱਧ ਸ਼ਿਕਾਇਤਾਂ ਲਗਾਈਆਂ।

ਨਤੀਜੇ ਵਜੋਂ ਗੁਰਗੱਦੀ ਤੇ ਬੈਠਣ ਤੇ ਕੁਝ ਸਮੇਂ ਪਿਛੋਂ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਅਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦੇਣ ਦਾ ਹੁਕਮ ਦੇ ਦਿੱਤਾ। ਪਰ ਗੁਰੂ ਸਾਹਿਬ ਨੂੰ ਬੰਦੀ ਕਿਉਂ ਬਣਾਇਆ ਗਿਆ ? ਇਸ ਬਾਰੇ ਇਤਿਹਾਸਕਾਰ ਇਕ ਮਤ ਨਹੀਂ ਹਨ। ਦਬਿਸਤਾਨ ਦੇ ਲੇਖਕ ਅਨੁਸਾਰ ਗੁਰੂ ਸਾਹਿਬ ਨੂੰ ਕੈਦ ਕਰਨ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਅਰਜਨ ਤੇ ਲਗਾਇਆ ਗਿਆ ਜੁਰਮਾਨਾ ਭਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਇਹ ਵਿਚਾਰ ਠੀਕ ਨਹੀਂ ਮੰਨਿਆ ਜਾਂਦਾ ਕਿਉਂਕਿ ਵਾਸਤਵ ਵਿਚ ਗੁਰੂ ਅਰਜਨ ਸਾਹਿਬ ਤੇ ਕੋਈ ਜੁਰਮਾਨਾ ਨਹੀਂ ਸੀ ਕੀਤਾ ਗਿਆ।

ਇਕ ਹੋਰ ਮਤ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਦੇ ਕੈਦ ਲਈ ਚੰਦੂ ਸ਼ਾਹ ਜ਼ਿੰਮੇਵਾਰ ਸੀ। ਕਿਹਾ ਜਾਂਦਾ ਹੈ ਕਿ ਚੰਦੂ ਸ਼ਾਹ ਨੇ ਛੇਵੇਂ ਗੁਰੂ ਸਾਹਿਬ ਨੂੰ ਇਕ ਪੱਤਰ ਲਿਖਿਆ, ਜਿਸ ਵਿਚ ਉਸਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਨਾਲ ਪਿਛਲੀ ਦੁਸ਼ਮਣੀ ਭੁੱਲ ਚੁੱਕਿਆ ਹੈ ਅਤੇ ਉਨ੍ਹਾਂ ਨੂੰ ਆਪਣਾ ਜਵਾਈ ਬਣਾਕੇ ਖੁਸ਼ ਹੋਵੇਗਾ। ਪਰ ਨਾਲ ਹੀ ਇਸ ਚਿੱਠੀ ਵਿਚ ਇਹ ਧਮਕੀ ਵੀ ਦਿੱਤੀ ਕਿ ਜੇ ਇਹ ਰਿਸ਼ਤਾ ਸਵੀਕਾਰ ਨਾ ਕੀਤਾ ਤਾਂ ਉਨ੍ਹਾਂ ਦਾ ਵੀ ਉਹੋ ਜਿਹਾ ਹਾਲ ਹੋਵੇਗਾ ਜੋ ਉਸਦੇ ਪਿਤਾ ਦਾ ਹੋਇਆ ਹੈ। ਪਰ ਗੁਰੂ ਸਾਹਿਬ ਨੇ ਆਪਣੇ ਪਿਤਾ ਦੇ ਹਤਿਆਰੇ ਦੀ ਪੁੱਤਰੀ ਨਾਲ ਵਿਆਹ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਨਾਲ ਚੰਦੂ ਦੇ ਕ੍ਰੋਧ ਦਾ ਪਾਰਾ ਇਕ ਦਮ ਚੜ੍ਹ ਗਿਆ ਅਤੇ ਉਸਨੇ ਸਮਰਾਟ ਜਹਾਂਗੀਰ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਣਾ ਸ਼ੁਰੂ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਇਸ ਸਮੇਂ ਹੀ ਜਹਾਂਗੀਰ ਬਿਮਾਰ ਪੈ ਗਿਆ ਅਤੇ ਉਹ ਆਪਣੀ ਬਿਮਾਰੀ ਦੇ ਵਿਸ਼ੇ ਤੇ ਜੋਤਸ਼ੀ ਨੂੰ ਪੁੱਛ-ਗਿੱਛ ਕਰਨ ਲੱਗਾ। ਇਹ ਕਿਹਾ ਜਾਂਦਾ ਹੈ ਕਿ ਚੰਦੂ ਸ਼ਾਹ ਨੇ ਜੋਤਸ਼ੀ ਨੂੰ ਰਿਸ਼ਵਤ ਦੇ ਕੇ ਉਸ ਤੋਂ ਸਮਰਾਟ ਨੂੰ ਕਹਿਲਵਾ ਦਿੱਤਾ ਕਿ ਉਹ ਤਾਂ ਅਰੋਗ ਹੋਵੇਗਾ ਜੇ ਕੋਈ ਮਹਾਂਪੁਰਸ਼ ਉਸ ਦੇ ਲਈ ਗਵਾਲੀਅਰ ਦੇ ਕਿਲ੍ਹੇ ਵਿਚ ਬੈਠ ਕੇ ਪ੍ਰਾਰਥਨਾ ਕਰੇ। ਚੰਦੂ ਸ਼ਾਹ ਦੇ ਕਹਿਣ ਤੇ ਕਰਮਚਾਰੀਆਂ ਨੇ ਇਸ ਕੰਮ ਲਈ ਗੁਰੂ ਸਾਹਿਬ ਦੇ ਨਾਮ ਦਾ ਸੁਝਾਅ ਦਿੱਤਾ ਅਤੇ ਸਿੱਟੇ ਵਜੋਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾਕੇ ਭੇਜ ਦਿੱਤਾ। ਪਰ ਇਸ ਵਿਚਾਰ ਨਾਲ ਆਧੁਨਿਕ ਇਤਿਹਾਸਕਾਰ ਸਹਿਮਤ ਨਹੀਂ ਹਨ। ਇੰਦੂ ਭੂਸ਼ਨ ਬੈਨਰਜੀ ਅਨੁਸਾਰ ਇਸ ਵਰਣਨ ਦਾ ਇਤਿਹਾਸ ਨਾਲ ਕੋਈ ਸਬੰਧ ਨਹੀਂ ਹੈ ਅਤੇ ਵਾਸਤਵ ਵਿਚ ਉਨ੍ਹਾਂ ਨੂੰ ਬੰਦੀ ਬਣਾਉਣ ਦਾ ਕਾਰਨ ਉਨ੍ਹਾਂ ਦੀ ਨਵੀਂ ਨੀਤੀ ਸੀ।

ਗੁਰੂ ਸਾਹਿਬ ਦੀ ਗਵਾਲੀਅਰ ਵਿਖੇ ਨਜ਼ਰਬੰਦੀ ਦੇ ਸਮੇਂ ਬਾਰੇ ਇਤਿਹਾਸਕਾਰਾਂ ਵਿਚ ਮਤਭੇਦ ਹੈ। ਦਬਿਸਤਾਨ ਦੇ ਲੇਖਕ ਅਨੁਸਾਰ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ 12 ਸਾਲ ਲਈ ਨਜ਼ਰਬੰਦ ਕੀਤਾ ਗਿਆ। ਇਸ ਵਿਚਾਰ ਨਾਲ ਇੰਦੂ ਭੂਸ਼ਨ ਬੈਨਰਜੀ ਸਹਿਮਤ ਨਹੀਂ ਹੈ। ਉਸਦੇ ਅਨੁਸਾਰ ਗੁਰੂ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ ਵੱਧ ਤੋਂ ਵੱਧ 5 ਸਾਲ ਸੀ। ਪਰ ਤੇਜਾ ਸਿੰਘ ਅਤੇ ਗੰਡਾ ਸਿੰਘ ਅਨੁਸਾਰ ਗੁਰੂ ਸਾਹਿਬ ਉਥੇ ਕਿਲ੍ਹੇ ਵਿਚ 1612 ਤੋਂ 1614 ਤੱਕ 2 ਸਾਲ ਲਈ ਨਜ਼ਰਬੰਦ ਰਹੇ। ਸਿੱਖ ਪਰੰਪਰਾ ਅਨੁਸਾਰ ਗੁਰੂ ਸਾਹਿਬ ਦੀ ਨਜ਼ਰਬੰਦੀ ਦਾ ਸਮਾਂ ਕੇਵਲ 40 ਦਿਨ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦੇ ਸੰਦਰਭ ਵਿਚ ਗੁਰੂ ਸਾਹਿਬ ਦੇ ਨਜ਼ਰਬੰਦੀ ਦੇ ਸਮੇਂ ਨੂੰ ਨਿਸ਼ਚਿਤ ਕਰਨਾ ਬਹੁਤ ਕਠਿਨ ਹੈ ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ

ਉਨ੍ਹਾਂ ਦੀ ਨਜ਼ਰਬੰਦੀ ਦਾ ਸਮਾਂ ਬਹੁਤ ਘੱਟ ਸੀ ਅਤੇ ਇਹ 5 ਸਾਲ ਜਾਂ 12 ਸਾਲ ਦਾ ਨਹੀਂ ਸੀ।

ਉਨ੍ਹਾਂ ਦੀ ਰਿਹਾਈ ਲਈ ਤੇ ਉਸ ਤੋਂ ਬਾਦ ਦੇ ਸਮੇਂ ਵਿਚ ਜਹਾਂਗੀਰ ਤੇ ਗੁਰੂ ਹਰਗੋਬਿੰਦ ਵਿਚਕਾਰ ਮਿੱਤਰਤਾ ਪੂਰਣ ਸਬੰਧ ਬਣਾਉਣ ਲਈ ਕਈ ਕਾਰਨ ਜ਼ਿੰਮੇਵਾਰ ਸਨ। ਸਭ ਤੋਂ ਮਹੱਤਵਪੂਰਨ ਤਾਂ ਜਹਾਂਗੀਰ ਦੀ ਧਾਰਮਿਕ ਨੀਤੀ ਵਿਚ ਤਬਦੀਲੀ ਆਉਣਾ ਸੀ। ਸਮੇਂ ਦੇ ਬੀਤਣ ਨਾਲ ਜਹਾਂਗੀਰ ਦੇ ਧਾਰਮਿਕ ਵਤੀਰੇ ਵਿਚ ਤਬਦੀਲੀ ਆ ਗਈ ਸੀ ਅਤੇ ਉਸ ਨੂੰ ਪਤਾ ਲੱਗ ਗਿਆ ਸੀ ਕਿ ਮੁਗ਼ਲ ਰਾਜ ਦੀ ਮਜ਼ਬੂਤੀ ਨਾਲ ਦੇਸ਼ ਦੇ ਵੱਖ ਵੱਖ ਧਾਰਮਿਕ ਵਰਗਾਂ ਦੇ ਨਾਲ ਉਦਾਰ ਨੀਤੀ ਅਪਣਾਉਣਾ ਹੀ ਸਹੀ ਅਤੇ ਠੀਕ ਹੈ। ਇਸ ਤੋਂ ਵੱਧ ਬਾਦਸ਼ਾਹ ਤੇ ਉਸਦੀ ਪਤਨੀ ਨੂਰ ਜਹਾਂ ਦਾ ਝੁਕਾਅ ਮੀਆਂ ਮੀਰ ਦੇ ਧਾਰਮਿਕ ਵਿਚਾਰਾਂ ਵੱਲ ਹੋਇਆ ਤੇ ਉਨ੍ਹਾਂ ਨੇ ਇਸ ਨੂੰ ਅਪਣਾਇਆ। ਮੀਆਂ ਮੀਰ ਕਾਦਰੀਆਂ ਸੂਫ਼ੀ ਪੰਥ ਦਾ ਮੁਖੀ ਸੀ। ਸਾਂਈਂ ਮੀਆਂ ਮੀਰ ਗੁਰੂ ਅਰਜਨ ਦੇਵ ਜੀ ਦਾ ਪੱਕਾ ਮਿੱਤਰ ਤੇ ਪ੍ਰਸ਼ੰਸਕ ਸੀ। ਉਸ ਨੇ ਗੁਰੂ ਜੀ ਦੇ ਬੇਕਸੂਰ ਹੋਣ ਬਾਰੇ ਦਖਲ ਦਿੱਤਾ ਅਤੇ ਗੋਕਲ ਚੰਦ ਨਾਰੰਗ ਅਨੁਸਾਰ ਇਸ ਦਾ ਬਾਦਸ਼ਾਹ ਤੇ ਲੋੜੀਂਦਾ ਅਸਰ ਹੋਇਆ। ਇਕ ਪ੍ਰਭਾਵਸ਼ਾਲੀ ਮੁਗ਼ਲ ਦਰਬਾਰੀ ਵਜ਼ੀਰ ਖ਼ਾਨ ਨੇ ਗੁਰੂ ਜੀ ਦੇ ਬੇ ਕਸੂਰ ਹੋਣ ਦੀ ਵੀ ਵਕਾਲਤ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਦਾ ਮਿਸ਼ਨ ਹਾਨੀਕਾਰਕ ਨਹੀਂ ਹੈ। ਬਹੁਤੇ ਸਿੱਖ ਲਿਖਾਰੀ, ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ ਚਾਲੀ ਕੁ ਦਿਨ ਲਈ ਸੀਮਿਤ ਕਰਦੇ ਹਨ। ਉਹ ਲਿਖਦੇ ਹਨ ਕਿ ਭਾਈ ਜੇਠੇ ਨੇ ਜਹਾਂਗੀਰ ਨੂੰ ਠੀਕ ਕੀਤਾ ਤੇ ਇਸ ਦੇ ਇਨਾਮ ਵਜੋਂ ਜਹਾਂਗੀਰ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਦਿੱਤਾ ਸੀ। ਭਾਈ ਜੇਠਾ ਜੀ ਵਲੋਂ ਕੀਤੇ ਯਤਨਾਂ ਬਾਰੇ ਨਿਸ਼ਚਿਤ ਤੌਰ ਤੇ ਪਤਾ ਤਾਂ ਕੁਝ ਵੀ ਨਹੀਂ ਪਰੰਤੂ ਇਕ ਗੱਲ ਨਿਸ਼ਚਿਤ ਹੈ ਕਿ ਕਈ ਮਹੱਤਵਪੂਰਨ ਸਿੱਖਾਂ ਨੇ ਗੁਰੂ ਜੀ ਦੀ ਰਿਹਾਈ ਲਈ ਬਾਦਸ਼ਾਹ ਨੂੰ ਤਿਆਰ ਕਰਨ ਲਈ ਕਾਫੀ ਕੋਸ਼ਿਸ਼ਾਂ ਕੀਤੀਆਂ।

ਗੁਰੂ ਜੀ ਦੀ ਰਿਹਾਈ ਤੋਂ ਲੈ ਕੇ ਸ਼ਾਹਜਹਾਂ ਦੇ ਰਾਜ ਗੱਦੀ ਸੰਭਾਲਣ ਤੱਕ ਮੁਗ਼ਲ ਰਾਜ ਤੇ ਗੁਰੂ ਜੀ ਦੇ ਸਬੰਧ ਬੜੇ ਸੁਖਾਵੇਂ ਤੇ ਮਿੱਤਰਤਾ ਪੂਰਨ ਰਹੇ। ਆਪਣੀ ਰਿਹਾਈ ਤੋਂ ਬਾਦ ਉਨ੍ਹਾਂ ਨੇ ਮੁਗ਼ਲ ਹਕੂਮਤ ਨਾਲ ਮਿਲਵਰਤਨ ਤੇ ਮਿੱਤਰਤਾ ਦੀ ਨੀਤੀ ਨੂੰ ਅਪਣਾਇਆ।

ਮੈਕਾਲਿਫ਼ ਅਨੁਸਾਰ 1621 ਵਿਚ ਜਹਾਂਗੀਰ ਦੂਜੀ ਵਾਰ ਕਸ਼ਮੀਰ ਘਾਟੀ ਵਿਚ ਗਿਆ ਸੀ। ਗੁਰੂ ਹਰਗੋਬਿੰਦ ਜੀ ਉਸ ਨੂੰ ਬਿਆਸ ਦਰਿਆ ਦੇ ਕਿਨਾਰੇ ਤੇ ਮਿਲੇ। ਬਾਦਸ਼ਾਹ 25 ਸਾਲਾਂ ਦੇ ਭਰ ਜਵਾਨ ਨੂੰ ਬਹੁਤ ਖੁਸ਼ੀ ਨਾਲ ਮਿਲਿਆ ਅਤੇ ਆਪਣੇ ਨਾਲ ਕਸ਼ਮੀਰ ਜਾਣ ਲਈ ਮਨਾਇਆ। ਆਪਣੀ ਕਸ਼ਮੀਰ ਦੀ ਵਾਪਸੀ ਤੋਂ ਬਾਅਦ ਗੁਰੂ ਹਰਗੋਬਿੰਦ ਨੂੰ ਅਸੀਂ ਜਹਾਂਗੀਰ ਦਾ ਪਰਮ ਮਿੱਤਰ ਬਣਿਆ ਵੇਖਦੇ ਹਾਂ। ਦਬਿਸਤਾਨ ਅਨੁਸਾਰ ਗੁਰੂ ਸਾਹਿਬ ਰਾਜ ਪ੍ਰਬੰਧ ਵਿਚ ਮਦਦ ਕਰਿਆ ਕਰਦੇ ਸਨ। ਇਸ ਦੇ ਬਿਆਨ ਤੋਂ ਕਈ ਵਾਰੀ ਗੁਰੂ ਜੀ ਦਾ ਮੁਗ਼ਲ ਸਰਕਾਰ ਦੀ ਮੁਲਾਜ਼ਮਤ ਕਰ ਲੈਣ ਦਾ ਸ਼ੱਕ ਪੈਦਾ ਹੋ ਜਾਂਦਾ ਹੈ। ਪਰ ਵਾਸਤਵ ਵਿਚ ਇਹ ਨਤੀਜਾ ਬਿਲਕੁਲ ਹੀ ਗਲਤ ਹੈ। ਇੰਦੂ ਭੂਸ਼ਨ ਬੈਨਰਜੀ ਅਨੁਸਾਰ ਇਹ ਗੱਲ ਮੁੱਢੋਂ ਹੀ ਮੂਰਖਤਾ ਪੂਰਨ ਲਗਦੀ ਹੈ ਕਿਉਂਕਿ ਤੁਜ਼ਕੇ ਜਹਾਂਗੀਰੀ ਅਨੁਸਾਰ ਇਹ ਬਿਲਕੁਲ ਹੀ ਗਲਤ ਸਾਬਤ ਹੋ ਜਾਂਦੀ ਹੈ। ਤੁਜ਼ਕੇ ਜਹਾਂਗੀਰੀ ਵਿਚ ਗੁਰੂ ਹਰਗੋਬਿੰਦ ਸਾਹਿਬ ਦਾ ਮੁਲਾਜਮਤ ਕਰਨ ਬਾਰੇ ਕਿਤੇ ਵੀ ਜ਼ਿਕਰ ਨਹੀਂ ਹੈ ਤੇ ਇਸ ਲਈ ਇਹ ਕਥਨ ਠੀਕ ਨਹੀਂ ਕਿ ਗੁਰੂ ਸਾਹਿਬ ਨੇ ਮੁਗ਼ਲਾਂ ਦੀ ਨੌਕਰੀ ਕਰ ਲਈ ਸੀ।

ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਕੋਈ ਕਸਰ ਨਹੀਂ ਛੱਡੀ। ਅਸਲ ਵਿਚ ਗੁਰੂ ਨਾਨਕ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਐਸੇ ਗੁਰੂ ਸਨ ਜਿਨ੍ਹਾਂ ਨੇ ਪੰਜਾਬ ਤੋਂ ਬ੍ਹਾਹਰ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਯਾਤਰਾ ਕੀਤੀ। ਇਹ ਗੱਲ ਬੁਝਾਰਤ ਹੀ ਬਣੀ ਹੋਈ ਹੈ ਕਿ ਜਹਾਂਗੀਰ ਨੇ ਬੜੀ ਤੇਜ਼ੀ ਨਾਲ ਵਿਕਾਸ ਕਰ ਰਹੇ (ਗੁਰੂ ਹਰਗੋਬਿੰਦ ਅਧੀਨ) ਸਿੱਖ ਸਮੁਦਾਇ ਦੀਆਂ ਗਤੀਵਿਧੀਆਂ ਵੱਲ ਕੋਈ ਧਿਆਨ ਕਿਉਂ ਨਹੀਂ ਦਿੱਤਾ। ਇਸ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਮੀਆਂ ਮੀਰ ਇਸ ਮਾਮਲੇ ਵਿਚ ਜੁੜਿਆ ਹੋਇਆ ਸੀ ਅਤੇ ਬਾਦਸ਼ਾਹ ਜਹਾਂਗੀਰ ਮੀਆਂ ਮੀਰ ਦਾ ਸ਼ਰਧਾਲੂ ਅਤੇ ਉਸਦਾ ਬਹੁਤ ਮਾਣ ਤੇ ਸਤਿਕਾਰ ਕਰਦਾ ਸੀ। ਸਿੱਖ ਸੰਗਤਾਂ ਵਿਚ ਥਾਂ ਪਰ ਥਾਂ ਇਹ ਹਵਾਲਾ ਮਿਲਦਾ ਹੈ ਕਿ ਸਾਈਂ ਮੀਆਂ ਮੀਰ ਦੇ ਗੁਰੂ ਪਰਿਵਾਰ ਨਾਲ ਗੂੜ੍ਹੇ ਸਬੰਧ ਸਨ ਅਤੇ ਇਹ ਬਹੁਤ ਹੀ ਸੰਭਵ ਹੈ ਕਿ ਮੀਆਂ ਮੀਰ ਦੇ ਪ੍ਰਭਾਵ ਕਾਰਨ ਹੀ ਜਹਾਂਗੀਰ ਦੇ ਰਾਜਕਾਲ ਵਿਚ ਗੁਰੂ ਹਰਗੋਬਿੰਦ ਮੁਗ਼ਲ ਸਰਕਾਰ ਨਾਲ ਦੋਸਤਾਨਾ ਸਬੰਧ ਬਣਾਈ ਰੱਖ ਸਕੇ ਹੋਣ।

**ਗੁਰੂ ਹਰਗੋਬਿੰਦ ਸਾਹਿਬ ਅਤੇ ਸ਼ਾਹ ਜਹਾਨ**

ਜਹਾਂਗੀਰ 1626 ਈ. ਵਿਚ ਬਿਮਾਰ ਪੈ ਗਿਆ। ਉਹ ਮੌਸਮ ਬਦਲੀ ਲਈ ਕਸ਼ਮੀਰ ਗਿਆ। ਉਥੇ ਉਸ

ਦੀ ਹਾਲਤ ਬਹੁਤ ਖਰਾਬ ਹੋ ਗਈ। ਵਾਪਸੀ ਸਮੇਂ 29 ਅਕਤੂਬਰ 1627 ਨੂੰ ਬਾਦਸ਼ਾਹ ਰਾਹ ਵਿਚ ਹੀ ਰਜੌਰੀ ਵਿਖੇ ਮਰ ਗਿਆ ਅਤੇ 4 ਫਰਵਰੀ 1628 ਨੂੰ ਸ਼ਾਹ ਜਹਾਨ ਬਾਦਸ਼ਾਹ ਬਣਿਆ। ਸ਼ਾਹ ਜਹਾਨ ਕੱਟੜ ਸੁੰਨੀ ਮੁਸਲਮਾਨ ਸੀ ਤੇ ਨਕਸ਼ਬੰਦੀ ਉਸ ਦੇ ਰਾਜਕਾਲ ਸਮੇਂ ਸਰਗਰਮ ਰਹੇ ਤੇ ਦਰਬਾਰ ਵਿਚ ਵੀ ਬਾਦਸ਼ਾਹ ਤੇ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ। 1632 ਵਿਚ ਜਦੋਂ ਸ਼ਾਹ ਜਹਾਨ ਕਸ਼ਮੀਰ ਤੋਂ ਵਾਪਸ ਆ ਰਿਹਾ ਸੀ ਤਾਂ ਉਸ ਨੂੰ ਪਤਾ ਲੱਗਾ ਕਿ ਰਜੌਰੀ-ਭਿੰਬਰ ਤੇ ਗੁਜਰਾਤ ਦੇ ਕੁਝ ਹਿੰਦੂਆਂ ਨੇ ਮੁਸਲਮਾਨ ਕੁੜੀਆਂ ਨਾਲ ਸ਼ਾਦੀ ਕਰ ਲਈ ਹੈ ਅਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਵੀ ਸ਼ਾਮਲ ਕਰ ਲਿਆ ਹੈ। ਬਾਦਸ਼ਾਹ ਨੇ ਅਜਿਹੀਆਂ ਸ਼ਾਦੀਆਂ ਨੂੰ ਰੋਕ ਦਿੱਤਾ ਅਤੇ ਜਿਨ੍ਹਾਂ ਮੁਸਲਮਾਨ ਔਰਤਾਂ ਦੀ ਪਹਿਲਾਂ ਹੀ ਸ਼ਾਦੀ ਹੋ ਚੁੱਕੀ ਸੀ ਉਨ੍ਹਾਂ ਦੇ ਪਤੀਆਂ ਤੋਂ ਖੋਹ ਲਿਆ ਗਿਆ ਤੇ ਪਤੀਆਂ ਨੂੰ ਜੁਰਮਾਨੇ ਕੀਤੇ ਤੇ ਕਈਆਂ ਨੂੰ ਫਾਂਸੀ ਵੀ ਦਿੱਤੀ ਗਈ। ਪੰਜਾਬ ਵਿਚ ਤਿੰਨ ਮੰਦਰ ਢਾਹ ਦਿੱਤੇ ਗਏ ਉਨ੍ਹਾਂ ਦੀ ਥਾਂ ਮਸੀਤਾਂ ਬਣਾ ਦਿੱਤੀਆਂ ਗਈਆਂ। ਲਾਹੌਰ ਦੇ ਡੱਬੀ ਬਾਜ਼ਾਰ ਵਿਚ ਸਥਿਤ ਬਾਉਲੀ, ਕਚਰੇ ਦੀ ਗੰਦਗੀ ਨਾਲ ਭਰਵਾ ਦਿੱਤੀ ਗਈ ਤੇ ਉਸ ਨਾਲ ਲਗਦੀ ਲੰਗਰ ਦੀ ਇਮਾਰਤ ਮਸੀਤ ਵਿਚ ਬਦਲ ਦਿੱਤੀ ਗਈ।

ਅਜਿਹੀ ਮਾਨਸਿਕ ਬਣਤਰ ਵਾਲੇ ਬਾਦਸ਼ਾਹ ਲਈ ਇਹ ਸਾਫ ਹੀ ਸੀ ਕਿ ਉਹ ਗੁਰੂ ਹਰਗੋਬਿੰਦ ਦੀਆਂ ਗਤੀਵਿਧੀਆਂ (ਜੋ ਧਾਰਮਿਕ ਤੇ ਫੌਜੀ, ਦੋਵਾਂ ਖੇਤਰਾਂ ਵਿਚ ਅੱਗੇ ਵਧ ਗਈਆਂ ਸਨ) ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਬਹੁਤ ਮਾਮੂਲੀ ਮਾਮਲਿਆਂ ਤੇ ਮੁਗ਼ਲ ਸਰਕਾਰ ਨੇ ਗੁਰੂ ਜੀ ਨਾਲ ਲੜਾਈ ਛੇੜ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਨੂੰ ਸ਼ਾਹੀ ਫੌਜਾਂ ਵਿਰੁੱਧ ਚਾਰ ਲੜਾਈਆਂ ਲੜਨੀਆਂ ਪਈਆਂ। ਭਾਵੇਂ ਇਨ੍ਹਾਂ ਲੜਾਈਆਂ ਵਿਚ ਗੁਰੂ ਸਾਹਿਬ ਦਾ ਪਲੜਾ ਭਾਰੀ ਰਿਹਾ ਪਰ ਐਨੀ ਵੱਡੀ ਸਰਕਾਰ ਦੇ ਖਿਲਾਫ਼ ਲਗਾਤਾਰ ਸੰਘਰਸ਼ ਜਾਰੀ ਰੱਖਣਾ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ। ਇਸ ਲਈ ਕਰਤਾਰਪੁਰ ਦੀ ਲੜਾਈ ਤੋਂ ਬਾਦ ਉਹ (ਗੁਰੂ) ਫਗਵਾੜੇ ਚਲੇ ਗਏ ਪਰ ਕਿਉਂਕਿ ਇਹ ਸਥਾਨ ਵੀ ਲਾਹੌਰ ਤੋਂ ਬਹੁਤਾ ਦੂਰ ਨਹੀਂ ਸੀ ਇਸ ਲਈ ਉਨ੍ਹਾਂ ਦਾ ਇਥੇ ਠਹਿਰਨਾ ਵੀ ਮੁਸ਼ਕਲ ਸੀ ਤੇ ਤੇਜ਼ੀ ਨਾਲ ਪੰਜਾਬ ਦੇ ਪਹਾੜੀ ਇਲਾਕੇ ਵਿਚ ਸਥਿਤ ਕੀਰਤਪੁਰ ਚਲੇ ਗਏ ਅਤੇ ਉਥੇ ਹੀ ਆਪਣੀ ਬਾਕੀ ਜ਼ਿੰਦਗੀ ਬਤੀਤ ਕੀਤੀ। ਗੁਰੂ ਹਰਗੋਬਿੰਦ ਤੋਂ ਬਾਦ ਹਰ ਰਾਏ ਗੁਰਗੱਦੀ ਤੇ ਬੈਠੇ ਤੇ ਉਨ੍ਹਾਂ ਨੇ ਸ਼ਾਂਤੀ ਦੀ ਨੀਤੀ ਅਪਣਾਈ ਤੇ ਇਸ ਲਈ ਸ਼ਾਹ ਜਹਾਨ ਨੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਾ ਕੀਤੀ।

**ਗੁਰੂ ਹਰ ਰਾਏ ਜੀ ਤੇ ਔਰੰਗਜ਼ੇਬ :**

ਇਸ ਤੋਂ ਅਗਲੇ ਗੁਰੂ ਸਨ ਹਰ ਰਾਏ। ਉਹ ਦਾਰਾ ਸ਼ਿਕੋਹ ਨਾਲ ਮਿੱਤ੍ਰਤਾ ਪੂਰਨ ਸਬੰਧ ਰੱਖਦੇ ਸਨ ਜੋ ਕਿ ਸ਼ਾਹ ਜਹਾਨ ਦਾ ਜੇਠਾ ਪੁੱਤਰ ਸੀ। ਦਾਰਾ ਇਕ ਸੂਫ਼ੀ ਤੇ ਸਿੱਖ ਧਰਮ ਦਾ ਬਹੁਤ ਪ੍ਰਸ਼ੰਸਕ ਸੀ। ਕੁਝ ਇਤਿਹਾਸਕਾਰਾਂ ਅਨੁਸਾਰ ਸ਼ਹਿਜ਼ਾਦਾ ਦਾਰਾ, 1658 ਵਿਚ, ਜਦੋਂ ਔਰੰਗਜ਼ੇਬ ਦੀ ਫੌਜ ਵਲੋਂ ਤੇਜ਼ੀ ਨਾਲ ਪਿੱਛਾ ਕੀਤਾ ਜਾ ਰਿਹਾ ਸੀ ਤਾਂ ਉਹ ਗੁਰੂ ਜੀ ਕੋਲ ਗੋਇੰਦਵਾਲ ਪਹੁੰਚ ਗਿਆ ਤੇ ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਨੂੰ ਆਪਣੇ ਫੜੇ ਜਾਣ ਤੋਂ ਬਚਾਉਣ ਲਈ ਬੇਨਤੀ ਕੀਤੀ। ਗੁਰੂ ਜੀ ਆਪਣੀ ਇਕ ਟੁਕੜੀ ਬਿਆਸ ਦਰਿਆ ਦੇ ਲਾਗੇ ਤੇ ਸ਼ਾਹੀ ਫੌਜ ਨੂੰ ਰੋਕਣ ਲਈ ਭੇਜੀ ਪਰ ਗੁਰੂ ਹਰ ਰਾਏ ਜੀ ਦੇ ਚਰਿੱਤਰ ਅਤੇ ਉਨ੍ਹਾਂ ਦੀ ਸ਼ਾਂਤੀ ਪੂਰਨ ਨੀਤੀ ਨੂੰ ਵੇਖਦਿਆਂ ਇਸ ਕਥਨ ਦੀ ਪੁਸ਼ਟੀ ਕਰਨੀ ਬਹੁਤ ਕਠਿਨ ਹੈ ਅਤੇ ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਗੁਰੂ ਹਰ ਰਾਏ ਜੀ ਨੂੰ ਆਪਣੇ ਦਾਦਾ ਜੀ ਵਲੋਂ ਇਹ ਨਸੀਹਤ ਸੀ ਕਿ ਮੁਗ਼ਲ ਸਰਕਾਰ ਵਿਰੁੱਧ ਲੜਨਾ ਨਹੀਂ।

ਔਰੰਗਜ਼ੇਬ 1658 ਈ. ਵਿਚ ਤਖ਼ਤ ਤੇ ਬੈਠਿਆ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਦਿੱਤਾ ਸੀ ਤੇ ਆਪਣੇ ਭਰਾਵਾਂ ਤੇ ਕਬੀਲੇ ਦੇ ਬਾਕੀ ਲੋਕਾਂ ਨੂੰ ਕਤਲ ਕਰਵਾ ਦਿੱਤਾ ਸੀ। ਰਾਜਗੱਦੀ ਨੂੰ ਸੰਭਾਲਣ ਤੋਂ ਪਿਛੋਂ ਉਸ ਨੇ ਗੁਰੂ ਨੂੰ ਆਪਣੇ ਸਾਹਮਣੇ ਪੇਸ਼ ਹੋਣ ਲਈ ਕਿਹਾ। ਉਸ ਦਾ ਅਸਲ ਮੰਤਵ ਤਾਂ ਸਿੱਖ ਧਰਮ ਵਿਚ ਕੋਈ ਅਜਿਹੀ ਚੀਜ਼ ਲੱਭਣਾ ਸੀ ਜੋ ਇਸਲਾਮ ਦੇ ਖਿਲਾਫ਼ ਹੋਵੇ ਤੇ ਫਿਰ ਗੁਰੂ ਜੀ ਤੇ ਮੁਕੱਦਮਾ ਚਲਾਉਣ ਦੇ ਲਈ ਇਸੇ ਗੱਲ ਨੂੰ ਬਹਾਨੇ ਦੇ ਤੌਰ ਤੇ ਵਰਤਿਆ ਜਾ ਸਕੇ। ਗੁਰੂ ਜੀ ਨੇ ਆਪ ਦੀ ਥਾਂ ਆਪਣੇ ਵੱਡੇ ਪੁੱਤਰ ਨੂੰ ਭੇਜ ਦਿੱਤਾ ਜਿਸ ਦਾ ਨਾਮ ਰਾਮ ਰਾਏ ਸੀ ਤਾਂ ਕਿ ਉਹ ਬਾਦਸ਼ਾਹ ਦੀ ਤਸੱਲੀ ਕਰਵਾ ਸਕੇ। ਰਾਮ ਰਾਏ ਬਾਦਸ਼ਾਹ ਦੀ ਤਸੱਲੀ ਕਰਾਉਣ ਦੀ ਬਜਾਏ ਆਪ ਹੀ ਉਸ ਨਾਲ ਮਿਲ ਗਿਆ। ਅਸਲ ਵਿਚ ਔਰੰਗਜ਼ੇਬ ਇਕ ਗੁੱਝੀ ਚਾਲ ਚਲ ਕੇ ਸਿੱਖ ਧਰਮ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ ਤੇ ਇਸ ਮੰਤਵ ਦੀ ਪੂਰਤੀ ਲਈ ਰਾਮ ਰਾਏ ਉਸ ਨੂੰ ਇਕ ਚੰਗਾ ਹਥਿਆਰ ਮਿਲ ਗਿਆ ਸੀ ਕਿਉਂਕਿ ਉਸ ਨੇ ਕਰਾਮਾਤਾਂ ਵਿਖਾਈਆਂ ਸਨ ਤੇ ਔਰੰਗਜ਼ੇਬ ਦੇ ਕ੍ਰੋਧ ਤੋਂ ਬਚਣ ਲਈ ਆਸਾ ਦੀ ਵਾਰ ਵਿਚ ਦਿੱਤੇ ਇਕ ਸਲੋਕ ਵਿਚ ਮੁਸਲਮਾਨ ਸ਼ਬਦ ਦੀ ਥਾਂ ਬੇਈਮਾਨ' ਸ਼ਬਦ ਦੀ ਵਰਤੋਂ ਕੀਤੀ ਸੀ। ਇਸੇ ਕਰਕੇ ਗੁਰੂ ਹਰ ਰਾਏ ਨੇ ਗੁਰਗੱਦੀ ਵਰਗੀ ਮਹਾਨ ਜ਼ਿੰਮੇਵਾਰੀ ਲਈ ਰਾਮ ਰਾਏ ਨੂੰ ਅਯੋਗ ਕਰਾਰ ਦੇ ਦਿੱਤਾ ਅਤੇ (ਆਪਣੇ) ਛੋਟੇ ਪੁੱਤਰ ਸ੍ਰੀ ਹਰ ਕ੍ਰਿਸ਼ਨ ਨੂੰ ਆਪਣਾ ਉਤਰਾਧਿਕਾਰੀ ਥਾਪ ਦਿੱਤਾ।

**ਗੁਰੂ ਹਰਿ ਕ੍ਰਿਸ਼ਨ ਜੀ ਤੇ ਔਰੰਗਜ਼ੇਬ :**

ਅਕਤੂਬਰ 1661 ਵਿਚ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਗੁਰੂ ਹਰਿ ਕ੍ਰਿਸ਼ਨ ਜੀ ਨੇ ਗੁਰਗੱਦੀ ਸੰਭਾਲੀ। ਔਰੰਗਜ਼ੇਬ ਨੇ ਉਨ੍ਹਾਂ ਨੂੰ ਦਿੱਲੀ ਬੁਲਾਇਆ ਕਿਉਂਕਿ ਰਾਮ ਰਾਏ ਗੱਦੀ ਤੇ ਆਪਣਾ ਹੱਕ ਵਿਰਾਸਤ ਦੇ ਆਧਾਰ ਤੇ ਸਮਝਦਾ ਸੀ। ਮੁਗ਼ਲ ਸਮਰਾਟ ਔਰੰਗਜ਼ੇਬ ਵਲੋਂ ਗੁਰੂ ਹਰਿ ਕ੍ਰਿਸ਼ਨ ਨੂੰ ਗੱਦੀ ਤੇ ਆਪਣੇ ਦਾਅਵੇ ਦਾ ਪੱਖ ਪੇਸ਼ ਕਰਨ ਲਈ ਕਿਹਾ ਗਿਆ। ਗੁਰੂ ਜੀ ਦਿੱਲੀ ਗਏ ਅਤੇ ਮਿਰਜ਼ਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ। ਬਾਦ ਵਿਚ ਮੁਗ਼ਲ ਸਮਰਾਟ ਇਸ ਗੱਲ ਨਾਲ ਸੰਤੁਸ਼ਟ ਹੋ ਗਿਆ ਕਿ ਗੁਰੂ ਹਰ ਰਾਏ ਦੀ ਚੋਣ ਯੋਗ ਸੀ। ਇਸ ਲਈ ਰਾਮ ਰਾਏ ਦੀ ਬੇਨਤੀ ਰੱਦ ਕਰ ਦਿੱਤੀ ਗਈ।

**ਗੁਰੂ ਤੇਗ਼ ਬਹਾਦਰ ਤੇ ਔਰੰਗਜ਼ੇਬ :**

ਦਿੱਲੀ ਵਿਖੇ ਹੀ ਗੁਰੂ ਹਰਿ ਕ੍ਰਿਸ਼ਨ ਜੋਤੀ ਜੋਤ ਸਮਾ ਗਏ। ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਬਣੇ (1664–75) ਤੇ ਇਸ ਕਾਲ ਵਿਚ ਸਿੱਖ ਗੁਰੂਆਂ ਤੇ ਮੁਗ਼ਲ ਸਬੰਧਾਂ ਦਾ ਇਕ ਨਵਾਂ ਕਾਂਡ ਸ਼ੁਰੂ ਹੋਇਆ। ਇਹ ਗੱਲ ਸਮਝਣੀ ਮੁਸ਼ਕਿਲ ਹੈ ਕਿ ਗੁਰੂ ਹਰਿ ਕ੍ਰਿਸ਼ਨ ਦੇ ਸਮੇਂ ਔਰੰਗਜ਼ੇਬ ਨੇ ਸਿੱਖਾਂ ਦੇ ਵਿਰੁੱਧ ਕੋਈ ਨਿਰਣਾਕਾਰੀ ਕਦਮ ਕਿਉਂ ਨਹੀਂ ਚੁੱਕਿਆ।

ਸੰਭਵ ਹੈ ਕਿ ਉਹ ਸਿੱਖਾਂ ਦੇ ਆਪਸੀ ਸਬੰਧ ਵਿਗਾੜ ਕੇ ਹੀ ਸੰਤੁਸ਼ਟ ਸੀ। ਪਰ ਇਸ ਦੇ ਨਾਲ ਇਹ ਤੱਥ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਇਸਲਾਮ ਤੋਂ ਬਿਨਾਂ, ਬਾਕੀ ਧਰਮਾਂ ਦੇ ਵਾਂਗ ਸਿੱਖ ਧਰਮ ਵੀ ਅਸਹਿਨਸ਼ੀਲ ਔਰੰਗਜ਼ੇਬ ਲਈ ਵਿਰੋਧੀ ਧਰਮ ਸੀ। ਇਸੇ ਕਾਰਨ ਗੁਰੂ ਤੇਗ਼ ਬਹਾਦਰ ਦੀਆਂ ਗਤੀਵਿਧੀਆਂ ਤੇ ਮੁਗ਼ਲ ਸਰਕਾਰ ਵਲੋਂ ਬਹੁਤ ਚੌਕਸੀ ਤੇ ਨਜ਼ਦੀਕੀ ਨਜ਼ਰ ਰੱਖੀ ਗਈ। ਗੁਰਗੱਦੀ ਤੇ ਬੈਠਣ ਤੋਂ ਥੋੜੀ ਦੇਰ ਬਾਦ ਹੀ ਗੁਰੂ ਤੇਗ਼ ਬਹਾਦਰ ਨੇ ਗੁਰੂ ਨਾਨਕ ਅਤੇ ਗੁਰੂ ਹਰਗੋਬਿੰਦ ਵਾਂਗ 1665 ਤੇ 1670 ਵਿਚ ਭਾਰਤ ਦੇ ਪੂਰਬੀ ਸੂਬਿਆਂ ਦਾ ਇਕ ਲੰਮਾ ਪ੍ਰਚਾਰਕ ਦੌਰਾ ਸ਼ੁਰੂ ਕਰ ਦਿੱਤਾ। ਜਦੋਂ ਗੁਰੂ ਜੀ ਧਮਧਾਨ ਪਹੁੰਚੇ ਤਾਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਪਰ ਬਾਦਸ਼ਾਹ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਪੇਸ਼ ਹੋਣ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਜੀ ਨੇ ਇਸ ਹੁਕਮ ਵੱਲ ਕੋਈ ਧਿਆਨ ਨਾ ਦਿੱਤਾ ਤੇ ਆਪਣਾ ਕੰਮ ਜਾਰੀ ਰੱਖਿਆ। ਹੁਣੇ ਲੱਭੀ ਭੱਟਵਹੀ ਦੇ ਅਨੁਸਾਰ ਬਾਦਸ਼ਾਹ ਨੇ ਆਲਮ ਖਾਨ ਪਠਾਨ ਨੂੰ ਗੁਰੂ ਸਾਹਿਬ ਨੂੰ ਫੜਨ ਲਈ ਭੇਜਿਆ। ਉਸ ਨੇ ਗੁਰੂ ਸਾਹਿਬ ਨੂੰ ਫੜ ਕੇ ਪੇਸ਼ ਕਰ ਦਿੱਤਾ ਪਰ ਮੁਗ਼ਲ ਦਰਬਾਰ ਦਾ ਇਕ ਪ੍ਰਭਾਵੀ ਰਾਜਪੂਤ ਰਾਮ ਸਿੰਘ ਜੇਕਰ ਗੁਰੂ ਜੀ ਦੀ ਜ਼ਮਾਨਤ ਨਾ ਦਿੰਦਾ ਤਾਂ ਹੋ ਸਕਦਾ ਸੀ ਕਿ ਗੁਰੂ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ। ਉਸ ਨੇ ਬਾਦਸ਼ਾਹ ਤੇ ਪ੍ਰਭਾਵ ਪਾਇਆ ਕਿ ਗੁਰੂ ਜੀ ਇਕ ਸੰਤ ਹਨ ਤੇ ਉਨ੍ਹਾਂ ਨੂੰ ਸਜ਼ਾ ਦੇਣਾ ਬਾਦਸ਼ਾਹ ਨੂੰ ਸ਼ੋਭਾ ਨਹੀਂ ਦਿੰਦਾ। ਇਸ ਤੋਂ ਬਾਦ ਗੁਰੂ ਜੀ ਨੇ ਆਪਣੀ ਪੂਰਬ ਯਾਤਰਾ ਅਟੁੱਟ ਜਾਰੀ ਰੱਖੀ।

ਔਰੰਗਜ਼ੇਬ 1666 ਈ. ਤੱਕ ਬਿਲਕੁਲ ਸੁਰੱਖਿਅਤ ਹੋ ਗਿਆ ਸੀ। ਉਸ ਨੇ ਆਪਣੇ ਹੱਕੀਆਂ (ਰਾਜ ਗੱਦੀ ਦੇ ਦਾਅਵੇਦਾਰਾਂ) ਦਾ ਸਫਾਇਆ ਕਰ ਦਿੱਤਾ ਸੀ। ਹੁਣ ਉਹ ਉਸ ਰਸਤੇ ਤੇ ਚਲਣਾ ਚਾਹੁੰਦਾ ਸੀ ਜੋ ਉਸ ਦੇ ਦਿਲ ਨੂੰ ਪਿਆਰਾ ਸੀ। ਉਸ ਨੇ ਅਜਿਹਾ ਹੀ ਸ਼ੁਰੂ ਕਰ ਦਿੱਤਾ। ਨਕਸ਼ਬੰਦੀਆਂ ਦੇ ਮੁੱਖ ਅੱਡੇ ਸਰਹੰਦ ਵਿਖੇ ਉਸ ਨੇ ਇਕ ਮਦਰੱਸਾ ਖੁਲ੍ਹਵਾਇਆ ਤੇ ਕੁਦਰਤੀ ਤੌਰ ਤੇ ਉਹ ਉਸ ਜੋਸ਼ ਨਾਲ ਭਰਪੂਰ ਸੀ ਜੋ ਵਾਤਾਵਰਣ ਵਿਚ ਭਰਪੂਰ ਸੀ। ਉਹ ਨਕਸ਼ਬੰਦੀਆਂ ਦੇ ਮੁਖੀ ਦੇ ਪ੍ਰਭਾਵ ਅਧੀਨ ਆ ਗਿਆ ਸੀ ਅਤੇ ਆਪਣੇ ਸਲਾਹਕਾਰ ਅਨੁਸਾਰ ਇਸਲਾਮ ਨੂੰ ਮੁੜ ਸੁਰਜੀਤ ਕਰਨਾ ਚਾਹੁੰਦਾ ਸੀ। ਉਹ ਭਾਰਤ ਨੂੰ ਇਸਲਾਮ ਦੀ ਧਰਤੀ (ਦਾਰੁਲ-ਇਸਲਾਮ) ਬਣਿਆ ਵੇਖਣਾ ਚਾਹੁੰਦਾ ਹੈ। ਇਹ ਨੀਤੀ ਉਸ ਦੇ ਰਾਜਨੀਤਿਕ ਹਿੱਤਾਂ ਲਈ ਵੀ ਠੀਕ ਸੀ। ਇਸ ਨੇ ਲੋਕਾਂ ਦਾ ਧਿਆਨ ਉਸ ਦੁਆਰਾ ਕੀਤੇ ਕਤਲਾਂ ਵਲੋਂ ਹਟਾ ਦਿੱਤਾ। ਇਸ ਦੇ ਨਾਲ ਹੀ ਸੁੰਨੀ ਮੁਸਲਮਾਨ ਉਸ ਨਾਲ ਸਹਿਮਤ ਹੋ ਗਏ ਤੇ ਬਾਦਸ਼ਾਹ ਪੂਰੀ ਸੁੰਨੀ ਜਨਤਾ ਨੂੰ ਆਪਣੇ ਹੱਕ ਵਿਚ ਜਿੱਤਣ ਲਈ ਕਾਮਯਾਬ ਹੋ ਗਿਆ। ਉਸਨੇ ਅਪ੍ਰੈਲ 1699 ਵਿਚ ਸੂਬਿਆਂ ਦੇ ਸਾਰੇ ਗਵਰਨਰਾਂ ਨੂੰ ਹੁਕਮ ਜਾਰੀ ਕੀਤਾ ਕਿ ਹਰ ਥਾਂ ਬੇਈਮਾਨ ਕਾਫ਼ਰਾਂ ਦੇ ਸਭ ਸਕੂਲ ਤੇ ਮੰਦਰ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਜਾਣ। ਇਨ੍ਹਾਂ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਗਈ।

ਬਾਦਸ਼ਾਹ ਦੇ ਇਨ੍ਹਾਂ ਹੁਕਮਾਂ ਦਾ ਅਸਰ ਸਾਰੇ ਦੇਸ਼ ਉੱਤੇ ਪਿਆ ਤੇ ਖਾਫ਼ੀ ਖਾਨ ਦੇ ਮੁੰਤਖਿਬ-ਉਲ-ਲੁਬਾਬ ਅਨੁਸਾਰ ਸਿੱਖਾਂ ਨੂੰ ਵੀ ਇਸ ਦਾ ਸ਼ਿਕਾਰ ਹੋਣਾ ਪਿਆ। ਸਿੱਖਾਂ ਬਾਰੇ ਸੂਚਨਾ ਮਿਲਣ ਤੇ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਉਨ੍ਹਾਂ ਦੇ ਪ੍ਰਤੀਨਿਧਾਂ ਜਾਂ ਪੁਜਾਰੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ ਅਤੇ ਪੂਜਾ ਦੇ ਅਸਥਾਨ ਢਾਹ ਦਿੱਤੇ ਜਾਣ। ਬਾਦਸ਼ਾਹ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਤੇ ਸਥਾਨਕ ਕਾਜੀ ਦੀ ਸਲਾਹ ਨਾਲ ਪਰਗਨਾ ਖਿਜਰਾਬਾਦ ਦੇ ਸ਼ਹਿਰ

ਬੁਰੀਆਂ ਜੋ ਕਿ ਸੂਬਾ ਸਰਹੰਦ ਦੀ ਸਰਕਾਰ ਵਿਚ ਪੈਂਦਾ ਸੀ, ਸਿੱਖ ਮੰਦਰ ਢਾਹ ਦਿੱਤਾ ਗਿਆ ਤੇ ਉਸ ਦੀ ਥਾਂ ਮਸੀਤ ਉਸਾਰ ਦਿੱਤੀ ਗਈ।

ਇਸ ਸਮੇਂ ਗੁਰੂ ਤੇਗ਼ ਬਹਾਦਰ ਆਪਣਾ ਪ੍ਰਚਾਰਕ ਦੌਰਾ ਜਾਰੀ ਰੱਖਦੇ ਹੋਏ ਆਸਾਮ ਵਿਚ ਸਨ। ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਬੜਾ ਦੁੱਖ ਹੋਇਆ। ਉਨ੍ਹਾਂ ਨੇ ਆਪਣੇ ਕੇਂਦਰ ਅਜਿਹੇ ਹਾਲਾਤ ਵਿਚ ਜਦੋਂ ਕਿ ਉਨ੍ਹਾਂ ਦੇ ਲੋਕ ਸਰਕਾਰ ਦੇ ਜ਼ੁਲਮ ਸਹਿ ਰਹੇ ਹੋਣ, ਦੂਰ ਰਹਿਣਾ ਠੀਕ ਨਹੀਂ ਲੱਗਿਆ। ਉਹ ਬਹੁਤ ਤੇਜ਼ੀ ਨਾਲ ਪੰਜਾਬ ਪਰਤੇ ਅਤੇ ਮਾਲਵਾ ਬਾਂਗਰ ਪ੍ਰਦੇਸ਼ਾਂ ਵੱਲ ਆਪਣਾ ਪ੍ਰਚਾਰਕ ਦੌਰਾ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਿਸ਼ਵਾਸ ਦੁਆਇਆ ਕਿ ਗੁਰੂ ਉਨ੍ਹਾਂ ਦੇ ਨਾਲ ਹੈ। ਦੇਸ਼ ਦੇ ਸਾਰੇ ਭਾਗਾਂ ਵਿਚੋਂ ਸਿੱਖ ਦਰਸ਼ਨਾਂ ਲਈ ਆਉਂਦੇ ਉਨ੍ਹਾਂ ਦੀਆਂ ਧਾਰਮਿਕ ਸਭਾਵਾਂ ਵਿਚ ਬਹੁਤ ਜ਼ਿਆਦਾ ਗਿਣਤੀ ਵਿਚ ਸ਼ਰਧਾਲੂ ਆਉਂਦੇ ਤੇ ਖਾਸ ਕਰਕੇ ਤਿਉਹਾਰਾਂ ਦੇ ਮੌਕਿਆਂ ਤੇ ਜਦੋਂ ਕਿ ਬਹੁਤ ਮਾਤਰਾ ਵਿਚ ਗੁਰੂ ਨੂੰ ਭੇਟਾ ਦਿੱਤੀ ਜਾਂਦੀ।

ਉਨ੍ਹਾਂ ਹੀ ਦਿਨਾਂ ਵਿਚ ਇਕ ਹੋਰ ਘਟਨਾ ਵਾਪਰੀ ਜਿਸ ਨੇ ਬਾਦਸ਼ਾਹ ਦਾ ਸ਼ੱਕ ਪੱਕਾ ਕਰ ਦਿੱਤਾ। ਕਸ਼ਮੀਰੀ ਪੰਡਤਾਂ ਦਾ ਇਕ ਜੱਥਾ ਗੁਰੂ ਤੇਗ ਬਹਾਦਰ ਸਾਹਿਬ ਕੋਲ ਆਨੰਦਪੁਰ ਸਾਹਿਬ ਪਹੁੰਚਿਆ। ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜਬਰਦਸਤੀ ਇਸਲਾਮ ਧਾਰਨ ਕਰਨ ਲਈ ਸਰਕਾਰ ਵਲੋਂ ਤਸੀਹੇ ਦੇ ਕੇ ਮਜ਼ਬੂਰ ਕੀਤਾ ਜਾ ਰਿਹਾ ਹੈ, ਇਸ ਲਈ ਸਾਡੀ ਰੱਖਿਆ ਕੀਤੀ ਜਾਵੇ। ਇਸ ਪ੍ਰਤੀਨਿਧ ਮੰਡਲ ਦੀ ਅਗਵਾਈ ਮਟਨ (ਕਸ਼ਮੀਰ ਨਿਵਾਸੀ) ਕਿਰਪਾ ਰਾਮ ਕਰ ਰਿਹਾ ਸੀ। ਕਿਰਪਾ ਰਾਮ ਗੁਰੂ ਜੀ ਦਾ ਜਾਣੂ ਸੀ। ਗੁਰੂ ਜੀ ਨੇ ਹਮਦਰਦੀ ਨਾਲ ਉਨ੍ਹਾਂ ਦੀ ਵਿਥਿਆ ਸੁਣੀ ਤੇ ਉਹ ਡੂੰਘੀ ਸੋਚ ਵਿਚਾਰ ਵਿਚ ਡੁੱਬ ਗਏ ਅਤੇ ਮੁਆਮਲੇ ਨੂੰ ਪੂਰੀ ਤਰ੍ਹਾਂ ਵਿਚਾਰਨ ਤੋਂ ਬਾਦ ਉਨ੍ਹਾਂ ਕਿਹਾ ਇਸ ਸਮੇਂ ਕਿਸੇ ਮਹਾਂਪੁਰਸ਼ ਦੇ ਬਲੀਦਾਨ ਨਾਲ ਹੀ ਲੋਕਾਂ ਦੇ ਦੁਖ ਦੂਰ ਹੋ ਸਕਦੇ ਹਨ। ਇਸ ਵੇਲੇ ਗੁਰੂ ਸਾਹਿਬ ਦੇ ਸਪੁੱਤਰ ਗੋਬਿੰਦ ਰਾਏ ਜੋ ਉਸ ਸਮੇਂ ਉਥੇ ਹੀ ਬੈਠੇ ਸਨ, ਤੁਰੰਤ ਬੋਲ ਉੱਠੇ, "ਪਿਤਾ ਜੀ ਇਸ ਪਵਿੱਤਰ ਅਤੇ ਸ਼ਰੇਸ਼ਟ ਕਾਰਜ ਲਈ ਤੁਹਾਡੇ ਤੋਂ ਵੱਧ ਕੇ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ ?" ਇਹ ਗੱਲ ਸੁਣ ਕੇ ਗੁਰੂ ਸਾਹਿਬ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਦਾ ਸਪੁੱਤਰ ਸਿੱਖਾਂ ਦੀ ਅਗਵਾਈ ਕਰਨ ਵਿਚ ਪੂਰੀ ਤਰ੍ਹਾਂ ਯੋਗ ਸਿੱਧ ਹੋਵੇਗਾ। ਇਸ ਲਈ ਉਨ੍ਹਾਂ ਨੇ ਆਤਮ ਬਲੀਦਾਨ ਦੇਣ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਨੇ ਕਿਰਪਾ ਰਾਮ ਤੇ ਬਾਕੀ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਮੁਗ਼ਲ ਕਰਮਚਾਰੀਆਂ ਨੂੰ ਜਾ ਕੇ ਸਾਫ਼ ਸਾਫ਼ ਕਹਿ ਦੇਣ ਕਿ, "ਸਾਡੇ ਗੁਰੂ ਤੇਗ਼ ਬਹਾਦਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ ਅਤੇ ਉਹ ਹਿੰਦੂ ਧਰਮ ਦੇ ਰਾਖੇ ਹਨ। ਪਹਿਲਾਂ ਉਨ੍ਹਾਂ ਨੂੰ ਮੁਸਲਮਾਨ ਬਣਾਉ ਅਤੇ ਫੇਰ ਅਸੀਂ ਸਾਰੇ ਇਸਲਾਮ ਧਰਮ ਕਬੂਲ ਕਰ ਲਵਾਂਗੇ।" ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਇਹ ਗੱਲ ਜਾ ਕੇ ਇਫਤਖਾਰ ਖ਼ਾਂ ਨੂੰ ਕਹਿ ਦਿੱਤੀ। ਛੇਤੀ ਇਹ ਗੱਲ ਔਰੰਗਜ਼ੇਬ ਤੱਕ ਪਹੁੰਚਾ ਦਿੱਤੀ ਗਈ।

ਗੁਰੂ ਜੀ ਦਾ ਕਸ਼ਮੀਰੀ ਪੰਡਤਾਂ ਦੀ ਬੇਨਤੀ ਤੇ ਹਮਦਰਦੀ ਭਰਿਆ ਹੁੰਗਾਰਾ ਤੇ ਉਨ੍ਹਾਂ ਦੇ ਲਈ ਮਹਾਨ ਕੁਰਬਾਨੀ ਲਈ ਤਿਆਰ ਹੋਣਾ ਇਤਿਹਾਸ ਵਿਚ ਇਕ ਅਦੁੱਤੀ ਉਦਾਹਰਣ ਹੈ। ਨਾ ਤਾਂ ਗੁਰੂ ਆਪ ਬ੍ਰਾਹਮਣ ਸੀ ਤੇ ਨਾ ਹੀ ਉਨ੍ਹਾਂ ਦੇ ਧਾਰਮਿਕ ਰਸਤੇ ਵਿਚ ਵਿਸ਼ਵਾਸ ਸੀ ਕਿਉਂਕਿ ਨਾ ਤਾਂ ਉਹ ਤਿਲਕ ਲਗਾਉਂਦੇ ਸਨ ਤੇ ਨਾ ਜਨੇਊ ਪਹਿਨਦੇ ਸਨ। ਸਿੱਖ ਧਰਮ ਵਿਚ ਇਨ੍ਹਾਂ ਲਈ ਕੋਈ ਥਾਂ ਨਹੀਂ ਹੈ। ਗੁਰੂ ਸਾਹਿਬ ਨੇ ਇਨ੍ਹਾਂ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਕੇ ਉਪਰੋਕਤ ਜ਼ੁਲਮ ਲਈ ਵਿਰੋਧ ਪ੍ਰਗਟ ਕੀਤਾ। ਉਹ ਮਰਜ਼ੀ ਨਾਲ ਇਸਲਾਮ ਧਾਰਨ ਕਰਨ ਦੇ ਵਿਰੁੱਧ ਨਹੀਂ ਸਨ। ਇਹ ਹਰ ਇਕ ਦਾ ਨਿੱਜੀ ਮਾਮਲਾ ਸੀ। ਪਰ ਜੇ ਕੋਈ ਇਹ ਕੰਮ ਲਈ ਜ਼ਬਰਦਸਤੀ ਕਰਦਾ ਹੈ ਤਾਂ ਸਿੱਖ ਆਚਰਣ ਦੇ ਅਨੁਸਾਰ ਇਸ ਦਾ ਵਿਰੋਧ ਕਰਨਾ ਜ਼ਰੂਰੀ ਹੈ। ਪਰੰਤੂ ਬਾਦਸ਼ਾਹ ਔਰੰਗਜ਼ੇਬ ਨੇ ਇਸ ਗੱਲ ਨੂੰ ਹੋਰ ਪਹਿਲੂ ਤੋਂ ਲਿਆ ਸੀ। ਉਸਦੀ ਸਿੱਖ ਧਰਮ ਨਾਲ ਪਹਿਲਾਂ ਹੀ ਕੋਈ ਹਮਦਰਦੀ ਨਹੀਂ ਸੀ ਤੇ ਹੁਣ ਮੂਰਤੀ ਪੂਜਕ ਬ੍ਰਾਹਮਣਾਂ ਨਾਲ ਗੁਰੂ ਜੀ ਨੇ ਹਮਦਰਦੀ ਪ੍ਰਗਟ ਕਰਕੇ ਉਸ ਦੇ ਮਨ ਵਿਚ ਪਹਿਲਾਂ ਹੀ ਭੜਕ ਰਹੀ ਅੱਗ ਵਿਚ ਹੋਰ ਤੇਲ ਪਾ ਦਿੱਤਾ।

ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਨੂੰ ਹੁਕਮ ਦਿੱਤਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗਿਰਫ਼ਤਾਰ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਵੇ। ਲਾਹੌਰ ਦੇ ਗਵਰਨਰ ਨੇ ਅੱਗੇ ਸਰਹੰਦ ਦੇ ਫੌਜਦਾਰ ਦਿਲਾਵਰ ਖ਼ਾਨ ਨੂੰ ਹੁਕਮ ਦਿੱਤਾ। ਦਿਲਾਵਰ ਖ਼ਾਨ ਨੇ ਰੋਪੜ ਹਲਕੇ ਦੇ ਕੋਤਵਾਲ ਨੂਰ ਮੁਹੰਮਦ ਮਿਰਜ਼ਾ ਨੂੰ (ਜਿਸ ਦੇ ਇਲਾਕੇ ਵਿਚ ਆਨੰਦਪੁਰ ਪੈਂਦਾ ਸੀ) ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਹੁਕਮਾਂ ਨੂੰ ਗੁਪਤ ਰੱਖਿਆ ਗਿਆ ਅਤੇ ਗੁਰੂ ਆਪਣੇ ਕੁਝ ਗਿਣਤੀ ਦੇ ਸਾਥੀਆਂ ਨਾਲ ਰੋਪੜ ਨੇੜੇ ਪਿੰਡ ਮਲਕਪੁਰ ਰੰਘੜਾ ਪਹੁੰਚੇ ਜਿਥੋਂ ਕਿ ਉਨ੍ਹਾਂ ਨੇ ਸਤਲੁਜ

ਦਰਿਆ ਪਾਰ ਕਰਕੇ ਅੱਗੇ ਜਾਣਾ ਸੀ। ਨੂਰ ਮੁਹੰਮਦ ਮਿਰਜ਼ੇ ਨੇ ਉਹਨਾਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਸਰਹੰਦ ਭੇਜ ਦਿੱਤਾ, ਜਿਥੇ ਆਪ ਨੂੰ ਲਗਭਗ ਸਾਢੇ ਤਿੰਨ ਮਹੀਨੇ ਨਜ਼ਰਬੰਦ ਰੱਖਿਆ ਗਿਆ। ਸ਼ਾਹੀ ਪਰਵਾਨਾ ਆਉਣ ਤੇ ਇਕ ਲੋਹੇ ਦੇ ਪਿੰਜਰੇ ਵਿਚ ਪਾ ਕੇ ਗੁਰੂ ਜੀ ਨੂੰ ਦਿੱਲੀ ਭੇਜ ਦਿੱਤਾ ਗਿਆ। ਉਨ੍ਹਾਂ ਨੂੰ 11 ਨਵੰਬਰ 1675 ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰਵਾ ਦਿੱਤਾ ਗਿਆ ਤੇ ਸਪੱਸ਼ਟ ਤੌਰ ਤੇ ਗੁਰੂ ਜੀ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦਾ ਸ਼ਿਕਾਰ ਹੋਏ। ਗੁਰੂ ਗੋਬਿੰਦ ਸਿੰਘ ਨੇ ਆਪਣੀ ਜੀਵਨੀ ਬਚਿੱਤਰ ਨਾਟਕ ਵਿਚ ਲਿਖਿਆ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਤਿਲਕ ਤੇ ਜਨੇਊ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ।

ਗੁਰੂ ਜੀ ਦੀ ਸ਼ਹੀਦੀ ਪੰਜਾਬ ਤੇ ਸਿੱਖ ਧਰਮ ਦੇ ਇਤਿਹਾਸ ਵਿਚ ਅਦੁੱਤੀ ਮਿਸਾਲ ਹੈ। ਇਸ ਨੇ ਲੋਕਾਂ ਦਾ ਧਿਆਨ ਉਸ ਗੱਲ ਵੱਲ ਖਿੱਚਿਆ ਜਿਸ ਦੇ ਲਈ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕੀਤੀ। ਇਹ ਕਾਰਨ ਸੀ – ਦੱਬੇ ਕੁਚਲੇ ਲੋਕਾਂ ਦੀ ਰੱਖਿਆ। ਸਿੱਖਾਂ ਨੂੰ ਆਪਣੇ ਗੁਰੂ ਦੁਆਰਾ ਚੁੱਕੇ ਕਦਮ ਤੇ ਗੌਰਵ ਸੀ। ਇਸ ਨੇ ਉਨ੍ਹਾਂ ਵਿਚ ਏਕਤਾ ਤੇ ਦ੍ਰਿੜ੍ਹਤਾ ਲਿਆਂਦੀ ਅਤੇ ਗੁਰੂ ਦੀ ਸਿੱਖਿਆ ਨੂੰ ਅਮਲੀ ਜਾਮਾ ਪਹਿਨਾਉਣ ਦਾ ਜੋਸ਼ ਭਰਿਆ।

ਆਪਣੇ ਪਿਤਾ ਜੀ ਦੀ ਮੌਤ ਤੋਂ ਬਾਦ 1675 ਈ. ਵਿਚ ਗੁਰੂ ਗੋਬਿੰਦ ਸਿੰਘ ਗੁਰਗੱਦੀ ਦੇ ਵਾਰਸ ਬਣੇ। ਪਿਤਾ ਦੀ ਸ਼ਹੀਦੀ ਦਾ ਉਨ੍ਹਾਂ ਤੇ ਡੂੰਘਾ ਅਸਰ ਪਿਆ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਲੋਕਾਂ ਨਾਲ ਤੇ ਉਨ੍ਹਾਂ ਨਾਲ ਇਕ ਬਹੁਤ ਭਾਰੀ ਜ਼ੁਲਮ ਕੀਤਾ ਗਿਆ ਹੈ। ਅਜਿਹੀਆਂ ਭਾਵਨਾਵਾਂ ਦੀ ਗੂੰਜ ਬਚਿੱਤਰ ਨਾਟਕ ਦੀਆਂ ਸਤਰਾਂ ਵਿਚੋਂ ਸੁਣੀ ਜਾ ਸਕਦੀ ਹੈ। ਆਪਣੀ ਇਕ ਸਤਰ ਵਿਚ ਉਹ ਲਿਖਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਉਦੇਸ਼ ਦੁਸ਼ਟਾਂ ਨੂੰ ਸਜ਼ਾ ਦੇਣਾ ਹੈ। ਮੁਗ਼ਲ ਸਰਕਾਰ ਦੇ ਸਾਰੇ ਭਾਰਤ ਦੀ ਜਨਤਾ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਮਜਬੂਰ ਕਰਨਾ ਇਕ ਅਜਿਹੀ ਹੀ ਬੁਰਾਈ ਸੀ ਜਿਸ ਦਾ ਟਾਕਰਾ ਕਰਨਾ ਜਰੂਰੀ ਸੀ। ਪਰੰਤੂ ਗੁਰੂ ਸਾਹਿਬ ਨੇ ਆਪਣੇ ਆਪ ਤੇ ਕਾਬੂ ਪਾਇਆ ਕਿਉਂਕਿ ਆਪਣੇ ਚੁਣੇ ਰਸਤੇ ਤੇ ਚਲਣ ਲਈ ਹਾਲੇ ਉਨ੍ਹਾਂ ਨੇ ਕਈ ਤਿਆਰੀਆਂ ਕਰਨੀਆਂ ਸਨ। ਉਨ੍ਹਾਂ ਨੇ ਆਪਣੇ ਉਪਦੇਸ਼ਾਂ ਤੇ ਫੌਜੀ ਸਿੱਖਿਆ ਰਾਹੀਂ ਆਪਣੇ ਸ਼ਾਗਿਰਦਾਂ ਵਿਚ ਮਾਨਵਤਾ ਪ੍ਰਤੀ ਉਨ੍ਹਾਂ ਦੇ ਹੱਕਾਂ ਤੇ ਫ਼ਰਜ਼ਾਂ ਤੋਂ ਜਾਣੂ ਕਰਵਾਇਆ। ਉਹ ਕੁਝ ਸਮੇਂ ਲਈ ਆਨੰਦਪੁਰ ਛੱਡ ਕੇ ਪਾਉਂਟਾ ਚਲੇ ਗਏ ਤਾਂ ਕਿ ਬੇਰੋਕ ਆਪਣੀ ਯੋਜਨਾ ਸਿਰੇ ਚੜ੍ਹਾ ਸਕਣ। ਇਨ੍ਹਾਂ ਪਹਾੜੀ ਰਾਜਿਆਂ ਦੇ ਮਨਾਂ ਵਿਚ ਇਹ ਸ਼ੱਕ ਉਤਪੰਨ ਹੋ ਗਿਆ ਕਿ ਜੇ ਕਰ ਗੁਰੂ ਜੀ ਨੂੰ ਸ਼ਾਂਤੀ ਨਾਲ ਰਹਿਣ ਦਿੱਤਾ ਗਿਆ ਤਾਂ ਉਹ ਉਨ੍ਹਾਂ ਦੀਆਂ ਰਿਆਸਤਾਂ ਲਈ ਗੰਭੀਰ ਖ਼ਤਰਾ ਪੈਦਾ ਕਰ ਦੇਣਗੇ। ਉਨ੍ਹਾਂ ਦੇ ਸਮਾਜਿਕ ਸਮਾਨਤਾ ਦੇ ਉਪਦੇਸ਼ ਅਤੇ ਇਕ ਰੱਬ ਵਿਚ ਭਰੋਸਾ ਲੋਕਾਂ ਵਿਚ ਜਾਗ੍ਰਤੀ ਲਿਆਵੇਗਾ ਤੇ ਲੋਕਾਂ ਨੂੰ ਸਾਰੇ ਪਹਾੜੀ ਰਾਜਿਆਂ ਵਿਰੁੱਧ ਬਗ਼ਾਵਤ ਕਰਨ ਲਈ ਮਜ਼ਬੂਰ ਕਰੇਗਾ। ਅਜਿਹੀ ਮਾਨਸਿਕ ਸਥਿਤੀ ਅਧੀਨ ਉਹ ਇਕੱਠੇ ਹੋ ਗਏ ਤੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਇਹ ਲੜਾਈ 1688 ਵਿਚ ਭੰਗਾਣੀ ਦੇ ਸਥਾਨ ਤੇ ਹੋਈ ਜਿਸ ਵਿਚ ਪਹਾੜੀ ਰਾਜਿਆਂ ਦੀ ਹਾਰ ਹੋਈ ਇਸ ਤੋਂ ਬਾਦ ਇਨ੍ਹਾਂ ਰਾਜਿਆਂ ਨੇ ਗੁਰੂ ਜੀ ਪ੍ਰਤੀ ਆਪਣਾ ਵਤੀਰਾ ਬਦਲ ਲਿਆ। ਉਹ ਘੱਟੋ ਘੱਟ ਕੁਝ ਸਮੇਂ ਲਈ ਉਨ੍ਹਾਂ ਦੇ ਪ੍ਰਸ਼ੰਸਕ ਬਣ ਗਏ। ਲੜਾਈ ਦੇ ਪਿਛੋਂ ਗੁਰੂ ਜੀ ਪਾਉਂਟੇ ਤੋਂ ਆਨੰਦਪੁਰ ਆ ਗਏ ਤੇ ਪਹਾੜੀ ਰਾਜਿਆਂ ਨੇ ਖੁਸ਼ੀ ਪ੍ਰਗਟ ਕੀਤੀ ਤੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਨੂੰ ਮੁਗ਼ਲਾਂ ਵਿਰੁੱਧ ਮਦਦ ਦਾ ਭਰੋਸਾ ਦਿਵਾਇਆ। ਭੀਮ ਚੰਦ ਤੇ ਕਈ ਹੋਰ ਪਹਾੜੀ ਰਾਜੇ ਗੁਰੂ ਸਾਹਿਬ ਦੇ ਮਿੱਤਰ ਬਣ ਗਏ। ਉਨ੍ਹਾਂ ਨੇ ਮੁਗ਼ਲ ਸਰਕਾਰ ਨੂੰ ਕਰ ਦੇਣਾ ਬੰਦ ਕਰ ਦਿੱਤਾ। ਇਨ੍ਹਾਂ ਪਹਾੜੀ ਰਾਜਿਆਂ ਤੇ ਗੁਰੂ ਜੀ ਦੇ ਵਿਰੁੱਧ ਅਲਿਫ਼ ਖਾਂ ਦੀ ਅਗਵਾਈ ਵਿਚ ਮੁਗ਼ਲ ਸੈਨਾ ਭੇਜੀ ਗਈ। 1690 ਵਿਚ ਹੋਈ ਨੰਦੌਣ ਦੀ ਲੜਾਈ ਵਿਚ ਗੁਰੂ ਜੀ ਨੇ ਪਹਾੜੀ ਰਾਜਿਆਂ ਦੇ ਨਾਲ ਮਿਲਕੇ ਸ਼ਾਹੀ ਫੌਜਾਂ ਦਾ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਕਰਾਰੀ ਹਾਰ ਦਿੱਤੀ। ਇਸ ਜਿੱਤ ਦਾ ਸਿਹਰਾ ਗੁਰੂ ਜੀ ਦੇ ਹੀ ਬੰਨਿਆਂ ਗਿਆ। ਨੰਦੌਣ ਵਿਚ ਸ਼ਾਹੀ ਫੌਜਾਂ ਦੀ ਹਾਰ ਨਾਲ ਤੇ ਗੁਰੂ ਦੀ ਨਿੱਤ ਵਧਦੀ ਸ਼ਕਤੀ ਨੂੰ ਵੇਖ ਕੇ ਸਰਹੰਦ ਦੇ ਸੂਬੇਦਾਰ ਨੇ ਇਸ ਮਾਮਲੇ ਦੀ ਸੂਚਨਾ ਬਾਦਸ਼ਾਹ ਨੂੰ ਦੇਣੀ ਜ਼ਰੂਰੀ ਸਮਝੀ। ਇਹ ਗੱਲ ਰਿਕਾਰਡ ਵਿਚ ਹੈ ਕਿ 1693 ਵਿਚ ਔਰੰਗਜ਼ੇਬ ਨੂੰ ਸੂਚਨਾ ਮਿਲੀ ਕਿ ਗੁਰੂ ਗੋਬਿੰਦ ਸਿੰਘ ਆਪਣੇ ਆਪ ਨੂੰ ਗੁਰੂ ਨਾਨਕ ਕਹਿ ਰਿਹਾ ਹੈ ਤੇ ਸਮੱਸਿਆ ਖੜੀ ਕਰ ਰਿਹਾ ਹੈ। ਬਾਦਸ਼ਾਹ ਨੇ ਫੌਜ਼ਦਾਰਾਂ (ਗਵਰਨਰਾਂ) ਨੂੰ ਹੁਕਮ ਜਾਰੀ ਕੀਤੇ ਕਿ ਗੁਰੂ ਜੀ ਨੂੰ ਸਿੱਖਾਂ ਦੇ ਇਕੱਠ ਕਰਨ ਤੋਂ ਰੋਕਿਆ ਜਾਵੇ।

ਸ਼ਾਇਦ ਇਨ੍ਹਾਂ ਹੁਕਮਾਂ ਦੇ ਨਿਰਦੇਸ ਅਧੀਨ ਹੀ ਸ਼ਾਹੀ ਫੌਜਾਂ ਤੇ ਪਹਾੜੀ ਰਾਜਿਆਂ ਵਲੋਂ ਮਿਲ ਕੇ ਫਿਰ ਇਕ ਵਾਰ ਗੁਰੂ ਜੀ ਤੇ ਹਮਲਾ ਕੀਤਾ ਗਿਆ। ਇਹ 1694–95 ਦੀ ਗੱਲ ਹੈ। ਗੁਰੂ ਜੀ ਨੇ ਬਚਿੱਤਰ ਨਾਟਕ ਵਿਚ ਇਸ ਨੂੰ ਗਲੇਰ ਜਾਂ ਹੁਸੈਨੀ ਦੀ ਲੜਾਈ ਕਿਹਾ ਹੈ। ਇਸ ਲੜਾਈ ਵਿਚ ਗੁਰੂ ਸਾਹਿਬ ਨੇ ਨਿਰਣੇਜਨਕ ਜਿੱਤ ਪ੍ਰਾਪਤ ਕੀਤੀ।

ਸ਼ਾਹੀ ਫੌਜਾਂ ਦੀ ਇਸ ਦੁਬਾਰਾ ਹਾਰ ਨੇ ਬਾਦਸ਼ਾਹ ਨੂੰ ਚਿੰਤਾਤੁਰ ਕਰ ਦਿੱਤਾ। ਉਹ ਆਪ ਦੱਖਣ ਵਿਚ ਰੁੱਝਿਆ ਹੋਇਆ ਸੀ। ਉਥੇ ਉਸ ਨੇ ਆਪਣੇ ਵੱਡੇ ਪੁੱਤਰ ਮੁਅੱਜਮ (ਬਾਦ ਵਿਚ ਬਹਾਦਰ ਸ਼ਾਹ) ਨੂੰ ਪੰਜਾਬ ਦੇ ਮਸਲੇ ਦੇ ਹੱਲ ਲਈ ਭੇਜਿਆ। ਇਹ 1696 ਦੀ ਗੱਲ ਹੈ। ਸਾਹਿਬਜ਼ਾਦੇ ਨੇ ਆਪ ਲਾਹੌਰ ਦਾ ਮੋਰਚਾ ਸੰਭਾਲ ਲਿਆ। ਉਸ ਨੇ ਮਿਰਜ਼ਾ ਬੇਗ ਨੂੰ ਗੁਰੂ ਸਾਹਿਬ ਤੇ ਪਹਾੜੀ ਰਾਜਿਆਂ ਦੇ ਵਿਰੁੱਧ ਭੇਜਿਆ। ਰਾਜਿਆਂ ਨੂੰ ਚੰਗੀ ਸਜ਼ਾ ਦਿੱਤੀ ਗਈ ਪਰੰਤੂ ਗੁਰੂ ਜੀ ਨੂੰ ਨਾ ਛੇੜਿਆ ਗਿਆ। ਅਜਿਹਾ ਭਾਈ ਨੰਦ ਲਾਲ ਦੀ ਸਿਫਾਰਸ਼ ਕਰਕੇ ਹੋਇਆ। ਭਾਈ ਨੰਦ ਲਾਲ ਗੁਰੂ ਜੀ ਦਾ ਸ਼ਰਧਾਲੂ ਸੀ ਤੇ ਸਾਹਿਬਜ਼ਾਦੇ ਦਾ ਮੀਰ ਮੁਨਸ਼ੀ ਸੀ।

1699 ਵਿਚ ਗੁਰੂ ਜੀ ਨੇ ਖਾਲਸੇ ਦੀ ਸਾਜਣਾ ਕੀਤੀ। ਖਾਲਸਾ ਦੀ ਸਿਰਜਣਾ ਦਾ ਕਾਰਣ ਮਨੁੱਖ ਮਾਤਰ ਲਈ ਅਜਿਹੇ ਸਮਾਜ ਦਾ ਬਣਾਉਣਾ ਸੀ ਜੋ ਸਮਾਜਿਕ ਸਮਾਨਤਾ, ਮਨੁੱਖੀ ਸਨਮਾਨ ਤੇ ਸੱਚ ਲਈ ਤਤਪਰ ਤੇ ਮੱਦਦਗਾਰ ਹੋਵੇ। ਖਾਲਸੇ ਦੀ ਸਿਰਜਨਾ ਦਾ ਜੋ ਤਤਕਾਲ ਪ੍ਰਭਾਵ ਪਿਆ ਉਹ ਇਹ ਸੀ ਕਿ ਪਹਾੜੀ ਸਰਦਾਰਾਂ ਵਿਚ ਘਬਰਾਹਟ (ਦਹਿਸ਼ਤ) ਫੈਲ ਗਈ ਅਤੇ ਉਨ੍ਹਾਂ ਨੂੰ ਸਿੱਖਾਂ ਦੇ ਸਬੰਧ ਵਿਚ ਮੁਗ਼ਲ ਸਰਕਾਰ ਨਾਲ ਆਪਣੇ ਸਬੰਧਾਂ ਬਾਰੇ ਮੁੜ ਸੋਚਣਾ ਪਿਆ। ਪਹਾੜੀ ਰਾਜਿਆਂ ਨੂੰ ਆਪਣੀ ਸੱਤਾ ਤੇ ਆਪਣੇ ਸਨਾਤਨ ਧਰਮ ਲਈ ਸਿੱਖਾਂ ਵੱਲੋਂ ਖਤਰਾ ਨਜ਼ਰ ਆਇਆ। ਇਸ ਲਈ ਉਨ੍ਹਾਂ ਨੇ ਨਾ ਮੁੱਕਣ ਵਾਲੀ ਵਿਰੋਧਤਾ ਕਰਨ ਦੀ ਸਹੁੰ ਖਾਧੀ। ਇਸ ਅਨੁਸਾਰ ਉਨ੍ਹਾਂ ਗੁਰੂ ਜੀ ਦੇ ਖਿਲਾਫ਼ ਮੁਗ਼ਲ ਸਰਕਾਰ ਤੋਂ ਸਹਾਇਤਾ ਮੰਗੀ। ਮੁਗ਼ਲ ਸਰਕਾਰ ਨੇ ਸਿੱਖਾਂ ਦੀ ਤਾਕਤ ਨੂੰ ਕੁਚਲਣ ਦਾ ਇਹ ਇਕ ਸੁਨਹਿਰੀ ਮੌਕਾ ਸਮਝਿਆ। ਅਸਲੀਅਤ ਇਹ ਹੈ ਕਿ ਪਹਾੜੀ ਰਾਜਿਆਂ ਅਤੇ ਮੁਗ਼ਲ ਸਰਕਾਰ ਦੇ ਰਾਜਨੀਤੀ-ਸਾਮੰਤੀ ਖਾਸੇ ਨੇ ਗੁਰੂ ਜੀ ਵਿਰੁੱਧ ਮਿਲਵੀਂ ਕਾਰਵਾਈ ਦੀ ਮੰਗ ਕੀਤੀ ਅਤੇ ਇਸ ਵਿਚ ਹੈਰਾਨੀ ਦੀ ਗੱਲ ਨਹੀਂ ਕਿ ਗੁਰੂ ਗੋਬਿੰਦ ਸਿੰਘ ਨੂੰ ਇਕੱਲਿਆਂ ਪਹਾੜੀ ਰਾਜਿਆਂ ਤੇ ਮੁਗ਼ਲ ਗਵਰਨਰਾਂ ਦੀਆਂ ਰਲਵੀਆਂ ਫ਼ੌਜਾਂ ਨਾਲ ਲੜਨਾ ਪਿਆ। ਦਸੰਬਰ 1704 ਵਿਚ ਉਨ੍ਹਾਂ ਨੂੰ ਆਨੰਦਪੁਰ ਛੱਡਣਾ ਪਿਆ। ਉਨ੍ਹਾਂ ਨੇ ਕੇਵਲ 40 ਸਿੱਖ ਸਾਥੀਆਂ ਨਾਲ ਰਲ ਕੇ ਬਹੁਤ ਬਹਾਦਰੀ ਨਾਲ ਬੇਜੋੜ ਦਲੇਰੀ ਨਾਲ ਚਮਕੌਰ ਦੀ ਲੜਾਈ ਲੜੀ। ਅਖੀਰ ਉਹ ਕੱਚੀ ਗੜੀ (ਚਮਕੌਰ ਦੀ) ਵਿਚੋਂ ਨਿਕਲ ਗਏ ਪਰੰਤੂ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੀਆਂ ਫ਼ੌਜਾਂ ਨੇ ਲਗਾਤਾਰ ਪਿੱਛਾ ਜਾਰੀ ਰੱਖਿਆ। ਗੁਰੂ ਜੀ ਨੇ ਅਖੀਰ ਲੜਾਈ ਮੁਕਤਸਰ ਵਿਚ ਲੜੀ ਜਿਸ ਵਿਚ ਮੁਗ਼ਲ ਫੌਜਾਂ ਨੂੰ ਭਾਰੀ ਹਾਰ ਹੋਈ। ਚਮਕੌਰ ਦੀ ਲੜਾਈ ਵਿਚ ਉਨ੍ਹਾਂ ਦੇ ਦੋ ਵੱਡੇ ਪੁੱਤਰ ਮਾਰੇ ਗਏ। ਉਨ੍ਹਾਂ ਦੇ ਛੋਟੇ ਪੁੱਤਰ ਜੋਰਾਵਰ ਸਿੰਘ ਤੇ ਫਤਿਹ ਸਿੰਘ ਆਨੰਦਪੁਰ ਵੇਲੇ ਗੁਰੂ ਜੀ ਤੋਂ ਵਿਛੜ ਗਏ ਸਨ, ਫੜ ਲਿਆ ਗਿਆ। ਇਨ੍ਹਾਂ ਦੋਹਾਂ ਮਾਸੂਮਾਂ ਨੂੰ ਜਿਉਂਦਿਆਂ ਹੀ ਦੀਵਾਰਾਂ ਵਿਚ ਚਿਣਾ ਕੇ ਵਜੀਰ ਖਾਨ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ।

ਕੁਝ ਦੇਰ ਮੁਕਤਸਰ ਠਹਿਰਨ ਤੋਂ ਬਾਦ ਗੁਰੂ ਜੀ ਤਲਵੰਡੀ ਸਾਬੋ ਵੱਲ ਚਲੇ ਗਏ। ਦੀਨਾਂ ਵਿਖੇ ਗੁਰੂ ਜੀ ਨੇ ਔਰੰਗਜ਼ੇਬ ਨੂੰ ਇਕ ਲੰਬੀ ਚਿੱਠੀ ਲਿਖੀ ਜਿਸ ਨੂੰ ਜਫਰਨਾਮਾ ਕਿਹਾ ਜਾਂਦਾ ਹੈ। ਇਸ ਪੱਤਰ ਵਿਚ ਉਨ੍ਹਾਂ ਨੇ ਕੁਝ ਨਿਸ਼ਚਿਤ ਤੱਥ ਤੇ ਮੁਗ਼ਲ ਫੌਜਾਂ ਨਾਲ ਲੜਾਈ ਦੇ ਕਾਰਨ ਤੇ ਸਿੱਖ ਸਿਧਾਂਤਾਂ ਬਾਰੇ ਲਿਖਿਆ ਹੈ ਅਤੇ ਇਹ ਵੀ ਲਿਖਿਆ ਕਿ ਕਿਵੇਂ ਮੁਗ਼ਲ ਅਫਸਰ ਆਪਣੇ ਕੀਤੇ ਇਕਰਾਰ ਤੋੜਦੇ ਰਹੇ। ਗੁਰੂ ਜੀ ਨੇ ਵਜ਼ੀਰ ਖ਼ਾਨ ਦੁਆਰਾ ਆਪਣੇ ਛੋਟੇ ਪੁੱਤਰਾਂ ਦੇ ਦੀਵਾਰ ਵਿਚ ਚਿਣਵਾ ਦੇਣ ਦੀ ਅਣਮਨੁੱਖੀ ਤੇ ਜ਼ਾਲਮ ਕਰਤੂਤ ਬਾਰੇ ਵੀ ਲਿਖਿਆ। ਚਿੱਠੀ ਵਿਚ ਬਾਦਸ਼ਾਹ ਨੂੰ ਅਪੀਲ ਵੀ ਕੀਤੀ ਗਈ ਕਿ ਉਹ ਆਪਣੇ ਪਿਛਲੇ ਪਾਪਾਂ ਤੇ ਪ੍ਰਾਸ਼ਚਿਤ ਵੀ ਕਰੇ। ਕਿਹਾ ਜਾਂਦਾ ਹੈ ਕਿ ਇਸ ਪੱਤਰ ਦਾ ਔਰੰਗਜ਼ੇਬ ਤੇ ਬਹੁਤ ਡੂੰਘਾ ਅਸਰ ਹੋਇਆ ਤੇ ਉਸ ਨੇ ਗੁਰੂ ਜੀ ਦੀ ਗੱਲ ਸਾਂਝੀ ਕਰਨ ਲਈ ਬੁਲਾਇਆ।

ਗੁਰੂ ਸਾਹਿਬ ਦੱਖਣ ਵੱਲ ਚਾਲੇ ਪਾਏ। ਜਦੋਂ ਉਹ ਰਾਜਸਥਾਨ ਵਿਚ ਬਘੌਰ ਦੇ ਸਥਾਨ ਤੇ ਪਹੁੰਚੇ ਤਾਂ ਉਨ੍ਹਾਂ ਨੂੰ ਖਬਰ ਮਿਲੀ ਕਿ ਆਪਣੇ ਅਹਿਮਦ ਨਗਰ ਦੇ ਕੈਂਪ ਵਿਚ ਔਰੰਗਜ਼ੇਬ ਦੀ ਫਰਵਰੀ 1707 ਈ. ਨੂੰ ਮੌਤ ਹੋ ਗਈ। ਇਸ ਖਬਰ ਨੂੰ ਸੁਣਨ ਤੋਂ ਬਾਦ ਉਨ੍ਹਾਂ ਆਪਣੇ ਕਦਮ ਫਿਰ ਉੱਤਰ ਵੱਲ ਮੋੜੇ। ਇੰਜ ਜਾਪਦਾ ਹੈ ਕਿ ਗੁਰੂ ਜੀ ਨੇ ਦੁਬਾਰਾ ਲੜਨ ਦਾ ਫੈਸਲਾ ਆਪਣੇ ਪਿਤਾ ਦੀ ਸ਼ਹੀਦੀ ਤੇ ਪਰਿਵਾਰ ਦੀ ਮੌਤ ਦਾ ਬਦਲਾ ਲੈਣ ਲਈ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਅਜਿਹੇ ਆਪਣੇ ਉਸ ਵਚਨ ਨੂੰ ਪੂਰਾ ਕਰਨ ਲਈ ਕੀਤਾ ਕਿ ਜ਼ਾਲਿਮ ਦਾ ਟਾਕਰਾ ਹਰ ਕੀਮਤ ਤੇ ਕੀਤਾ ਹੀ ਜਾਣਾ ਸੀ। ਜੇਕਰ ਵਜ਼ੀਰ ਖਾਨ ਤੇ ਦੂਜੇ ਮੁਗ਼ਲ ਜਿਨ੍ਹਾਂ ਨੇ ਜ਼ਿਆਦਤੀਆਂ ਕੀਤੀਆਂ ਸਨ, ਆਦਿ ਨੂੰ ਯੋਗ ਸਜ਼ਾਵਾਂ ਦਿੱਤੀਆਂ ਜਾਂਦੀਆਂ ਤੇ ਸਿੱਖਾਂ ਨੂੰ ਜੀਣ ਦਿੱਤਾ ਜਾਂਦਾ ਤਾਂ ਉਨ੍ਹਾਂ ਨੂੰ ਦੱਖਣ ਵਿਚ ਔਰੰਗਜ਼ੇਬ ਨੂੰ ਮਿਲਣ ਦੀ ਕੋਈ ਕਾਹਲ ਨਹੀਂ ਸੀ।

ਔਰੰਗਜ਼ੇਬ ਦੀ ਮੌਤ ਨਾਲ ਉਸ ਦੇ ਤਿੰਨਾਂ ਪੁੱਤਰਾਂ ਵਿਚ ਉਤਰਾਧਿਕਾਰੀ ਲਈ ਲੜਾਈ ਛਿੜ ਗਈ।

ਬਹਾਦਰ ਸ਼ਾਹ ਨੇ ਗੁਰੂ ਸਾਹਿਬ ਤੋਂ ਮਦਦ ਮੰਗੀ ਤੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪਣੇ ਭਰੋਸੇਯੋਗ ਸਿਪਾਹੀਆਂ ਦੀ ਇਕ ਟੁੱਕੜੀ ਭਾਈ ਧਰਮ ਸਿੰਘ ਦੀ ਕਮਾਨ ਵਿਚ ਬਹਾਦਰ ਸ਼ਾਹ ਦੀ ਮਦਦ ਲਈ ਭੇਜੀ। ਅਸਲ ਵਿਚ ਗੁਰੂ ਜੀ ਨੂੰ ਬਹਾਦਰ ਸ਼ਾਹ ਜੋ ਆਪਣੇ ਭਰਾਵਾਂ ਨਾਲੋਂ ਵਧੀਆ ਇਨਸਾਨ ਲੱਗਿਆ ਸੀ ਤੇ ਉਨ੍ਹਾਂ ਨੂੰ ਆਸ ਸੀ ਕਿ ਉਹ ਵਧੀਆ ਸ਼ਾਸਕ ਬਣੇਗਾ ਤੇ ਇਸੇ ਕਾਰਨ ਉਨ੍ਹਾਂ ਨੂੰ ਬਹਾਦਰ ਸ਼ਾਹ ਦੀ ਮਦਦ ਕਰਨ ਵਿਚ ਕੋਈ ਇਤਰਾਜ਼ ਯੋਗ ਗੱਲ ਜਾਂ ਗਲਤੀ ਨਜ਼ਰ ਨਹੀਂ ਆਈ।

ਬਹਾਦਰ ਸ਼ਾਹ ਉਤਰਾਧਿਕਾਰ ਦੀ ਲੜਾਈ ਵਿਚ ਜਿੱਤ ਗਿਆ। ਉਹ ਦਿੱਲੀ ਦਾ ਬਾਦਸ਼ਾਹ ਬਣ ਕੇ ਆਗਰੇ ਆਇਆ। ਬਾਦਸ਼ਾਹ ਦੇ ਬੁਲਾਵੇ ਤੇ ਗੁਰੂ ਜੀ ਆਗਰੇ ਉਸ ਨੂੰ ਮਿਲਣ ਗਏ। ਬਾਦਸ਼ਾਹ ਨੇ ਧੰਨਵਾਦ ਵਜੋਂ ਗੁਰੂ ਜੀ ਨੂੰ ਕੀਮਤੀ ਤੋਹਫੇ ਜਿਵੇਂ ਕਿ ਇਕ ਕੀਮਤੀ ਪੁਸ਼ਾਕ, ਹੀਰਿਆਂ ਜੜਿਆ ਇਕ ਰੁਮਾਲ ਜਿਸ ਦੀ ਕੀਮਤ 60 ਹਜ਼ਾਰ ਰੁਪਏ ਸੀ, ਭੇਟ ਕੀਤੀ। ਗੁਰੂ ਜੀ ਦੀ ਸ਼ਖਸੀਅਤ ਤੇ ਬਾਦਸ਼ਾਹ ਬਹੁਤ ਪ੍ਰਭਾਵਿਤ ਅਤੇ ਖੁਸ਼ ਹੋਇਆ। ਉਨ੍ਹਾਂ ਨੂੰ ਉਮੀਦ ਸੀ ਕਿ ਬਾਦਸ਼ਾਹ ਨੂੰ ਸਮਝਾ ਕੇ ਮੁਗ਼ਲ ਤੇ ਸਿੱਖਾਂ ਅਤੇ ਬਾਕੀ ਗੈਰ-ਮੁਸਲਿਮ ਲੋਕਾਂ ਵਿਚਕਾਰ ਅਮਨ ਅਤੇ ਸ਼ਾਂਤੀ ਦਾ ਇਕ ਯੁਗ ਆਰੰਭ ਕੀਤਾ ਜਾ ਸਕੇਗਾ। ਉਹਨਾਂ ਨੇ ਇਹ ਵੀ ਸੋਚਿਆ ਸੀ ਕਿ ਉਹ ਬਾਦਸ਼ਾਹ ਤੋਂ ਵਜ਼ੀਰ ਖਾਨ ਨੂੰ ਵੀ ਸਜ਼ਾ ਦਿਵਾ ਸਕਣਗੇ ਜਿਸ ਨੇ ਕਿ ਗੁਰੂ ਜੀ ਉਨ੍ਹਾਂ ਦੇ ਪਰਿਵਾਰ ਤੇ ਸਿੱਖਾਂ ਦੇ ਉਤੇ ਬਹੁਤ ਜ਼ਿਆਦਾ ਵਧੀਕੀਆਂ ਕੀਤੀਆਂ ਸਨ।

ਇਸ ਸਬੰਧ ਵਿਚ ਬਾਦਸ਼ਾਹ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਗਈ। ਪਰ ਗੱਲਬਾਤ ਹਾਲੀ ਚਲ ਹੀ ਰਹੀ ਸੀ ਕਿ ਬਾਦਸ਼ਾਹ ਨੂੰ 1707 ਈ. ਦੇ ਨਵੰਬਰ ਮਹੀਨੇ ਵਿਚ ਰਾਜਪੂਤਾਨੇ ਵੱਲ ਕੂਚ ਕਰਨਾ ਪਿਆ ਤੇ ਅੱਗੇ ਹੋਰ ਦੱਖਣ ਵੱਲ ਵੀ ਜਾਣਾ ਸੀ ਜਿਥੇ ਕਿ ਉਸ ਦਾ ਭਰਾ ਕਾਮ ਬਖ਼ਸ਼ ਬਗ਼ਾਵਤ ਕਰ ਰਿਹਾ ਸੀ ਤੇ ਉਸ ਨੂੰ ਦਬਾਉਣਾ ਸੀ। ਗੁਰੂ ਸਾਹਿਬ ਵੀ ਉਨ੍ਹਾਂ ਨਾਲ ਹੀ ਗਏ ਤਾਂ ਜੋ ਗੱਲਬਾਤ ਦਾ ਕੋਈ ਨਤੀਜਾ ਨਿਕਲ ਸਕੇ। ਲਗਭਗ ਗਿਆਰਾਂ ਮਹੀਨੇ ਬਹਾਦਰ ਸ਼ਾਹ ਦੀ ਦੱਖਣ ਯਾਤਰਾ ਵਿਚ ਗੁਰੂ ਜੀ ਬਾਦਸ਼ਾਹ ਦੇ ਨਾਲ ਰਹੇ। ਇਸ ਸਮੇਂ ਦੌਰਾਨ ਬਾਦਸ਼ਾਹ ਵਜ਼ੀਰ ਖਾਨ (ਗੁਰੂ ਜੀ ਦੇ) ਨੂੰ ਸਜਾ ਦੇਣ ਦੇ ਸੁਝਾਅ ਨੂੰ ਧੋਖੇ ਭਰੇ ਜਵਾਬਾਂ ਨਾਲ ਟਾਲਦਾ ਰਿਹਾ। ਅੰਤ ਵਿਚ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਗਲਤੀ ਕਰਨ ਵਾਲਿਆਂ, ਜ਼ੁਲਮ ਕਰਨ ਵਾਲਿਆਂ ਨੂੰ ਸਜਾ ਦੇਣ ਬਾਰੇ ਕਿਸੇ ਸੁਝਾਅ ਨੂੰ ਬਾਦਸ਼ਾਹ ਵਲੋਂ ਪ੍ਰਵਾਨ ਕੀਤੇ ਜਾਣ ਦੀ ਕੋਈ ਉਮੀਦ ਨਹੀਂ ਹੈ। ਅੰਤ 1708 ਈ. ਵਿਚ ਗੁਰੂ ਜੀ ਨੰਦੇੜ ਚਲੇ ਗਏ। ਗੁਰੂ ਜੀ ਨੂੰ ਇਥੇ ਹੀ ਇਕ ਪਠਾਣ ਨੇ ਛੁਰਾ ਮਾਰਿਆ। ਇਹ ਮੰਨਿਆ ਜਾਂਦਾ ਹੈ ਕਿ ਇਹ ਪਠਾਣ ਵਜ਼ੀਰ ਖਾਨ ਨੇ ਭੇਜਿਆ ਹੋਇਆ ਸੀ। ਇਸ ਫੁੱਟ ਕਾਰਨ ਹੀ ਗੁਰੂ ਜੀ 7 ਅਕਤੂਬਰ 1708 ਈ. ਨੂੰ ਜੋਤੀ ਜੋਤ ਸਮਾ ਗਏ। ਛੁਰਾ ਵੱਜ ਕੇ ਜ਼ਖ਼ਮੀ ਹੋਣ ਤੇ ਆਪਣੀ ਮੌਤ ਦੇ ਵਿਚਲੇ ਸਮੇਂ ਵਿਚ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਿਆ ਤੇ ਉਸ ਨੂੰ ਪੰਜਾਬ ਤੇ ਅਤਿਆਚਾਰੀ ਮੁਗ਼ਲ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਹੁਕਮ ਦਿੱਤਾ।

**ਮੁੱਖ ਵਿਅਕਤੀ ਅਤੇ ਸ਼ਬਦ :**

- ਗੁਰੂ ਹਰਗੋਬਿੰਦ ਦੀ ਨਵੀਂ ਨੀਤੀ
- ਹਰਿਮੰਦਰ ਸਾਹਿਬ ਤੇ ਲੋਹਗੜ੍ਹ
- ਜਹਾਂਗੀਰ ਅਤੇ ਕਸ਼ਮੀਰ
- ਗਵਾਲੀਅਰ ਵਿਖੇ ਨਜ਼ਰਬੰਦੀ
- ਡੱਬੀ ਬਜ਼ਾਰ ਲਾਹੌਰ
- ਮਿਰਜਾ ਜੈ ਸਿੰਘ
- ਭੱਟ ਵਹੀ, ਬਚਿੱਤਰ ਨਾਟਕ
- ਭੰਗਾਣੀ ਤੇ ਨਦੋਣ
- ਜੋਰਾਵਰ ਸਿੰਘ ਤੇ ਫਤਿਹ ਸਿੰਘ

**ਵਿਦਿਆਰਥੀਆਂ ਲਈ ਛੋਟੇ ਪ੍ਰਸ਼ਨ :**

1) ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇ ਕਾਰਨ ਦੱਸੋ।
2) ਆਨੰਦਪੁਰ ਸਾਹਿਬ ਦੇ ਵਿਕਾਸ ਤੇ ਨੋਟ ਲਿਖੋ।
3) ਚਮਕੌਰ ਦੀ ਲੜਾਈ ਦੇ ਪ੍ਰਭਾਵ ਦੱਸੋ।

**ਲੰਮੇ ਪ੍ਰਸ਼ਨ :**

1) ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇ ਕਾਰਨ ਅਤੇ ਪ੍ਰਭਾਵ ਦੱਸੋ।
2) ਖਾਲਸਾ ਕਿਉਂ ਤੇ ਕਿਵੇਂ ਸਾਜਿਆ ਗਿਆ ?
3) ਗੁਰੂ ਗੋਬਿੰਦ ਸਿੰਘ ਅਤੇ ਮੁਗ਼ਲ ਰਾਜ ਪ੍ਰਬੰਧ ਦੇ ਸਬੰਧਾਂ ਦਾ ਵਰਨਣ ਕਰੋ।

**ਹੋਰ ਜਾਣਕਾਰੀ ਲਈ ਪੁਸਤਕਾਂ :**


1. ਇੰਦੂ ਭੂਸ਼ਨ ਬੈਨਰਜੀ, ਐਵੇਲਿਊਸ਼ਨ ਆਫ ਖਾਲਸਾ, ਜਿਲਦ ਦੂਜੀ, passim
2. ਐਸ.ਐਸ.ਬੱਲ ਤੇ ਜੇ.ਐਸ.ਗਰੇਵਾਲ, ਗੁਰੂ ਗੋਬਿੰਦ ਸਿੰਘ, passim
3. ਐਸ.ਐਮ.ਲਤੀਫ, History of the Punjab, pp. 74-80
4. ਜੇ.ਡੀ.ਕਨਿੰਘਮ, History of the Sikhs, pp. 77-80
5. ਜੀ.ਸੀ.ਨਾਰੰਗ, Transformation of Sikhism, pp. 170-180

**ਪਾਠ ਨੰ. 2.2**

**ਬੰਦਾ ਸਿੰਘ ਬਹਾਦਰ – ਸਿੱਖਾਂ ਦਾ ਸੁਤੰਤਰ ਸ਼ਾਸਨ ਸਥਾਪਤ ਹੋਣਾ ਅਤੇ ਅਸਫਲਤਾ ਦੇ ਕਾਰਨ**

**ਪਾਠ ਦੀ ਬਣਤਰ**

- ਮੁੱਢਲਾ ਜੀਵਨ
- ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ
- ਪੰਜਾਬ ਵਿਚ ਸਫ਼ਲਤਾਵਾਂ
- ਸਮਾਣੇ ਤੇ ਹਮਲਾ
- ਸਢੌਰੇ ਦੀ ਜਿੱਤ
- ਸਰਹਿੰਦ ਦੀ ਜਿੱਤ
- ਸਹਾਰਨਪੁਰ ਤੋਂ ਬਿਹਾਤ ਵਿਖੇ
- ਜਲੰਧਰ ਦੁਆਬ ਦੇ ਸਿੱਖਾਂ ਦਾ ਸੰਘਰਸ਼
- ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਤੇ ਕਬਜ਼ਾ
- ਲੋਹਗੜ੍ਹ ਦੀ ਲੜਾਈ
- ਬੰਦਾ ਤੇ ਪਹਾੜੀ ਰਾਜੇ
- ਗੁਰਦਾਸ ਨੰਗਲ ਦੀ ਲੜਾਈ
- ਬਲੀਦਾਨ ਬੰਦਾ ਸਿੰਘ ਦਾ
- ਬੰਦੇ ਦਾ ਰਾਜ ਪ੍ਰਬੰਧ ਤੇ ਸਫ਼ਲਤਾਵਾਂ ਦੀ ਪੜਚੋਲ
- ਇਤਿਹਾਸ ਵਿਚ ਸਥਾਨ ਪਰ ਅਸਫ਼ਲਤਾਵਾਂ ਦੇ ਕਾਰਨ
- ਛੋਟੇ ਪ੍ਰਸ਼ਨ ਅਤੇ ਲੰਮੇ ਪ੍ਰਸ਼ਨ
- ਪੁਸਤਕਾਂ

**ਉਦੇਸ਼**

1) ਬੰਦਾ ਸਿੰਘ ਦਾ ਮੁੱਢਲਾ ਜੀਵਨ ਤੇ ਧਾਰਮਿਕ ਤਜਰਬੇ ਦਾ ਹਾਲ ਬਿਆਨ ਕਰਨਾ।
2) ਬੰਦਾ ਸਿੰਘ ਦੀਆਂ ਪੰਜਾਬ ਵਿਚ ਸਫ਼ਲਤਾਵਾਂ ਤੇ ਰੋਸ਼ਨੀ ਪਾਉਣਾ।
3) ਸਹਾਰਨਪੁਰ ਤੋਂ ਲੈ ਕੇ ਪਠਾਨਕੋਟ ਤੱਕ ਸੰਘਰਸ਼ ਦੀ ਜਾਣਕਾਰੀ ਦੱਸਣਾ।
4) ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦਾ ਬਲੀਦਾਨ ਤੇ ਇਸ ਦੇ ਪ੍ਰਭਾਵ ਦੀ ਵਿਆਖਿਆ ਕੀਤੀ ਜਾਵੇਗੀ।

**ਬੰਦਾ ਸਿੰਘ ਬਹਾਦਰ – ਸਿੱਖ ਸੁਤੰਤਰ ਸ਼ਾਸਨ ਸਥਾਪਤ ਕਰਨਾ**

**ਮੁੱਢਲਾ ਜੀਵਨ :**

ਬੰਦੇ ਦਾ ਜਨਮ 27 ਅਕਤੂਬਰ 1670 ਈ. ਵਿਚ ਜਿਲ੍ਹਾ ਪੁਣਛ (ਪੱਛਮੀ ਕਸ਼ਮੀਰ) ਦੇ ਰਾਜੋਰੀ ਪਿੰਡ ਵਿਚ ਹੋਇਆ। ਉਸ ਦਾ ਪਹਿਲਾ ਨਾਮ ਲਛਮਨ ਦੇਵ ਤੇ ਉਸਦੇ ਪਿਤਾ ਦਾ ਨਾਮ ਰਾਮ ਦੇਵ ਸੀ ਜੋ ਡੋਗਰਾ ਰਾਜਪੂਤ ਅਤੇ ਇਕ ਸਾਧਾਰਨ ਕਿਸਾਨ ਸੀ। ਆਪਣੇ ਆਰੰਭਿਕ ਜੀਵਨ ਵਿਚ ਬੰਦਾ ਸ਼ਿਕਾਰ ਖੇਡਣ ਦਾ ਬੜਾ ਸ਼ੌਕੀਨ ਸੀ। ਇਕ ਦਿਨ ਉਸ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ। ਜਦੋਂ ਉਸ ਦਾ ਪੇਟ ਚਾਕ ਕੀਤਾ ਗਿਆ ਤਾਂ ਵਿਚੋਂ ਦੋ ਬੱਚੇ ਨਿਕਲੇ ਜੋ ਉਸ ਦੀਆਂ ਅੱਖਾਂ ਸਾਹਮਣੇ ਤੜਫ–ਤੜਫ ਕੇ ਮਰ ਗਏ। ਬੰਦੇ ਦੇ ਦਿਲ ਤੇ ਇਸ ਦ੍ਰਿਸ਼ ਨੇ ਕਰਾਰੀ ਸੱਟ ਮਾਰੀ। ਉਸ ਨੇ ਸ਼ਿਕਾਰ ਖੇਡਣ ਤੋਂ ਤੋਬਾ ਕੀਤੀ ਅਤੇ ਸੰਸਾਰ ਨੂੰ ਤਿਆਗ ਕੇ ਬੈਰਾਗੀ ਜਾਨਕੀ ਦਾਸ ਦਾ ਚੇਲਾ ਬਣ ਗਿਆ। ਬੈਰਾਗੀ ਪ੍ਰਥਾ ਅਨੁਸਾਰ ਜਾਨਕੀ ਦਾਸ ਨੇ ਉਸ ਦਾ ਨਵਾਂ ਨਾਮ ਮਾਧੋ ਦਾਸ ਰੱਖਿਆ। ਬੈਰਾਗੀ ਪੰਥ ਦੇ ਸਾਧੂਆਂ ਵਾਂਗ ਮਾਧੋ ਦਾਸ ਵੀ ਤੀਰਥ ਯਾਤਰਾ ਵਾਸਤੇ ਨਿਕਲ ਪਿਆ। ਥਾਂ–ਥਾਂ ਘੁੰਮਦਾ ਹੋਇਆ ਇਕ ਦਿਨ ਉਹ ਗੋਦਾਵਰੀ ਨਦੀ

ਦੇ ਕੰਢੇ ਨਾਸਕ ਪੁੱਜਾ। ਇਥੇ ਉਸ ਨੂੰ ਔਘੜ ਨਾਥ ਨਾਮਕ ਇਕ ਬਿਰਧ ਜੋਗੀ ਮਿਲਿਆ। ਉਸ ਤੋਂ ਮਾਧੋ ਦਾਸ ਨੇ ਕਾਲਾ ਇਲਮ (ਜਾਦੂ-ਟੂਣਾ) ਸਿੱਖਿਆ। ਆਪਣੇ ਗੁਰੂ ਦੀ ਮੌਤ ਤੋਂ ਪਿੱਛੋਂ ਉਹ ਹੈਦਰਾਬਾਦ ਵਿਚ ਨੰਦੇੜ ਨਾਮੀ ਸਥਾਨ ਤੇ ਚਲਾ ਗਿਆ ਅਤੇ ਉਸ ਨੇ ਆਪਣਾ ਮੱਠ ਸਥਾਪਿਤ ਕੀਤਾ। ਉਸ ਦੇ ਸੈਂਕੜੇ ਹੀ ਚੇਲੇ ਸਨ ਤੇ ਉਹ ਸ਼ਾਹੀ ਠਾਠ ਨਾਲ ਰਹਿੰਦਾ ਸੀ।

**ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ :**

ਨੰਦੇੜ ਵਿਖੇ ਹੀ 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਮਾਧੋ ਦਾਸ ਨੂੰ ਮਿਲੇ। ਦੱਖਣ ਦੇ ਸਫ਼ਰ ਸਮੇਂ ਗੁਰੂ ਸਾਹਿਬ ਨੇ ਨੰਦੇੜ ਵਿਚ ਪੜਾਅ ਕੀਤਾ। ਮਾਧੋ ਦਾਸ ਦੀ ਸ਼ੁਹਰਤ ਗੁਰੂ ਸਾਹਿਬ ਰਾਜਸਥਾਨ ਵਿਚ ਸੁਣ ਚੁੱਕੇ ਸਨ ਅਤੇ ਗੁਰੂ ਸਾਹਿਬ ਉਸ ਨੂੰ ਮਿਲਣ ਗਏ। ਗੁਰੂ ਸਾਹਿਬ ਦੇ ਪ੍ਰਭਾਵ ਪੂਰਨ ਵਾਰਤਾਲਾਪ ਤੇ ਧਾਰਮਿਕ ਜੋਸ਼ ਨੇ ਬੰਦੇ ਉਤੇ ਅਜਿਹਾ ਅਸਰ ਪਾਇਆ ਕਿ ਉਸ ਨੇ ਗੁਰੂ ਜੀ ਦਾ ਸਿੱਖ ਬਣਨ ਦੀ ਯਾਚਨਾ ਕੀਤੀ। ਮੈਕਾਲਿਫ਼ ਅਨੁਸਾਰ ਉਸ ਨੂੰ ਅੰਮ੍ਰਿਤ ਛਕਾ ਕੇ ਉਸਦਾ ਨਾਮ ਗੁਰਬਖਸ਼ ਸਿੰਘ ਰੱਖਿਆ ਗਿਆ। ਪਰ ਗੰਡਾ ਸਿੰਘ ਦੇ ਅਨੁਸਾਰ ਅੰਮ੍ਰਿਤਪਾਨ ਕਰਨ ਪਿਛੋਂ ਮਾਧੋ ਦਾਸ ਦਾ ਨਾਮ ਗੁਰਬਖਸ਼ ਸਿੰਘ ਨਹੀਂ ਸਗੋਂ ਬੰਦਾ ਸਿੰਘ ਬਹਾਦਰ ਰੱਖਿਆ ਗਿਆ ਸੀ ਅਤੇ ਇਸ ਕਰਕੇ ਉਹ ਸਿੱਖ ਇਤਿਹਾਸ ਵਿਚ ਬੰਦਾ ਕਰਕੇ ਹੀ ਪ੍ਰਸਿੱਧ ਹੋਇਆ।

ਗੁਰੂ ਸਾਹਿਬ ਨੇ ਬੰਦੇ ਦੇ ਦਿਲ ਵਿਚ ਪੰਜਾਬ ਨੂੰ ਸੁਤੰਤਰ ਕਰਵਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਦ੍ਰਿੜ੍ਹ ਸੰਕਲਪ ਭਰ ਦਿੱਤਾ। ਨਾਲ ਹੀ ਗੁਰੂ ਜੀ ਨੇ ਬੰਦੇ ਨੂੰ ਆਪਣੇ ਆਦਰਸ਼ ਤੇ ਆਸ਼ੇ ਸਮਝਾਏ ਅਤੇ ਆਪਣੇ ਉਪਰ ਬੀਤੀਆਂ ਮੁਸੀਬਤਾਂ ਅਤੇ ਕਠਿਨਾਈਆਂ ਦਾ ਹਵਾਲਾ ਵੀ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਸਰਹੰਦ ਦੇ ਫੌਜਦਾਰ ਵਜ਼ੀਰ ਖਾਂ ਵਲੋਂ ਭੇਜੇ ਦੋ ਪਠਾਨ ਗੁਰੂ ਸਾਹਿਬ ਦੀ ਹੱਤਿਆ ਕਰਨ ਦੇ ਮੰਤਵ ਲਈ ਨੰਦੇੜ ਪਹੁੰਚੇ ਅਤੇ ਉਨ੍ਹਾਂ ਵਿਚੋਂ ਇਕ ਪਠਾਨ ਨੇ ਮੌਕਾ ਪਾ ਕੇ ਗੁਰੂ ਸਾਹਿਬ ਤੇ ਇਕ ਦਿਨ ਛੁਰੇ ਨਾਲ ਹਮਲਾ ਕਰ ਦਿੱਤਾ ਅਤੇ ਗੁਰੂ ਸਾਹਿਬ ਦੇ ਢਿੱਡ ਵਿਚ ਇਕ ਡੂੰਘਾ ਤੇ ਘਾਤਕ ਜ਼ਖ਼ਮ ਕਰ ਦਿੱਤਾ। ਜਦੋਂ ਬੰਦੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ ਅਤੇ ਉਹ ਅਤਿਆਚਾਰੀ ਮੁਗ਼ਲਾਂ ਦੇ ਵਿਰੁੱਧ ਇੰਨਾ ਭੜਕ ਉਠਿਆ ਕਿ ਉਸ ਨੇ ਗੁਰੂ ਸਾਹਿਬ ਤੋਂ ਪੰਜਾਬ ਲਈ ਆਗਿਆ ਤੇ ਅਸ਼ੀਰਵਾਦ ਲਈ ਬੇਨਤੀ ਕੀਤੀ ਤਾਂ ਜੋ ਉਹ ਉਨ੍ਹਾਂ ਦੇ ਗੁਨਾਹਾਂ ਦੀ ਸਜਾ ਦੇ ਸਕੇ। ਵਾਸਤਵ ਵਿਚ ਪਠਾਨ ਵਲੋਂ ਉਨ੍ਹਾਂ ਤੇ ਹਮਲਾ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਆਪ ਪੰਜਾਬ ਵਾਪਸ ਜਾਣ ਲਈ ਯੋਜਨਾ ਬਣਾ ਰਹੇ ਸਨ ਪਰ ਹੁਣ ਡੂੰਘੇ ਤੇ ਘਾਤਕ ਫਟ ਦੇ ਕਾਰਨ ਉਨ੍ਹਾਂ ਲਈ ਪੰਜਾਬ ਜਾਣਾ ਸੰਭਵ ਨਹੀਂ ਸੀ ਤੇ ਇਸ ਲਈ ਉਨ੍ਹਾਂ ਨੇ ਬੰਦੇ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਉਸ ਨੂੰ ਖ਼ਾਲਸੇ ਦਾ ਸੈਨਿਕ ਨੇਤਾ ਮੁਕੱਰਰ ਕੀਤਾ। ਗੁਰੂ ਸਾਹਿਬ ਨੇ ਬੰਦੇ ਨੂੰ ਆਪਣੇ ਤਰਕਸ਼ ਵਿਚੋਂ ਪੰਜ ਤੀਰ ਇਕ ਖੰਡਾ ਅਤੇ ਇਕ ਨਗਾਰਾ ਆਪਣੀ ਸ਼ਕਤੀ ਦੇ ਚਿੰਨ੍ਹ ਵਜੋਂ ਦਿੱਤੇ। ਗੁਰੂ ਸਾਹਿਬ ਨੇ ਬੰਦੇ ਨੂੰ ਪੰਜਾਬ ਦੇ ਸਿੱਖਾਂ ਦੇ ਨਾਮ ਹੁਕਮਨਾਮੇ ਦਿੱਤੇ ਜਿਨ੍ਹਾਂ ਵਿਚ ਉਨ੍ਹਾਂ ਨੇ ਹਦਾਇਤ ਕੀਤੀ ਕਿ ਉਹ ਬੰਦੇ ਨੂੰ ਆਪਣਾ ਆਗੂ ਸਵੀਕਾਰ ਕਰਨ ਤੇ ਉਸ ਦੇ ਝੰਡੇ ਹੇਠ ਯੁੱਧ ਕਰਨ। ਆਪਣੇ ਸਿੱਖਾਂ ਵਿਚੋਂ 25 ਚੋਣਵੇਂ ਸਿੱਖਾਂ ਨੂੰ ਉਸ ਦੇ ਨਾਲ ਭੇਜ ਕੇ ਬੰਦੇ ਨੂੰ ਗੁਰੂ ਦੁਸ਼ਮਣਾਂ ਨੂੰ ਸਜ਼ਾ ਦੇਣ ਲਈ ਪੰਜਾਬ ਰਵਾਨਾ ਕਰ ਦਿੱਤਾ।

**ਬੰਦਾ ਪੰਜਾਬ ਵਿਚ ਤੇ ਉਸ ਦੀਆਂ ਸਫ਼ਲਤਾਵਾਂ :**

ਬੰਦੇ ਨੇ ਪੰਜਾਬ ਦੇ ਨੇੜੇ ਪੁਜਦਿਆਂ ਹੀ ਗੁਰੂ ਜੀ ਦੇ ਹੁਕਮਨਾਮੇ ਪ੍ਰਮੁੱਖ ਸਿੱਖਾਂ ਨੂੰ ਭੇਜ ਦਿੱਤੇ ਅਤੇ ਉਨ੍ਹਾਂ ਨੂੰ ਆਪਣੇ ਕੋਲ ਆਉਣ ਦਾ ਸੱਦਾ ਭੇਜਿਆ। ਉਸਨੇ ਸਿੱਖਾਂ ਨੂੰ ਦੱਸਿਆ ਕਿ ਗੁਰੂ ਸਾਹਿਬ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਦੇ ਕਾਤਲ, ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਅਤੇ ਉਸਦੇ ਕਰਮਚਾਰੀ ਸੁੱਚਾ ਨੰਦ ਨੂੰ ਕੀੜੀ ਦਾ ਫ਼ਲ ਭੁਗਤਾਉਣ ਆਇਆ ਹੈ। ਨਾਲ ਹੀ ਉਨ੍ਹਾਂ ਪਹਾੜੀ ਰਾਜਿਆਂ ਨੂੰ ਦੰਡ ਦੇਵੇਗਾ ਜਿਨ੍ਹਾਂ ਨੇ ਗੁਰੂ ਸਾਹਿਬ ਨਾਲ ਠੀਕ ਵਿਹਾਰ ਨਹੀਂ ਕੀਤਾ ਸੀ। ਹਰ ਪਾਸਿਉਂ ਸਿੱਖਾਂ ਦੀਆਂ ਵਹੀਰਾਂ ਬੰਦੇ ਕੋਲ ਆਉਣ ਲੱਗ ਪਈਆਂ। ਫਤਹਿ ਸਿੰਘ, ਧਰਮ ਸਿੰਘ, ਨਗਾਰੀਆਂ ਸਿੰਘ ਤੇ ਚੂੜ੍ਹ ਸਿੰਘ, ਸਭ ਤੋਂ ਪਹਿਲਾਂ ਬੰਦੇ ਦੀ ਹਾਜ਼ਰੀ ਵਿਚ ਪੁੱਜੇ। ਉਨ੍ਹਾਂ ਤੋਂ ਛੇਤੀ ਹੀ ਪਿਛੋਂ ਸਲੋਦੀ ਦੇ ਆਲੀ ਸਿੰਘ ਤੇ ਹੋਰ ਸਿੰਘਾਂ ਨੂੰ ਨਾਲ ਲੈ ਕੇ ਹਾਜ਼ਰ ਹੋ ਗਏ। ਫੂਲਕੀਆਂ ਘਰਾਣੇ ਦੇ ਰਾਮ ਸਿੰਘ ਤੇ ਤਿਰਲੋਕ ਸਿੰਘ ਨੇ ਬੜੀ ਖੁਲ ਦਿਲੀ ਨਾਲ ਇਸ ਸੈਨਿਕ ਤਿਆਰੀ ਵਿਚ ਹਿੱਸਾ ਲਿਆ ਤੇ ਕੁਝ ਮਹੀਨਿਆਂ ਵਿਚ ਸਾਰੀ ਜੱਟ-ਸਿੱਖ ਸਰਹਿੰਦ ਦੇ ਫੌਜਦਾਰ ਤੋਂ ਬਦਲਾ ਲੈਣ ਲਈ ਹਥਿਆਰਬੰਦ ਹੋ ਗਏ।

**ਸੋਨੀਪਤ ਤੇ ਹਮਲਾ ਕਰਨ ਤੇ ਸਰਕਾਰੀ ਖ਼ਜ਼ਾਨੇ ਨੂੰ ਲੁੱਟਣਾ :**

ਬੰਦੇ ਨੇ ਸਰਹਿੰਦ ਵੱਲ ਕੂਚ ਕਰ ਦਿੱਤਾ। ਰਾਹ ਵਿਚ ਪੈਂਦੇ ਮੁੱਖ ਮੁਸਲਮਾਨੀ ਨਗਰ ਸੋਨੀਪਤ ਨੂੰ ਲੁੱਟਦਾ ਤੇ

ਉਜਾੜਦਾ ਹੋਇਆ ਵਧਦਾ ਗਿਆ। ਜਦੋਂ ਉਹ ਕੈਂਥਲ ਵੱਲ ਪੁੱਜਾ ਤਾਂ ਉਸ ਨੂੰ ਖਬਰ ਮਿਲੀ ਕਿ ਬਹੁਤ ਵੱਡਾ ਖਜ਼ਾਨਾ ਦਿੱਲੀ ਨੂੰ ਲੈ ਜਾਇਆ ਜਾ ਰਿਹਾ ਹੈ। ਬੰਦਾ ਖਜ਼ਾਨਾ ਲੈ ਜਾਣ ਵਾਲੀ ਗਾਰਦ ਉੱਤੇ ਝਪਟਿਆ ਅਤੇ ਗਾਰਦ ਨੂੰ ਤਲਵਾਰ ਦੀ ਧਾਰ ਵਿਚੋਂ ਲੰਘਾ ਕੇ ਪੂਰਾ ਖਜ਼ਾਨਾ ਲੁੱਟ ਲਿਆ। ਇਸ ਖਜ਼ਾਨੇ ਨੂੰ ਬੰਦੇ ਨੇ ਆਪਣੇ ਸੈਨਿਕਾਂ ਵਿਚ ਵੰਡ ਦਿੱਤਾ। ਬੰਦੇ ਦੀ ਇਸ ਉਦਾਰਤਾ ਭਰੀ ਨੀਤੀ ਨੇ ਸੈਨਿਕਾਂ ਨੂੰ ਅਚੰਭਿਤ ਕਰ ਦਿੱਤਾ। ਇਸ ਬਾਅਦ ਉਨ੍ਹਾਂ ਨੇ ਕੈਂਥਲ (ਅੱਜ ਕਲ ਹਰਿਆਣਾ) ਦੇ ਹਿੰਦੂ ਆਮਲ, ਜੋ ਉਨ੍ਹਾਂ ਨੂੰ ਖਜ਼ਾਨਾ ਲੁੱਟਣ ਦੀ ਸਜ਼ਾ ਦੇਣ ਆਇਆ ਸੀ, ਨੇ ਕਰਾਰੀ ਹਾਰ ਦਿੱਤੀ ਅਤੇ ਕੈਂਥਲ ਨੂੰ ਲੁੱਟਿਆ।

**ਸਮਾਣੇ ਅਤੇ ਕਪੂਰੀ ਤੇ ਹਮਲਾ :**

26 ਨਵੰਬਰ 1709 ਈ. ਨੂੰ ਬੰਦੇ ਨੇ ਸਮਾਣੇ ਉੱਤੇ ਹਮਲਾ ਕਰ ਦਿੱਤਾ। ਇਹ ਨਗਰ ਉਸ ਜਲਾਦ ਜਲਾਲੁਦੀਨ ਦਾ ਜੱਦੀ ਨਿਵਾਸ ਸਥਾਨ ਸੀ ਜਿਸ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਕਤਲ ਕੀਤਾ ਸੀ। ਬੰਦੇ ਨੇ ਸ਼ਹਿਰ ਨੂੰ ਲੁੱਟ ਲਿਆ ਤੇ ਕੋਈ 10,000 ਮੁਸਲਮਾਨ ਕਤਲ ਕੀਤੇ। (ਸਢੋਰਾ ਹਰਿਆਣੇ ਵਿਚ) ਜਾਂਦਿਆਂ ਹੋਇਆਂ ਸ਼ਾਹਬਾਦ ਤੇ ਮੁਸਤਫਾਬਾਦ ਨੂੰ ਲੁੱਟਦਾ ਤੇ ਉਜਾੜਦਾ ਹੋਇਆ ਬੰਦਾ ਕਪੂਰੀ ਉੱਤੇ ਝਪਟਿਆ। ਇਥੋਂ ਦਾ ਫੌਜ਼ਦਾਰ ਕਾਦਮ-ਉਦ-ਦੀਨ ਜੋ ਮੰਨਿਆ ਹੋਇਆ ਲਫੰਗਾ ਤੇ ਵਿਸ਼ਈ ਸੀ, ਨੂੰ ਬੰਦੇ ਨੇ ਸਜ਼ਾ ਦੇਣ ਦਾ ਨਿਸ਼ਚਾ ਕੀਤਾ। ਉਸ ਨੂੰ ਕਤਲ ਕਰਕੇ ਉਸ ਦੇ ਮਕਾਨ ਨੂੰ ਅੱਗ ਲਗਾ ਦਿੱਤੀ ਗਈ।

**ਸਢੋਰੇ ਦੀ ਜਿੱਤ** :

ਹੁਣ ਬੰਦੇ ਨੇ ਸਢੌਰੇ ਵੱਲ ਧਿਆਨ ਕੀਤਾ। ਇਹ ਸ਼ਹਿਰ ਵੀ ਜਾਬਰਾਂ ਤੇ ਜ਼ਾਲਮਾਂ ਦਾ ਅੱਾ ਸੀ। ਇਥੋਂ ਦੇ ਹਿੰਦੂਆਂ ਨੂੰ ਆਪਣੇ ਮੁਰਦੇ ਸਾੜਨ ਦਾ ਹੁਕਮ ਨਹੀਂ ਸੀ। ਸ਼ਹਿਰ ਦੇ ਹਿੰਦੂਆਂ ਨੇ ਸਥਾਨਿਕ ਮੁਗ਼ਲ ਹਾਕਮਾਂ ਦੇ ਭੈੜੇ ਵਰਤਾਰੇ ਦੀ ਸ਼ਿਕਾਇਤ ਕੀਤੀ ਸੀ। ਇਥੋਂ ਦੇ ਫੌਜਦਾਰ ਉਸਮਾਨ ਖਾਂ ਨੇ ਪੀਰ ਬੁੱਧੂ ਸ਼ਾਹ ਨੂੰ ਇਸ ਲਈ ਤਸੀਹੇ ਦਿੱਤੇ ਸਨ ਕਿ ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਚ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕੀਤੀ ਸੀ। ਖਾਲਸਾ ਦਲ ਸਢੌਰੇ ਉਤੇ ਜਾ ਪਿਆ ਤੇ ਸਾਰੇ ਮੁਸਲਮਾਨ ਕਤਲ ਕਰ ਦਿੱਤੇ। ਜਿਨ੍ਹਾਂ ਮੁਸਲਮਾਨਾਂ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਪਨਾਹ ਲਈ ਹੋਈ ਸੀ ਉਨ੍ਹਾਂ ਨੂੰ ਵੀ ਮਾਰ ਦਿੱਤਾ। ਇਸ ਥਾਂ ਨੂੰ ਉਸ ਦਿਨ ਤੋਂ ਕਤਲ ਗੜ੍ਹੀ ਕਿਹਾ ਜਾਂਦਾ ਹੈ।

**ਮੁਖਲਿਸਪੁਰ ਤੇ ਕਬਜ਼ਾ ਅਤੇ ਸਰਹਿੰਦ ਦੀ ਜਿੱਤ :**

ਇਸ ਤੋਂ ਬਾਅਦ ਬੰਦੇ ਨੇ ਮੁਖਲਿਸਪੁਰ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ। ਇਨ੍ਹਾਂ ਜਿੱਤਾਂ ਕਰਕੇ ਬੰਦੇ ਦਾ ਹੌਸਲਾ ਵਧ ਗਿਆ ਤੇ ਸਰਹਿੰਦ ਉੱਤੇ ਹਮਲਾ ਬੋਲਣ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਹੋਰ ਸਿੱਖ ਉਸਦੇ ਨਾਲ ਆ ਮਿਲੇ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਸਿੱਖਾਂ ਅਤੇ ਹਿੰਦੂਆਂ ਉਤੇ ਅਣਗਿਣਤ ਜ਼ੁਲਮ ਕੀਤੇ ਸਨ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬੇਰਹਿਮੀ ਨਾਲ ਦੀਵਾਰਾਂ ਵਿਚ ਚਿਣਵਾਏ ਸਨ। ਇਥੇ ਹੀ ਗੁਰੂ ਸਾਹਿਬ ਜੀ ਦੀ ਮਾਤਾ ਨੇ ਆਪਣੇ ਪ੍ਰਾਣ ਵਜ਼ੀਰ ਦੀ ਕੈਦ ਵਿਚ ਤਿਆਗ ਦਿੱਤੇ ਸਨ। ਇਸ ਲਈ ਇਹ ਥਾਂ ਸਿੱਖਾਂ ਲਈ ਬੜੀ ਘ੍ਰਿਣਿਤ ਸੀ। ਇਸ ਨਿਰਦਈ ਨਗਰੀ ਨੂੰ ਢਾਹ ਢੇਰੀ ਕਰਨ ਲਈ ਸਿੱਖ ਉਤਾਵਲੇ ਤੇ ਬੇਚੈਨ ਸਨ। ਇਸ ਧਰਮ ਯੁੱਧ ਵਿਚ ਹਿੱਸਾ ਲੈਣਾ ਹਰ ਸਿੱਖ ਆਪਣਾ ਧਰਮ ਤੇ ਪਵਿੱਤਰ ਫਰਜ਼ ਸਮਝਦਾ ਸੀ। ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਨੂੰ ਜਦੋਂ ਬੰਦੇ ਦੀ ਖਬਰ ਮਿਲੀ ਤਾਂ ਉਸ ਨੇ ਬੰਦੇ ਨੂੰ ਸੋਧਣ ਲਈ ਇਕ ਫੌਜੀ ਦਸਤਾ ਭੇਜਿਆ ਪਰ ਉਸ ਨੂੰ ਬਹੁਤ ਬੁਰੀ ਹਾਰ ਹੋਈ ਤੇ ਚੋਖਾ ਨੁਕਸਾਨ ਹੋਇਆ। ਹੁਣ ਖੁਦ ਵਜ਼ੀਰ ਖਾਂ ਬੰਦੇ ਦਾ ਟਾਕਰਾ ਕਰਨ ਲਈ ਵਧਿਆ ਉਸ ਦੇ ਨਾਲ ਖਵਾਜਾ ਅਲੀ ਸ਼ੇਰ ਮੁਹੰਮਦ ਤੇ ਲਾਹੌਰ, ਹਿਸਾਰ ਤੇ ਐਮਨਾਬਾਦ ਦੀਆਂ ਫੌਜਾਂ ਵੀ ਸਨ। ਉਹਦੇ ਕੋਲ ਕੁਝ ਤੋਪਾਂ ਤੇ ਜੰਬੂਰਕੇ ਵੀ ਸੀ ਅਤੇ ਕੁਝ ਗਿਣਤੀ ਹਾਥੀਆਂ ਦੀ ਵੀ ਸੀ। ਇਸ ਦੇ ਮੁਕਾਬਲੇ ਤੇ ਬੰਦੇ ਕੋਲ ਨਾ ਤੋਪ ਸੀ, ਨਾ ਹਾਥੀ, ਸਗੋਂ ਚੰਗੇ ਹਥਿਆਰ ਵੀ ਤਸੱਲੀਬਖਸ਼ ਨਹੀਂ ਸਨ। ਇਹ ਪ੍ਰਸਿੱਧ ਲੜਾਈ ਸਰਹਿੰਦ ਤੋਂ ਦਸ ਮੀਲ ਦੂਰ ਚੱਪੜ ਝਿੜੀ ਦੇ ਮੈਦਾਨ ਉੱਤੇ 1710 ਈ. ਨੂੰ ਹੋਈ। ਯੁੱਧ ਆਰੰਭ ਹੁੰਦਿਆਂ ਹੀ ਮੁਗ਼ਲ ਤੋਪਾਂ ਨੇ ਗੋਲੀਆਂ ਦੀ ਵਰਖਾ ਸ਼ੁਰੂ ਕਰ ਦਿੱਤੀ ਅਤੇ ਬੰਦੇ ਦੇ ਲਸ਼ਕਰ ਵਿਚ ਜਿਹੜੇ ਲੋਕ ਸਿਰਫ਼ ਲੁੱਟ ਮਾਰ ਦੇ ਇਰਾਦੇ ਨਾਲ ਆਏ ਸਨ ਉਹ ਮੈਦਾਨ ਛੱਡ ਕੇ ਨੱਸ ਉੱਠੇ। ਕੇਵਲ ਸੱਚੇ ਸਿੱਖ ਹੀ ਵੈਰੀ ਨਾਲ ਲੋਹਾ ਲੈਣ ਲਈ ਯੁੱਧ ਖੇਤਰ ਵਿਚ ਰਹਿ ਗਏ। ਬੰਦੇ ਨੇ ਲੜਾਈ ਵਿਚ ਖੁਦ ਆਪਣੇ ਲਸ਼ਕਰ ਦੀ ਅਗਵਾਈ ਕੀਤੀ ਅਤੇ ਉਹ ਬੜੀ ਬਹਾਦਰੀ ਨਾਲ ਲੜਿਆ। ਧਾਰਮਿਕ ਜੋਸ਼ ਨੇ ਮੁਗ਼ਲ ਸੈਨਾ ਦੀ ਬਹੁਗਿਣਤੀ ਉੱਤੇ ਵਿਜੈ ਪ੍ਰਾਪਤ ਕੀਤੀ। ਵਜ਼ੀਰ ਖਾਂ ਇਸ ਯੁੱਧ ਵਿਚ ਮਾਰਿਆ ਗਿਆ।

**ਸਰਹਿੰਦ ਦੀ ਜੰਗ ਦੀ ਪੜਚੋਲ :**

ਐਸ.ਐਮ. ਲਤੀਫ਼ ਨੇ ਆਪਣੀ ਕਿਤਾਬ ਹਿਸਟਰੀ ਆਫ਼ ਦੀ ਪੰਜਾਬ ਵਿਚ ਬੰਦੇ ਤੇ ਉਸਦੇ ਕਾਰਨਾਮਿਆਂ

ਦਾ ਅਤੇ ਸਰਹਿੰਦ ਤੇ ਮੁਸਲਿਮ ਵਸਨੀਕਾਂ ਦੀਆਂ ਮੁਸੀਬਤਾਂ ਦਾ ਹਾਲ ਦਿੱਤਾ ਹੈ। ਉਹ ਲਿਖਦਾ ਹੈ ਬੰਦਾ ਸਰਹਿੰਦ ਵਿਚ ਦਾਖਲ ਹੋਇਆ ਅਤੇ ਵੈਰ ਲੈਣ ਵਾਲੇ ਵਤੀਰੇ ਨਾਲ ਇਸ ਸ਼ਹਿਰ ਨੂੰ ਸਜਾ ਦਿੱਤੀ। ਉਸ ਨੇ ਹੁਕਮ ਦਿੱਤਾ ਕਿ ਸ਼ਹਿਰ ਨੂੰ ਅੱਗ ਲਾ ਦਿਉ ਅਤੇ ਨਗਰ ਵਾਸੀਆਂ ਨੂੰ ਮੌਤ ਦੇ ਘਾਟ ਉਤਾਰ ਦਿਉ। ਸ਼ਹਿਰ ਸੜ ਰਿਹਾ ਸੀ ਤੇ ਬੰਦੇ ਦੇ ਸਾਥੀ ਵੱਢ–ਟੁਕ ਵਿਚ ਲੱਗੇ ਹੋਏ ਸਨ। ਉਹ ਬੱਚੇ ਬੁੱਢੇ ਤੀਵੀਂ–ਮਰਦ ਸਭ ਨੂੰ ਅੰਨ੍ਹੇਵਾਹ ਝਟਕਾਈ ਜਾ ਰਹੇ ਸਨ। ਕਿਸੇ ਮੁਸਲਮਾਨ ਨੂੰ ਕੋਹਿਆ, ਕਿਸੇ ਨੂੰ ਸੰਗੀਨ ਨਾਲ ਵਿਨ੍ਹਿਆ, ਕਿਸੇ ਨੂੰ ਗਲ ਘੁੱਟ ਕੇ ਮਾਰ ਦਿੱਤਾ, ਕਿਸੇ ਨੂੰ ਫਾਹੇ ਲਾ ਦਿੱਤਾ, ਗੋਲੀ ਦਾਗ ਦਿੱਤੀ ਜਾਂ ਟੋਟੇ–ਟੋਟੇ ਕਰ ਦਿੱਤਾ। ਏਨਾ ਹੀ ਨਹੀਂ ਮੁਰਦਿਆਂ ਉਤੇ ਵੀ ਗੁੱਸਾ ਕੱਢਿਆ ਗਿਆ। ਵਜ਼ੀਰ ਖਾਂ ਦੀ ਲੋਥ ਇਕ ਰੁੱਖ ਨਾਲ ਬੰਨ੍ਹ ਕੇ ਗਿੱਧਾ ਕਾਂਵਾਂ ਨੂੰ ਖਾਣ ਲਈ ਲਮਕਾ ਦਿੱਤੀ ਗਈ। ਮਸੀਤਾਂ ਦੀ ਬੇਅਦਬੀ ਕੀਤੀ ਗਈ ਉਨ੍ਹਾਂ ਨੂੰ ਸਾੜਿਆ ਗਿਆ। ਮੁਲਾਂ ਤੇ ਮੁਲਾਣਿਆਂ ਨਾਲ ਬੜਾ ਅਪਮਾਨਜਨਕ ਵਰਤਾਰਾ ਕੀਤਾ ਗਿਆ ਤੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। ਸਰਹਿੰਦ ਦੀ ਲੁੱਟ ਤੇ ਤਬਾਹੀ ਤਿੰਨ ਦਿਨ ਤਕ ਜਾਰੀ ਰਹੀ ਪਰ ਸਥਾਨਕ ਹਿੰਦੂਆਂ ਦੇ ਖਿਮਾ ਦੀ ਯਾਚਨਾ ਕਰਨ ਉੱਤੇ ਤੇ ਨਗਰ ਵਾਸੀਆਂ ਵਲੋਂ ਭਾਰੀ ਰਕਮ ਦੇਣ ਉਤੇ ਸ਼ਹਿਰ ਪੂਰੀ ਤਰ੍ਹਾਂ ਬਰਬਾਦ ਹੋਣ ਤੋਂ ਬਚ ਗਿਆ। ਪਰ ਹੁਣ ਵੀ ਸ਼ਹਿਰ ਨੂੰ ਰੱਬ ਦਾ ਮਾਰਿਆ ਮੰਨਿਆ ਜਾਂਦਾ ਹੈ ਤੇ ਅੱਜ ਤਕ ਵੀ ਕੱਟੜ ਸਿੱਖ ਸਰਹਿੰਦ ਦੇ ਥੇਹ ਨੂੰ ਸੱਤ ਛਿੱਤਰ ਮਾਰਦੇ ਹਨ। ਪਰ ਗੋਕਲ ਚੰਦ ਨਾਰੰਗ ਅਨੁਸਾਰ ਲਾਤੀਫ਼ ਨੇ ਸਰਹਿੰਦ ਦੀ ਲੁੱਟ ਨੂੰ ਵਧਾ ਚੜ੍ਹਾ ਕੇ ਲਿਖਿਆ ਹੈ। ਅਸਲ ਵਿਚ ਲਾਤੀਫ਼ ਨੇ ਖਾਫ਼ੀ ਖਾਂ ਤੇ ਹੋਰ ਸਮਕਾਲੀ ਲੇਖਕਾਂ ਦੀਆਂ ਲਿਖਤਾਂ ਦਾ ਹੀ ਖੁੱਲ੍ਹਾ ਅਨੁਵਾਦ ਕੀਤਾ ਹੈ। ਪਰ ਨਿਰਸੰਦੇਹ ਹੀ ਇਨ੍ਹਾਂ ਸਾਰਿਆਂ ਦੀਆਂ ਲਿਖਤਾਂ ਪੱਖਪਾਤ ਭਰੀਆਂ ਤੇ ਤੁਅੱਸਬੀ ਹਨ, ਜੋ ਮੁਸਲਮਾਨ ਨੂੰ ਸਜਾ ਦੇਣ ਵਾਲੇ ਬੰਦੇ ਦੇ ਬਰਖਿਲਾਫ਼ ਲਿਖੀਆਂ ਗਈਆਂ ਸਨ। ਗੋਕਲ ਚੰਦ ਨਾਰੰਗ ਆਪਣੇ ਬਿਆਨ ਦੀ ਪੁਸ਼ਟੀ ਵਿਚ ਲਿਖਦਾ ਹੈ, 'ਅਹਿਮਦ ਸ਼ਾਹ ਦੇ ਮਕਬਰੇ ਦੀ ਸ਼ਾਨਦਾਰ ਇਮਾਰਤ ਅੱਜ ਵੀ ਉਥੇ ਹੀ ਖੜੀ ਹੈ ਜਿਵੇਂ ਇਸ ਲੜਾਈ ਤੋਂ ਪਹਿਲਾਂ ਸੀ। ਸਿੱਖ ਇਤਿਹਾਸਕਾਰ ਸਿਰਫ਼ ਇਕ ਕਬਰ ਪੁੱਟਣ ਦਾ ਹਵਾਲਾ ਦਿੰਦੇ ਹਨ। ਇਸ ਵਿਚ ਬੀਬੀ ਅਨੂਪ ਕੌਰ ਦਾ ਮਿਰਤਕ ਸਰੀਰ ਦੱਬਿਆ ਹੋਇਆ ਸੀ। ਇਹ ਸਿੱਖ ਬੀਬੀ ਸੀ ਜਿਸ ਨੂੰ ਸ਼ੇਰ ਮੁਹੰਮਦ ਖਾਂ ਜ਼ਬਰਦਸਤੀ ਚੁੱਕ ਕੇ ਲੈ ਗਿਆ ਸੀ। ਬੀਬੀ ਨੇ ਆਪਣਾ ਸਤ ਬਚਾਉਣ ਲਈ ਆਤਮ ਹੱਤਿਆ ਕਰ ਲਈ, ਪਿਛੋਂ ਸ਼ੇਰ ਮੁਹੰਮਦ ਨੇ ਉਸ ਨੂੰ ਦਫ਼ਨ ਕਰਵਾ ਦਿੱਤਾ ਸੀ। ਉਸ ਦੀ ਲਾਸ਼ ਨੂੰ ਕੱਢਿਆ ਗਿਆ ਤੇ ਦੁਬਾਰਾ ਉਸ ਦੀਆਂ ਆਖਰੀ ਰਸਮਾਂ ਚਿਤਾ ਜਲਾ ਕੇ ਕੀਤੀਆਂ ਗਈਆਂ।

**ਸਹਾਰਨਪੁਰ ਬਿਹਾਤ ਨੂੰ ਜਿੱਤਣਾ ਜਲਾਲਾਬਾਦ ਵਿਖੇ ਵਿਦਰੋਹ :**

ਬੰਦਾ ਹੁਣ ਹਿੰਦੂਆਂ ਦੀ ਰੱਖਿਆ ਕਰਨ ਵਾਲਾ ਯੋਧਾ ਸਮਝਿਆ ਜਾਣ ਲੱਗ ਪਿਆ। ਹਿੰਦੂਆਂ ਨੇ (ਜੋ ਸਿੱਖ ਬਣ ਗਏ ਸਨ) ਫ਼ਰਿਆਦ ਕੀਤੀ ਕਿ ਜਲਾਲਾਬਾਦ ਦਾ ਹਾਕਮ ਉਨ੍ਹਾਂ ਤੇ ਬੜਾ ਅਤਿਆਚਾਰ ਕਰਦਾ ਹੈ। ਇਹ ਸੁਣ ਕੇ ਬੰਦੇ ਨੇ ਪੂਰਬ ਵੱਲ ਨੂੰ ਕੂਚ ਕਰ ਦਿੱਤਾ। ਜਲਾਲਾਬਾਦ ਨੂੰ ਜਾਂਦਿਆਂ ਰਾਹ ਵਿਚ ਉਸਨੇ ਸਹਾਰਨਪੁਰ ਤੇ ਹਮਲਾ ਕਰ ਦਿੱਤਾ। ਇਥੋਂ ਦਾ ਫੌਜਦਾਰ ਸ਼ਹਿਰ ਛੱਡ ਕੇ ਭੱਜ ਗਿਆ ਤੇ ਸਿੱਖਾਂ ਨੇ ਸ਼ਹਿਰ ਲੁੱਟਿਆ। ਸਹਾਰਨਪੁਰ ਤੋਂ ਬਾਅਦ ਬੰਦੇ ਨੇ ਬਿਹਾਤ ਤੇ ਹਮਲਾ ਕੀਤਾ। ਇਥੋਂ ਦੇ ਪੀਰਜ਼ਾਦੇ ਹਿੰਦੂਆਂ ਸਾਹਮਣੇ ਗਊ ਹੱਤਿਆ ਕਰਦੇ ਸਨ। ਬੰਦੇ ਨੇ ਇਸ ਸ਼ਹਿਰ ਨੂੰ ਲੁੱਟਿਆ ਤੇ ਕਬਜ਼ਾ ਕਰ ਲਿਆ। ਫੇਰ ਅਬੇਤਾ ਤੇ ਨਾਨੌਤਾ ਢਾਹ ਢੇਰੀ ਕੀਤੇ ਗਏ। ਨਾਂਨੌਤਾ ਦਾ ਥੇਹ ਅਜੇ ਵੀ 'ਫੁੱਟਾ ਸ਼ਹਿਰ' ਕਰਕੇ ਪ੍ਰਸਿੱਧ ਹੈ। ਇਸ ਤੋਂ ਪਿਛੋਂ ਬੰਦੇ ਨੇ ਜਲਾਲਾਬਾਦ ਨੂੰ ਘੇਰਾ ਪਾ ਲਿਆ। ਪਠਾਣ ਬੜੀ ਬਹਾਦਰੀ ਨਾਲ ਲੜੇ। ਹੁਣ ਬਰਸਾਤਾਂ ਸ਼ੁਰੂ ਹੋ ਗਈਆਂ ਸਨ ਤੇ ਚੁਫੇਰੇ ਨਾਲ ਲਗਦੇ ਇਲਾਕੇ ਵਿਚੋਂ ਰਾਸ਼ਨ ਪਾਣੀ ਮਿਲਣਾ ਅਸੰਭਵ ਹੋ ਗਿਆ ਸੀ ਅਤੇ ਇਸ ਲਈ ਘੇਰਾ ਛੱਡ ਦਿੱਤਾ। ਇਸ ਤੋਂ ਪਿਛੋਂ ਉਸ ਨੇ ਕਰਨਾਲ ਜਿੱਤਿਆ ਅਤੇ ਪਾਣੀਪਤ ਦਾ ਸਾਰਾ ਇਲਾਕਾ ਸਰ ਕਰ ਲਿਆ। ਉਸ ਸਮੇਂ ਦਿੱਲੀ ਤਕ ਕੋਈ ਅਜਿਹਾ ਸਰਦਾਰ ਨਹੀਂ ਸੀ ਜਿਹੜਾ ਬੰਦੇ ਦੇ ਟਾਕਰੇ ਲਈ ਚੜ੍ਹਾਈ ਕਰਨ ਦਾ ਹੌਸਲਾ ਕਰ ਸਕਦਾ।

**ਜਲੰਧਰ ਦੁਆਬ ਦੇ ਸਿੱਖਾਂ ਦਾ ਸੰਘਰਸ਼ :**

ਸਰਹਿੰਦ ਦੀ ਜਿੱਤ ਪਿਛੇ ਹਰ ਥਾਂ ਦੇ ਸਿੱਖ ਇਹ ਪ੍ਰਤੀਤ ਕਰਨ ਲਗ ਪਏ ਸਨ ਕਿ ਉਨ੍ਹਾਂ ਦੇ ਸੁਤੰਤਰਤਾ ਦੇ ਦਿਨ ਆ ਗਏ ਹਨ। ਬੰਦਾ ਅਜੇ ਗੰਗਾ ਦੇ ਦੁਆਬ ਵਿਚ ਹੀ ਸੀ ਕਿ ਜਲੰਧਰ ਦੁਆਬ ਦੇ ਸਾਰੇ ਸਿੱਖ ਹਥਿਆਰਬੰਦ ਹੋ ਕੇ ਮੁਗ਼ਲਾਂ ਦੀ ਅਧੀਨਗੀ ਤੋਂ ਛੁਟਕਾਰਾ ਪਾਉਣ ਲਈ ਉੱਠ ਖੜੋਤੇ। ਸਰਹਿੰਦ ਦੇ ਗੁਆਂਢ ਵਿਚ ਰਹਿੰਦੇ ਹੋਣ ਕਰਕੇ ਸੁਤੰਤਰਤਾ ਲਈ ਵਿਦਰੋਹ ਕਰਨ ਦੀ ਭਾਵਨਾ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਛੋਟੇ ਮੁਸਲਮਾਨ ਹਾਕਮਾਂ ਨੂੰ ਕੱਢ ਕੇ ਉਨ੍ਹਾਂ ਦੀ ਥਾਂ ਸਿੱਖ ਹਾਕਮ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਜਲੰਧਰ ਦੇ ਫ਼ੌਜਦਾਰ ਸਮਸ਼ ਖਾਂ ਨੂੰ ਚਿੱਠੀ ਲਿਖ ਕੇ ਰਾਜ ਪ੍ਰਬੰਧ ਵਿਚ ਕਈ ਸੁਧਾਰ ਕਰਵਾਉਣ ਲਈ ਕਿਹਾ ਤੇ ਨਾਲ

ਉਸਨੂੰ ਆਪਣਾ ਖ਼ਜ਼ਾਨਾ ਖਾਲਸੇ ਦੇ ਹਵਾਲੇ ਕਰ ਦੇਣ ਲਈ ਲਿਖਿਆ। ਫ਼ੌਜਦਾਰ ਘਬਰਾ ਗਿਆ ਤੇ ਉਸਨੇ ਇਲਾਕੇ ਦੇ ਵਸਨੀਕਾਂ ਨੂੰ ਇਸਲਾਮ ਧਰਮ ਦੇ ਨਾਂ ਉਤੇ ਵੰਗਾਰਕੇ ਸਿੱਖਾਂ ਦੇ ਵਿਰੁੱਧ ਜਹਾਦ (ਧਰਮ ਯੁੱਧ) ਕਰਨ ਦੀ ਯਾਚਨਾ ਕੀਤੀ। ਇੰਜ ਉਹ 75 ਹਜ਼ਾਰ ਤੋਂ ਇਕ ਲੱਖ ਤੀਕ ਮੁਸਲਮਾਨ ਇਕੱਠੇ ਕਰਨ ਵਿਚ ਕਾਮਯਾਬ ਹੋ ਗਿਆ। ਇਹ ਲਸ਼ਕਰ ਸਿੱਖਾਂ ਵੱਲ ਵਧਿਆ। ਇਨ੍ਹਾਂ ਨੂੰ ਵੇਖ ਕੇ ਸਿੱਖ ਰਾਹੋਂ ਵੱਲ ਪਿਛੇ ਹਟ ਗਏ, ਮੁਸਲਮਾਨ ਜਹਾਦੀਆਂ ਨੇ ਰਾਹੋਂ ਨੂੰ ਘੇਰਾ ਪਾ ਲਿਆ। ਸਿੱਖ ਰਾਤ ਦੇ ਹਨੇਰੇ ਵਿਚ ਰਾਹੋਂ ਤੋਂ ਇਕ ਪਾਸੇ ਨਿਕਲ ਗਏ, ਦੂਜੇ ਦਿਨ ਸਵੇਰੇ ਉਨ੍ਹਾਂ ਨੇ ਰਾਹੋਂ ਉਤੇ ਹਮਲਾ ਕਰ ਦਿੱਤਾ। ਇਥੇ ਸਮਸ਼ ਖਾਂ ਦੇ ਮੁਸਲਮਾਨ ਲਸ਼ਕਰ ਅਤੇ ਸਿੱਖਾਂ ਵਿਚਾਲੇ ਘਮਸਾਨ ਦਾ ਯੁੱਧ ਹੋਇਆ। ਸਮਸ਼ ਖਾਂ ਦੀਆਂ ਫ਼ੌਜਾਂ ਨੂੰ ਹਾਰ ਹੋਈ ਤੇ ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖਾਂ ਨੇ ਬਿਨਾਂ ਕਿਸੇ ਖਾਸ ਮੁਕਾਬਲੇ ਦੇ ਹੁਸ਼ਿਆਰਪੁਰ ਉੱਤੇ ਕਬਜ਼ਾ ਕਰ ਲਿਆ।

**ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਤੇ ਕਬਜ਼ਾ :**

ਇਨ੍ਹਾਂ ਜਿੱਤਾਂ ਨਾਲ ਸਿੱਖਾਂ ਦਾ ਹੌਸਲਾ ਵਧ ਗਿਆ ਤੇ ਉਨ੍ਹਾਂ ਨੇ ਅੰਮ੍ਰਿਤਸਰ, ਬਟਾਲਾ, ਕਲਾਨੌਰ ਤੇ ਪਠਾਨਕੋਟ ਉਤੇ ਵੀ ਅਧਿਕਾਰ ਜਮਾ ਲਿਆ। ਸਰਕਾਰੀ ਅਫਸਰਾਂ ਨੂੰ ਕੱਢ ਕੇ ਸਿੱਖਾਂ ਨੇ ਆਪਣੇ ਥਾਣੇ ਤੇ ਤਹਿਸੀਲਾਂ ਸਥਾਪਿਤ ਕੀਤੀਆਂ। ਖਾਲਸਾ ਦਲ ਦਾ ਮੁੱਖ ਭਾਗ ਲਾਹੌਰ ਦੀਆਂ ਕੰਧਾਂ ਤਕ ਜਾ ਪਹੁੰਚਿਆ। ਲਾਹੌਰ ਦਾ ਸੂਬੇਦਾਰ ਸੱਯਦਾਂ ਅਸਲਮ ਖਾਂ ਏਨਾ ਭੈਭੀਤ ਹੋ ਗਿਆ ਸੀ ਕਿ ਉਹ ਸਿੱਖਾਂ ਦਾ ਟਾਕਰਾ ਕਰਨ ਲਈ ਬਾਹਰ ਹੀ ਨਾ ਨਿਕਲਿਆ। ਪਰ ਮੁਲਾਣਿਆਂ ਨੇ ਮੁਸਲਮਾਨ ਵਸਨੀਕਾਂ ਦੇ ਮਜ਼ਹਬੀ ਜੋਸ਼ ਨੂੰ ਉਭਾਰਿਆ ਤੇ ਸਿੱਖਾਂ ਵਿਰੁੱਧ ਜਹਾਦ ਕਰਨ ਲਈ ਹੈਦਰੀ ਝੰਡਾ ਖੜਾ ਕੀਤਾ, ਪਰ ਸਿੱਖਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾਇਆ। ਸਿੱਖਾਂ ਨੇ ਲਾਹੌਰ ਤੇ ਕਬਜ਼ਾ ਠੀਕ ਨਾ ਸਮਝਿਆ। ਹੁਣ ਸਿੱਖ ਲਗਭਗ ਸਾਰੇ ਪੰਜਾਬ ਦੇ ਮਾਲਕ ਬਣ ਗਏ।

**ਬੰਦਾ ਸਿੰਘ ਬਹਾਦਰ ਅਤੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ :**

ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਵਿਚ ਸੀ ਅਤੇ ਮੁਗ਼ਲ ਜਰਨੈਲ, ਤੇ ਹਾਕਮ ਸਾਰੇ ਹੀ ਬੰਦੇ ਤੋਂ ਖ਼ੌਫ਼ ਖਾਂਦੇ ਸਨ। ਕੋਈ ਵੀ ਉਸਦਾ ਟਾਕਰਾ ਕਰਨ ਦਾ ਹੌਸਲਾ ਨਹੀਂ ਸੀ ਕਰਦਾ। ਇਨ੍ਹਾਂ ਲੋਕਾਂ ਨੂੰ ਇਹ ਵੀ ਵਿਸ਼ਵਾਸ ਸੀ ਕਿ ਬੰਦਾ ਵੱਡਾ ਜਾਦੂਗਰ ਹੈ। ਪੰਜਾਬ ਵਿਚ ਸਿੱਖਾਂ ਵਲੋਂ ਮਚਾਈ ਗਈ ਤਬਾਹੀ ਦੀ ਖਬਰ ਸੁਣ ਕੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੇ ਜੂਨ 1710 ਈ. ਵਿਚ ਇਕ ਵੱਡੀ ਫੌਜ ਲੈ ਕੇ ਦੱਖਣ ਵਿਚੋਂ ਕੂਚ ਕੀਤਾ। ਜਦੋਂ ਬਾਦਸ਼ਾਹ ਸ਼ਾਹ ਅਜਮੇਰ ਪੁੱਜਾ ਤੇ ਹਜ਼ਾਰਾਂ ਹੀ ਲੋਕ ਜਿਹੜੇ ਸਰਹਿੰਦ ਦੀ ਤਬਾਹੀ ਕਰਕੇ ਬੇਘਰ ਹੋ ਗਏ ਸਨ ਪੰਜਾਬ ਨੂੰ ਛੱਡ ਕੇ ਇਧਰ ਨਿਕਲ ਆਏ ਸਨ, ਬਹਾਦਰ ਸ਼ਾਹ ਅੱਗੇ ਪੇਸ਼ ਹੋਏ। ਬਹਾਦਰ ਸ਼ਾਹ ਇਨ੍ਹਾਂ ਦੀ ਦੁਰਦਸ਼ਾ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਤੇ ਉਹ ਕੁਝ ਚਿਰ ਦਮ ਮਾਰਨ ਲਈ ਵੀ ਰਾਜਧਾਨੀ ਵਿਚ ਦਾਖਲ ਨਾ ਹੋਇਆ, ਸਗੋਂ ਸੱਖਾਂ ਨੂੰ ਸੋਧਣ ਲਈ ਸਿੱਧਾ ਸਰਹਿੰਦ ਨੂੰ ਚਲਾ ਗਿਆ। ਉਸ ਨੇ ਦਿੱਲੀ ਤੇ ਅਵਧ ਦੇ ਸੂਬੇਦਾਰ ਨੂੰ ਮੁਰਾਦਾਬਾਦ ਤੇ ਅਲਾਹਾਬਾਦ ਦੇ ਫ਼ੌਜਦਾਰਾਂ ਤੇ ਨਾਜ਼ਮਾਂ ਨੂੰ ਅਤੇ ਬਰਹਾ ਦੇ ਸੱਯਦਾਂ ਨੂੰ ਪੰਜਾਬ ਪੁੱਜਣ ਦਾ ਹੁਕਮ ਭੇਜਿਆ। ਸਿੱਖਾਂ ਲਈ ਉਸਦੇ ਮਨ ਵਿਚ ਅਜਿਹੀ ਘਿਰਣਾ ਭਰੀ ਹੋਈ ਸੀ ਕਿ ਉਹ ਹਰੇਕ ਦਾੜ੍ਹੀ ਵਾਲੇ ਆਦਮੀ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦਾ ਸੀ। 2 ਸਤੰਬਰ 1713 ਈ. ਨੂੰ ਉਸਨੇ ਇਕ ਹੁਕਮ ਜਾਰੀ ਕੀਤਾ ਕਿ ਸ਼ਾਹੀ ਦਫਤਰ ਵਿਚ ਨੌਕਰੀ ਕਰ ਰਹੇ ਸਭ ਹਿੰਦੂ ਦਾੜ੍ਹੀ ਮੁਨਵਾ ਦੇਣ।

**ਲੋਹਗੜ੍ਹ ਦੀ ਲੜਾਈ :**

ਬਾਦਸ਼ਾਹ ਦੇ ਪੁਜਣ ਦੀ ਖ਼ਬਰ ਸੁਣਕੇ ਸਿੱਖ ਬੰਦੇ ਦੀ ਜਥੇਬੰਦੀ ਅਧੀਨ ਸੋਨੀਪਤ, ਪਾਣੀਪਤ ਦੇ ਥਾਨੇਸਰ ਵਿਚੋਂ ਹਟ ਕੇ ਸਢੌਰੇ ਵਿਚ ਆ ਗਏ। ਸ਼ਾਹੀ ਫੌਜਾਂ ਪੰਜ ਦਸੰਬਰ ਨੂੰ ਸਢੌਰੇ ਵਿਚ ਆ ਉਤਰੀਆਂ। ਹੁਣ ਬਾਦਸ਼ਾਹੀ ਫ਼ੌਜਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਸਮੇਂ ਮੁਗ਼ਲ ਬਾਦਸ਼ਾਹ ਆਪਣੇ ਦੋਹਾਂ ਪੁੱਤਰਾਂ ਸਮੇਤ ਫੌਜ ਦੇ ਨਾਲ ਆ ਮਿਲਿਆ ਸੀ ਤੇ ਉਹ ਇਹ ਮੁਹਿੰਮ ਦੀ ਕਮਾਨ ਖੁਦ ਕਰ ਰਿਹਾ ਸੀ। ਮੁਗ਼ਲ ਬਾਦਸ਼ਾਹ ਨੇ ਆਪਣੇ ਅਫਸਰਾਂ ਨੂੰ ਹਦਾਇਤ ਕੀਤੀ ਕਿ ਉਹ ਸਿੱਖਾਂ ਦੇ ਮਜ਼ਬੂਤ ਮੋਰਚਿਆਂ ਉੱਤੇ ਕਿਸੇ ਹਾਲ ਵਿਚ ਹਮਲਾ ਨਾ ਕਰਨ ਸਗੋਂ ਇਸ ਗੱਲ ਦੀ ਹਰ ਸੰਭਵ ਕੋਸ਼ਿਸ਼ ਕਰਨ ਕਿ ਸਿੱਖ ਆਪਣੀ ਕਿਲ੍ਹਾਬੰਦੀ ਵਿਚੋਂ ਨਿਕਲ ਕੇ ਅੱਗੇ ਵਧਣ। ਕਿਲ੍ਹੇ ਦੀ ਮੋਰਚਾਬੰਦੀ ਇੰਨੀ ਕਰੜੀ ਸੀ ਕਿ ਕੁਝ ਸਮੇਂ ਤੱਕ ਬਾਦਸ਼ਾਹ ਨੂੰ ਇਸ ਉਤੇ ਹਮਲਾ ਕਰਨ ਦੀ ਹਿੰਮਤ ਨਾ ਪਈ। ਕਈ ਦਿਨਾ ਤੱਕ ਫੌਜਾਂ ਵਲੋਂ ਕਾਰਵਾਈ ਨਾ ਹੋਈ। ਆਖਰ ਅਮੀਨ ਖਾਂ ਕਿਲ੍ਹੇ ਉਤੇ ਆਕਰਮਣ ਕਰਨ ਲਈ ਵਧਿਆ। ਉਸ ਨੇ ਆਪਣੀ ਫੌਜ ਦੀ ਅਗਵਾਈ ਕਰਦਿਆਂ ਪੈਦਲ ਚਲਕੇ ਬੜੀ ਔਖੀ ਚੜ੍ਹਾਈ ਤੇ ਪੁਜ ਕੇ, ਕੱਟ-ਵੱਢ ਪਿਛੋਂ ਸਿੱਖਾਂ ਨੂੰ ਹਟਾ ਦਿੱਤਾ।

ਉਧਰ ਸਿੱਖਾਂ ਕੋਲ ਰਾਸ਼ਨ ਤੇ ਸਮਾਨ ਦੀ ਥੁੜ ਸੀ ਤੇ ਉਹ ਲੰਮੇ ਘੇਰੇ ਲਈ ਤਿਆਰ ਨਹੀਂ ਸਨ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਆਪਣੇ ਘੋੜੇ ਤੇ ਪਸ਼ੂ ਵੀ ਖਾ ਮੁਕਾਏ ਸਨ। ਉਹ ਜਾਨਾਂ ਹੀਲ ਕੇ ਲੜੇ। 11 ਦਸੰਬਰ ਦੀ ਰਾਤ ਨੂੰ ਬੰਦਾ ਭੇਸ ਬਦਲ ਕੇ ਨਿਕਲ ਗਿਆ ਅਤੇ ਨਾਹਨ ਦੀਆਂ ਪਹਾੜੀਆਂ ਵਿਚ ਜਾ ਵੜਿਆ। ਦੂਜੇ ਦਿਨ ਸਵੇਰੇ ਅਮੀਨ ਖਾਂ ਨੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ ਪਰ ਉਸ ਨੂੰ ਇਹ ਜਾਣਕੇ ਬੜੀ ਨਿਰਾਸਤਾ ਹੋਈ ਕਿ ਬੰਦਾ ਉਥੋਂ ਉਡਾਰੀ ਮਾਰ ਗਿਆ ਸੀ। ਪਿੱਛੇ ਕਿਲ੍ਹੇ ਵਿਚ ਕੇਵਲ ਇਕ ਸਿੱਖ ਗੁਲਾਬ ਸਿੰਘ ਕੁਝ ਮੁਰਦੇ ਅਧਮੋਏ ਤੇ ਫੱਟੜ ਸਿੱਖ ਹੀ ਸਨ। ਬਾਦਸ਼ਾਹ ਦਾ ਗੁੱਸਾ ਭੜਕ ਉਠਿਆ ਤੇ ਉਸ ਨੇ ਆਪਣੇ ਸਰਦਾਰਾਂ ਨੂੰ ਹੁਕਮ ਦਿੱਤਾ ਕਿ ਬੰਦੇ ਦਾ ਪਿੱਛਾ ਕਰੋ, ਹੋ ਸਕੇ ਉਸ ਨੂੰ ਜਿਉਂਦਾ ਫੜ ਕੇ ਲਿਆਓ। ਪਰ ਬੰਦੇ ਨੂੰ ਕਾਬੂ ਕਰਨ ਦੇ ਸਾਰੇ ਯਤਨ ਅਸਫ਼ਲ ਰਹੇ।

**ਬੰਦਾ ਤੇ ਪਹਾੜੀ ਰਾਜੇ :**

ਲੋਹਗੜ੍ਹ ਵਿਚੋਂ ਨਿਕਲਣ ਤੋਂ 15 ਦਿਨਾਂ ਦੇ ਵਿਚ ਹੀ ਬੰਦੇ ਨੇ ਵੱਖ ਵੱਖ ਇਲਾਕਿਆਂ ਦੇ ਸਿੱਖਾਂ ਨੂੰ ਹੁਕਮਨਾਮੇ ਭੇਜੇ ਕਿ ਤੁਰੰਤ ਹੀ ਉਸ ਕੋਲ ਪੁੱਜ ਜਾਣ। ਹੁਕਮਨਾਮੇ ਪੁੱਜਣ ਤੇ ਸਿੱਖਾਂ ਦੇ ਦਲਾਂ ਦੇ ਦਲ ਕੀਰਤਪੁਰ ਪੁੱਜ ਗਏ। ਉਥੇ ਬੰਦੇ ਨੇ ਉਹਨਾਂ ਪਹਾੜੀ ਰਾਜਿਆਂ ਉਤੇ ਚੜ੍ਹਾਈ ਕਰ ਦਿੱਤੀ ਜਿਹੜੇ ਗੁਰੂ ਗੋਬਿੰਦ ਸਿੰਘ ਨੂੰ ਤੰਗ ਕਰਦੇ ਰਹੇ ਸਨ। ਥੋੜ੍ਹੇ ਹੀ ਸਮੇਂ ਵਿਚ ਇਨ੍ਹਾਂ ਸਾਰਿਆਂ ਨੂੰ ਅਧੀਨਗੀ ਵਿਚ ਲੈ ਆਂਦਾ। ਚੰਬੇ ਦੇ ਰਾਜੇ ਉਦੇ ਸਿੰਘ ਨੇ ਸਿੱਖਾਂ ਨਾਲ ਮਿੱਤਰਤਾ ਸਥਾਪਤ ਕਰਨ ਲਈ ਆਪਣੇ ਟੱਬਰ ਵਿਚੋਂ ਇਕ ਲੜਕੀ ਦੀ ਸ਼ਾਦੀ ਬੰਦੇ ਨਾਲ ਕਰ ਦਿੱਤੀ। ਪਰ ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਕੁਲੂ ਦੇ ਰਾਜੇ ਨੇ ਬੰਦੇ ਨੂੰ ਧੋਖੇ ਨਾਲ ਕੈਦ ਕਰ ਲਿਆ ਅਤੇ ਬੰਦੇ ਨੇ ਕੈਦ ਤੋਂ ਭੱਜਣ ਲਈ ਇਸ ਦੀ ਲੜਕੀ ਨਾਲ ਵਿਆਹ ਕਰ ਲਿਆ। ਇਸ ਤੋਂ ਬੰਦੇ ਦਾ ਇਕ ਪੁੱਤਰ ਹੋਇਆ।

ਛੇਤੀ ਹੀ ਮਗਰੋਂ ਬੰਦਾ ਪਠਾਨਕੋਟ ਆ ਨਿਕਲਿਆ। ਜੰਮੂ ਦਾ ਸੂਬੇਦਾਰ ਆਪਣੇ ਭਤੀਜੇ ਸਮਸ਼ ਖਾਂ ਨੂੰ ਨਾਲ ਲੈ ਕੇ ਬੰਦੇ ਦਾ ਮੁਕਾਬਲਾ ਕਰਨ ਲਈ ਅੱਗੇ ਵਧਿਆ। ਪਰ ਉਸ ਨੂੰ ਹਾਰ ਹੋਈ ਤੇ ਚਾਚਾ-ਭਤੀਜਾ ਦੋਵੇਂ ਲੜਾਈ ਵਿਚ ਮਾਰੇ ਗਏ। ਸਿੱਖਾਂ ਨੇ ਰਾਏਪੁਰ, ਕਲਾਨੌਰ ਤੇ ਬਟਾਲੇ ਦੇ ਸ਼ਹਿਰ ਲੁੱਟ ਲਏ। ਹੁਣ ਬਾਦਸ਼ਾਹ ਲਾਹੌਰ ਵੱਲ ਵਧਿਆ ਅਤੇ ਮੁਹੰਮਦ ਅਮੀਨ ਖਾਂ ਤੇ ਰੁਸਤਮ ਖਾਂ ਨੂੰ ਸਿੱਖਾਂ ਦਾ ਟਾਕਰਾ ਕਰਨ ਲਈ ਭੇਜਿਆ। ਪਰ ਬੰਦਾ ਫਿਰ ਪਹਾੜਾਂ ਵਿਚ ਜਾ ਵੜਿਆ। ਸ਼ਹਿਨਸ਼ਾਹ ਨੇ ਛੇ ਮਹੀਨੇ ਅਮਨ ਦੇ ਕੱਟੇ, ਪਰ ਉਸਨੂੰ ਪਾਗਲਪਨ ਦਾ ਰੋਗ ਹੋ ਗਿਆ ਤੇ ਫਰਵਰੀ 1712 ਈ. ਵਿਚ ਉਸ ਦੀ ਮੌਤ ਹੋ ਗਈ। ਹਰ ਵਾਰ ਵਾਂਗ ਹੁਣ ਵੀ ਤਖ਼ਤ ਪ੍ਰਾਪਤ ਕਰਨ ਲਈ ਲੜਾਈ ਲੜੀ ਗਈ। ਇਸ ਕਰਕੇ ਸਿੱਖਾਂ ਨੂੰ ਪੰਜਾਬ ਵਿਚ ਮੁੜ ਪੈਰ ਜਮਾਉਣ ਦਾ ਚੰਗਾ ਅਵਸਰ ਮਿਲ ਗਿਆ।ਇਸ ਸਮੇ ਜਹਾਨਦਾਰ ਖਾਂ ਮੁਗ਼ਲ ਸ਼ਹਿਨਸ਼ਾਹ ਬਣਿਆ। ਉਸ ਨੇ ਕੁਝ ਮਹੀਨੇ ਰਾਜ ਕੀਤਾ ਅਤੇ ਜ਼ਬਰਦਸਤ ਖਾਂ ਨੂੰ ਲਾਹੌਰ ਦਾ ਗਵਰਨਰ ਮੁਕੱਰਰ ਕੀਤਾ। ਪਰ ਇਹ ਦੋਵੇਂ ਹੀ ਸ਼ਾਸਨ ਕਰਨ ਦੇ ਯੋਗ ਨਹੀਂ ਸਨ। ਫਰੁੱਖਸ਼ੀਅਰ ਨੇ ਜਹਾਂਦਾਰ ਖਾਂ ਨੂੰ ਤਖਤੋਂ ਲਾਹ ਦਿੱਤਾ ਤੇ ਆਪ ਸ਼ਹਿਨਸ਼ਾਹ ਬਣਿਆ। ਉਸ ਨੇ ਅਬਦੁੱਸ ਸਮੱਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਉਸ ਨੂੰ ਹੁਕਮ ਦਿੱਤਾ ਕਿ ਬੰਦੇ ਨੂੰ ਇਲਾਕੇ ਵਿਚੋਂ ਕੱਢ ਦੇਵੇ। ਅਕਤੂਬਰ 1713 ਈ. ਵਿਚ ਸਿੱਖ ਸਢੋਰੇ ਤੇ ਲੋਹਗੜ੍ਹ ਛੱਡਣ ਲਈ ਇਕ ਵਾਰ ਫਿਰ ਮਜ਼ਬੂਰ ਹੋ ਗਏ।

**ਫਰੁੱਖਸੀਅਰ ਤੇ ਗੁਰਦਾਸ ਨੰਗਲ ਦੀ ਲੜਾਈ :**

1715 ਈ. ਦੇ ਆਰੰਭ ਵਿਚ ਬੰਦਾ ਫਿਰ ਮੈਦਾਨੀ ਇਲਾਕੇ ਵਿਚ ਉਤਰ ਆਇਆ ਅਤੇ ਕਲਾਨੌਰ ਤੇ ਬਟਾਲੇ ਵੱਲ ਵਧਿਆ ਤੇ ਦੋਵੇਂ ਸ਼ਹਿਰ ਬੰਦੇ ਨੇ ਜਿੱਤ ਲਏ। ਅਨੇਕਾਂ ਹੀ ਮੁਸਲਮਾਨ ਮਾਰੇ ਗਏ। ਇਸ ਨਵੀਂ ਗੜਬੜ ਦੀ ਖਬਰ ਸੁਣ ਕੇ ਫਰੁੱਖਸ਼ੀਅਰ ਬੜੇ ਜੋਸ਼ ਵਿਚ ਆਇਆ, ਉਸ ਨੇ ਲਾਹੌਰ ਦੇ ਨਾਜ਼ਿਮ ਨੂੰ ਕਰੜਾ ਹੁਕਮ ਭੇਜਿਆ ਕਿ ਬੰਦੇ ਦੀ ਸ਼ਕਤੀ ਖਤਮ ਕਰੇ। ਹੁਕਮ ਮਿਲਣ ਤੇ ਅਬਦੁੱਸ ਸਮੱਦ ਖਾਂ ਪ੍ਰਮੁੱਖ ਯੋਧਿਆਂ ਦੀ ਇਕ ਵੱਡੀ ਤੇ ਸ਼ਕਤੀਮਾਨ ਤੋਪਖਾਨਾ ਲੈ ਕੇ ਸਿੱਖਾਂ ਦੇ ਪਿਛੇ ਗਿਆ। ਅੰਤ ਵਿਚ ਬੰਦਾ ਗੁਰਦਾਸ ਨੰਗਲ ਵਿਚ ਭਾਈ ਦੁਨੀ ਚੰਦ ਦੀ ਕੱਚੀ ਹਵੇਲੀ ਵਿਚ ਪਨਾਹ ਲੈਣ ਲਈ ਮਜ਼ਬੂਰ ਹੋ ਗਿਆ। ਹਵੇਲੀ ਨੂੰ ਸਖਤ ਘੇਰਾ ਪਾ ਲਿਆ ਤੇ ਬਾਹਰੋਂ ਕੋਈ ਚੀਜ਼ ਵੀ ਅੰਦਰ ਜਾਣੀ ਅਸੰਭਵ ਹੋ ਗਈ ਅਤੇ ਸਿੱਖਾਂ ਕੋਲ ਰਾਸ਼ਨ ਨਹੀਂ ਸੀ ਇਸ ਲਈ ਉਨ੍ਹਾਂ ਘਾਹ, ਘੋੜੇ, ਖੋਤੇ, ਪਸ਼ੂ ਵੀ ਖਾ ਕੇ ਗੁਜਾਰਾ ਕੀਤਾ। ਨਾਲ ਹੀ ਇਕ ਹੋਰ ਗੜਬੜ ਹੋ ਗਈ। ਬੰਦੇ ਤੇ ਵਿਨੋਦ ਸਿੰਘ ਦਾ ਝਗੜਾ ਹੋ ਗਿਆ। ਬੰਦਾ ਬਹਾਦਰ ਵਿਨੋਦ ਸਿੰਘ ਦੀਆਂ ਯੋਜਨਾਵਾਂ ਨਾਲ ਸਹਿਮਤ ਨਹੀਂ ਸੀ। ਵਿਨੋਦ ਸਿੰਘ ਗੜ੍ਹੀ ਛੱਡ ਲੜਦਾ ਮਾਰਦਾ ਮੁਗ਼ਲ ਫੌਜਾਂ ਦੇ ਘੇਰੇ 'ਚੋਂ ਨਿਕਲ ਗਿਆ।

ਇਸ ਤੋਂ ਪਿਛੋਂ ਵੀ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ, ਸਿੱਖ ਭੁੱਖੇ ਮਰ ਰਹੇ ਸਨ ਅਤੇ ਕੋਈ ਅੱਠ ਹਜ਼ਾਰ ਮਰ ਚੁੱਕੇ ਸਨ ਤੇ ਬਾਕੀ ਪਿੰਜਰ ਹੋ ਗਏ ਸਨ। ਆਖਰ 7 ਦਸੰਬਰ 1715 ਈ. ਨੂੰ ਬਾਦਸ਼ਾਹ ਫ਼ੌਜਾਂ ਨੇ ਹਮਲਾ

ਕਰ ਦਿੱਤਾ ਅਤੇ ਬੰਦੇ ਨੇ ਭੁੱਖ ਨਾਲ ਅਧਮੋਏ ਹੋਏ ਸਿੱਖਾਂ ਸਮੇਤ ਹਥਿਆਰ ਸੁੱਟ ਦਿੱਤੇ।

**ਬੰਦਾ ਬਹਾਦਰ ਦਾ ਬਲੀਦਾਨ :**

ਬੰਦੇ ਤੇ ਹੋਰ ਸਾਰੇ ਸਿੱਖਾਂ ਨੂੰ ਹਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਭੇਜ ਦਿੱਤਾ ਤੇ ਉਥੋਂ ਉਹ ਦਿੱਲੀ ਭੇਜੇ ਗਏ। ਲਾਹੌਰ ਤੇ ਦਿੱਲੀ ਦੀਆਂ ਗਲੀਆਂ ਵਿਚ ਉਨ੍ਹਾਂ ਦਾ ਜਲੂਸ ਕੱਢਿਆ ਗਿਆ। ਉਹ ਫਰਵਰੀ 1716 ਈ. ਨੂੰ ਦਿੱਲੀ ਪੁੱਜੇ। ਬੰਦਾ ਤੇ ਉਸ ਦੇ ਸਾਥੀ ਦਿੱਲੀ ਦੀਆਂ ਮੁੱਖ ਗਲੀਆਂ ਵਿਚੋਂ ਘੁਮਾਏ ਗਏ। ਇਸ ਜਲੂਸ ਦੇ ਅੱਗੇ ਦੋ ਹਜ਼ਾਰ ਸਿੱਖਾਂ ਦੇ ਵੱਢੇ ਹੋਏ ਸਿਰ ਨੇਜ਼ਿਆਂ ਉਤੇ ਟੰਗੇ ਹੋਏ ਸਨ। ਉਨ੍ਹਾਂ ਦੇ ਕੇਸ ਖਿੱਲਰੇ ਹੋਏ ਸਨ। ਉਨ੍ਹਾਂ ਦੇ ਨਾਲ ਹੀ ਇਕ ਨੇਜੇ ਉਤੇ ਮਰੀ ਹੋਈ ਬਿੱਲੀ ਟੰਗੀ ਹੋਈ ਸੀ, ਜਿਸ ਦਾ ਭਾਵ ਇਹ ਸੀ ਕਿ ਗੜ੍ਹੀ ਵਿਚੋਂ ਮਿਲੇ ਜਾਨਵਰ ਵੀ ਖਤਮ ਕਰ ਦਿੱਤੇ ਗਏ ਸਨ। ਬੰਦੇ ਨੂੰ ਜ਼ੰਜੀਰਾਂ ਵਿਚ ਜਕੜ ਕੇ ਪਿੰਜਰੇ ਵਿਚ ਪਾਇਆ ਹੋਇਆ ਸੀ। ਇਹ ਪਿੰਜਰਾ ਇਕ ਬੁੱਢੇ ਹਾਥੀ ਉਤੇ ਰੱਖਿਆ ਹੋਇਆ ਸੀ। ਉਸ ਦੇ ਪਿਛੇ ਇਕ ਤੁਰਾਨੀ ਅਫਸਰ ਨੰਗੀ ਤਲਵਾਰ ਲਈ ਖੜਾ ਸੀ। ਉਸ ਨੂੰ ਹੁਕਮ ਸੀ ਕਿ ਬੰਦਾ ਨੱਠਣ-ਭੱਜਣ ਦੀ ਕੋਸ਼ਿਸ਼ ਕਰੇ ਤਾਂ ਕਤਲ ਕਰ ਦਿੱਤਾ ਜਾਵੇ। ਬੰਦੇ ਦਾ ਮਖੌਲ ਉਡਾਉਣ ਲਈ ਉਸ ਨੂੰ ਸ਼ਾਹੀ ਪੁਸ਼ਾਕ ਪਹਿਨਾਈ ਗਈ ਤੇ ਸੁਨਹਿਰੀ ਲਾਲ ਪੱਗ ਬੰਨ੍ਹਵਾਈ ਗਈ ਸੀ। ਇਸ ਹਾਲ ਵਿਚ ਉਹ ਆਪਣੇ ਮਰ ਚੁੱਕੇ ਸਾਥੀਆਂ ਦੇ ਪਿਛੇ ਪਿਛੇ ਲੈ ਜਾਇਆ ਜਾ ਰਿਹਾ ਸੀ ਅਤੇ ਉਸ ਦੇ ਹਾਥੀ ਮਗਰ ਬਾਕੀ ਸਿੱਖ ਜਾ ਰਹੇ ਸਨ। ਉਨ੍ਹਾਂ ਨੂੰ ਜੋਟੇ-ਜੋਟੇ ਵਿਚ ਉਠਾਂ ਉੱਤੇ ਬੰਨ੍ਹਿਆ ਹੋਇਆ ਸੀ, ਉਨ੍ਹਾਂ ਦੇ ਸਿਰਾਂ ਉੱਤੇ ਭੇਡ ਦੀ ਖੱਲ ਦੀਆਂ ਲੰਮੀਆਂ-ਲੰਮੀਆਂ ਟੋਪੀਆਂ ਰੱਖੀਆਂ ਸਨ ਜਿਨ੍ਹਾਂ ਵਿਚ ਸ਼ੀਸ਼ੇ ਦੇ ਮਣਕੇ ਲੱਗੇ ਹੋਏ ਸਨ। ਦਿੱਲੀ ਦੇ ਲੋਕ ਇਨ੍ਹਾਂ ਕੈਦੀਆਂ ਨੂੰ ਵੇਖ ਕੇ ਮਖੌਲ ਉਡਾਉਂਦੇ ਸਨ। ਮੁਸਲਮਾਨ ਖੁਸ਼ੀ ਵਿਚ ਆਪੇ ਤੋਂ ਬਾਹਰ ਹੋ ਰਹੇ ਸਨ ਪਰ ਸਿੱਖ ਇਸ ਹਾਲ ਵਿਚ ਵੀ ਖੁਸ਼ ਤੇ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਜਾਪਦੇ ਸਨ। ਉਨ੍ਹਾਂ ਦੇ ਚਿਹਰਿਆਂ ਉਤੇ ਉਦਾਸੀ ਜਾਂ ਪਛਤਾਵੇ ਦਾ ਕੋਈ ਚਿੰਨ੍ਹ ਤੱਕ ਨਹੀਂ ਸੀ ਜਾਪਦਾ। ਉਹ ਖੁਸ਼ੀ ਵਿਚ ਗੁਰਬਾਣੀ ਗਾਉਂਦੇ ਜਾ ਰਹੇ ਸਨ।

5 ਮਾਰਚ 1716 ਈ. ਵਿਚ ਸਿੱਖਾਂ ਦਾ ਕਤਲ ਸ਼ੁਰੂ ਹੋਇਆ। ਮੁਗ਼ਲ ਸ਼ਹਿਨਸ਼ਾਹ ਦੇ ਹੁਕਮ ਨਾਲ ਉਸ ਦਿਨ ਇਕ ਸੌ ਸਿੱਖ ਕਤਲ ਕੀਤੇ ਗਏ। ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਵਿਚੋਂ ਜਿਹੜਾ ਵੀ ਆਪਣਾ ਧਰਮ ਛੱਡ ਕੇ ਮੁਸਲਮਾਨ ਹੋ ਜਾਵੇਗਾ, ਉਸ ਨੂੰ ਸੁਤੰਤਰ ਕਰ ਦਿੱਤਾ ਜਾਵੇਗਾ, ਪਰ ਉਹ ਕਮਾਲ ਦੀ ਬੇਪਰਵਾਹੀ ਨਾਲ ਸਿਰ ਕਟਵਾਉਣ ਲਈ ਅੱਗੇ ਵਧਦੇ ਰਹੇ ਸਗੋਂ ਉਹ ਸ਼ਹੀਦੀ ਪਾਉਣ ਲਈ ਇਕ ਦੂਜੇ ਤੋਂ ਅੱਗੇ ਹੋ ਕੇ ਵਾਰੀ ਲੈਣ ਦੀ ਕੋਸ਼ਿਸ਼ ਕਰਦੇ ਸਨ। ਉਹ ਜਲਾਦ ਨੂੰ ਮੁਕਤੀ ਦਾਤਾ (One who brings salvation) ਕਹਿੰਦੇ ਸਨ। ਹਰੇਕ ਕੈਦੀ ਸਿੱਖ ਉਸ ਨੂੰ ਕਹਿ ਰਿਹਾ ਸੀ, "ਮੇਰੇ ਮੁਕਤੀ ਦਾਤਾ" ਪਹਿਲਾਂ ਮੇਰੀ ਜਾਨ ਕੱਢ। 19 ਜੂਨ 1971 ਈ. ਨੂੰ ਬੰਦੇ ਉਤੇ ਮੁਕੱਦਮਾ ਚਲਾਇਆ ਗਿਆ। ਦਰਬਾਰ ਦੇ ਸਾਰੇ ਅਮੀਰਾਂ ਨੇ ਪੁੱਛਿਆ ਕਿ ਐਡਾ ਗਿਆਨਵਾਨ ਤੇ ਗੁਣਵਾਨ ਹੋ ਕੇ ਤੂੰ ਅਜਿਹੇ ਸੰਗੀਨ ਜ਼ੁਰਮ ਕਿਉਂ ਕੀਤੇ। ਬੰਦੇ ਨੇ ਗੱਜ ਕੇ ਜਵਾਬ ਦਿੱਤਾ ਕਿ 'ਮੈਂ ਤਾਂ ਪਾਪੀਆਂ ਨੂੰ ਦੰਡ ਲਈ ਪਰਮਾਤਮਾ ਦੇ ਹੱਥ ਦਾ ਇਕ ਚਾਬਕ ਸੀ।' ਬੰਦੇ ਦੇ ਪੁੱਤਰ ਅਜੇ ਸਿੰਘ ਨੂੰ ਉਸ ਦੀ ਗੋਦ ਵਿਚ ਬਿਠਾ ਕੇ ਉਸ ਨੂੰ ਕਿਹਾ ਕਿ ਉਸ ਦਾ ਗਲ ਵੱਢ ਦੇਵੇ। ਇਸ ਕੰਮ ਲਈ ਇਕ ਛੁਰੀ ਵੀ ਉਸ ਨੂੰ ਫੜਾਈ। ਬੰਦੇ ਦੇ ਇਨਕਾਰ ਕਰਨ ਤੇ ਜਲਾਦ ਨੇ ਉਸਦੇ ਪੁੱਤਰ ਦੇ ਟੁਕੜੇ-ਟੁਕੜੇ ਕਰ ਦਿੱਤੇ। ਫੇਰ ਬੰਦੇ ਦਾ ਮਾਸ ਲਾਲ ਕੀਤੇ ਹੋਏ ਜੰਬਰਾਂ ਨਾਲ ਨੋਚਿਆ ਗਿਆ ਤੇ ਅੰਤ 19 ਜੂਨ 1716 ਈ. ਨੂੰ ਉਸਦਾ ਕਤਲ ਕਰ ਦਿੱਤਾ ਗਿਆ। ਅੰਤਲੇ ਸਾਹਾਂ ਤੱਕ ਬੰਦਾ ਸ਼ਾਂਤ ਤੇ ਅਡੋਲ ਰਿਹਾ ਤੇ ਉਸਦਾ ਨਿਸ਼ਚਾ ਅਟੱਲ ਰਿਹਾ।

**ਬੰਦੇ ਦਾ ਰਾਜ :**

ਬੰਦੇ ਦੇ ਨਵੇਂ ਜਿੱਤੇ ਇਲਾਕਿਆਂ ਵਿਚ ਲੋੜੀਂਦਾ ਢਾਂਚਾ ਕਾਇਮ ਕੀਤਾ। ਉਸ ਨੇ ਸਢੌਰੇ ਨੇੜੇ ਇਕ ਸੁੰਦਰ ਪਹਾੜੀ ਸਥਾਨ ਮੁਖਲਿਸਪੁਰ ਨੂੰ ਹੈਡ ਕੁਆਟਰ ਬਣਾਇਆ। ਇਸ ਦੀ ਮੁਰੰਮਤ ਕਰਵਾ ਕੇ ਇਸ ਦਾ ਨਾਮ ਲੋਹਗੜ੍ਹ ਰੱਖਿਆ। ਬੰਦੇ ਨੇ ਰਾਜਸੀ ਸੱਤਾ ਧਾਰਨ ਕਰਕੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਸਿੱਕੇ ਵੀ ਚਾਲੂ ਕੀਤੇ। ਸਰਕਾਰੀ ਕਾਗ਼ਜ਼ਾਂ ਅਤੇ ਚਿੱਠੀਆਂ ਉਤੇ ਲਾਉਣ ਵਾਸਤੇ ਮੁਹਰ ਵੀ ਬਣਵਾਈ।ਇਸ ਤੇ ਅੰਕਿਤ ਸੀ :

ਦੇਗ, ਤੇਗ, ਫਤਿਹ, ਨੁਸਰਤ ਬੇਦਰੰਗ।
ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ।

ਅਰਥਾਤ ਅਸੀਂ 'ਦੇਗ-ਤੇਗ' ਵਿਜੈ ਤੇ ਦਾਨ-ਪੁੰਨ ਫਤਿਹ ਤੇ ਸਰਪਰਸਤੀ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਕੀਤੀ ਹੈ।

ਬੰਦੇ ਨੇ ਆਪਣਾ ਸੰਮਤ ਵੀ ਜਾਰੀ ਕੀਤਾ ਜੋ ਸਰਹਿੰਦ ਦੀ ਫਤਿਹ ਦੇ ਦਿਨ ਤੋਂ ਜਾਰੀ ਹੁੰਦਾ ਹੈ। ਉਸ ਨੇ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਥਾਪਿਆ ਤੇ ਸਲੌਦੀ ਦੇ ਆਲੀ ਸਿੰਘ ਨੂੰ ਉਸ ਦਾ ਨਾਇਬ ਮੁਕੱਰਰ ਕੀਤਾ। ਭਾਈਕੇ ਘਰਾਣੇ ਦੇ ਫਤਿਹ ਸਿੰਘ ਨੂੰ ਥਾਨੇਸਰ ਵਿਚ ਨਿਯੁਕਤ ਕੀਤਾ, ਸਰਹਿੰਦ ਦੇ ਅਠਾਈ ਪਰਗਨਿਆਂ ਦੇ ਮੁਗ਼ਲ ਹਾਕਮਾਂ ਨੂੰ ਕੱਢ ਕੇ ਉਨ੍ਹਾਂ ਦੀ ਥਾਂ ਹਿੰਦੂ ਅਧਿਕਾਰੀ ਨਿਯੁਕਤ ਕੀਤੇ।

**(1) ਜਿਮੀਂਦਾਰੀ ਸਿਸਟਮ ਦਾ ਅੰਤ :**

ਰਾਜ ਪ੍ਰਬੰਧ ਦੇ ਪੱਖ ਤੋਂ ਬੰਦੇ ਬਹਾਦਰ ਦਾ ਸਭ ਤੋਂ ਵੱਡਾ ਕਾਰਨਾਮਾ ਜ਼ਿਮੀਂਦਾਰੀ ਸਿਸਟਮ ਨੂੰ ਖਤਮ ਕਰਨਾ ਸੀ। ਜ਼ਿਮੀਂਦਾਰ ਕਿਸਾਨਾਂ ਤੋਂ ਬੜਾ ਕਰੜਾ ਕਰ ਵਸੂਲ ਕਰਦੇ ਸਨ। ਕਿਸਾਨਾਂ ਦੀ ਦਸ਼ਾ ਤਾਂ ਗੁਲਾਮਾਂ ਵਾਲੀ ਹੋ ਚੁੱਕੀ ਸੀ। ਸਾਰੇ ਇਲਾਕਿਆਂ ਵਿਚ ਪ੍ਰਬੰਧਕੀ ਦਸ਼ਾ ਖਰਾਬ ਹੋ ਚੁੱਕੀ ਸੀ ਅਤੇ ਸਰਕਾਰੀ ਅਧਿਕਾਰੀਆਂ ਦਾ ਜ਼ਿਮੀਂਦਾਰਾਂ ਉਤੇ ਕੋਈ ਕੰਟਰੋਲ ਨਹੀਂ ਸੀ। ਇਕ ਸਥਾਨਿਕ ਪਰੰਪਰਾ ਦੱਸਦੀ ਹੈ ਕਿ ਸਢੌਰੇ ਦੇ ਲਾਗੇ ਚਾਗੇ ਦੇ ਕਿਸਾਨਾ ਨੇ ਬੰਦੇ ਕੋਲ ਫ਼ਰਿਆਦ ਕੀਤੀ ਕਿ ਸਾਡੇ ਜ਼ਿਮੀਂਦਾਰ ਸਾਡੇ ਨਾਲ ਬੜੀ ਧੱਕੇਸ਼ਾਹੀ ਕਰਦੇ ਹਨ। ਬੰਦੇ ਨੇ ਬਾਜ ਸਿੰਘ ਨੂੰ ਹੁਕਮ ਦਿੱਤਾ, ਇਨ੍ਹਾਂ ਨੂੰ ਗੋਲੀ ਨਾਲ ਉਡਾ ਦਿਓ। ਉਹ ਕਿਸਾਨ ਆਪਣੀ ਫ਼ਰਿਆਦ ਦਾ ਅਜਿਹਾ ਨਿਰਣਾ ਸੁਣਕੇ ਬੜੇ ਹੈਰਾਨ ਹੋਏ ਅਤੇ ਡਰਦੇ ਹੋਏ ਇਸਦਾ ਕਾਰਨ ਪੁੱਛਿਆ। ਬੰਦੇ ਨੇ ਉੱਤਰ ਦਿੱਤਾ ਕਿ ਤੁਸੀਂ ਅਜਿਹੇ ਵਤੀਰੇ ਦੇ ਅਧਿਕਾਰੀ ਹੋ ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿਚ ਹੁੰਦਿਆਂ ਵੀ ਤੁਸੀਂ ਥੋੜ੍ਹੇ ਜਿਹੇ ਜ਼ਿਮੀਂਦਾਰਾਂ ਤੋਂ ਇੰਜ ਕਾਇਰਾਂ ਵਾਂਗ ਦਬੇ ਹੋਏ ਹੋ। ਗੁਰੂ ਕਾ ਖਾਲਸਾ ਅਵੱਸ਼ ਹੀ ਇਸ ਯੋਗ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਨਾਲ ਹੋ ਰਹੀ ਬੇਇਨਸਾਫ਼ੀ ਦਾ ਟਾਕਰਾ ਆਪ ਕਰ ਸਕੇ। ਇਸ ਦਾ ਪਰਿਣਾਮ ਇਹ ਹੋਇਆ ਕਿ ਇਲਾਕੇ ਦੇ ਕਿਸਾਨਾ ਨੇ ਵਿਦਰੋਹ ਕਰਕੇ ਜ਼ਿਮੀਂਦਾਰਾਂ ਨੂੰ ਕੱਢ ਦਿੱਤਾ। ਪੰਜਾਬ ਦੇ ਕੁਝ ਹੋਰ ਇਲਾਕਿਆਂ ਵਿਚ ਵੀ ਪੀੜਤ ਕਿਸਾਨਾਂ ਨੇ ਇਹੀ ਵਿਧੀ ਅਪਣਾਈ।

**(2) ਬੰਦਾ ਬਹਾਦਰ ਦੀਆਂ ਸਫ਼ਲਤਾਵਾਂ ਦੀ ਪੜਚੋਲ :**

ਬੰਦਾ ਬਹਾਦਰ ਇਕ ਮਹਾਨ ਵਿਅਕਤੀ ਤੇ ਅਥਾਹ ਹਿੰਮਤ ਵਾਲਾ ਲੀਡਰ ਸੀ। ਉਸ ਦੀਆਂ ਮਹਾਨ ਸਫ਼ਲਤਾਵਾਂ ਕਰਕੇ ਸਿੱਖਾਂ ਨੂੰ ਉਹ ਪ੍ਰਤਿਸ਼ਠਾ ਤੇ ਸ਼ਕਤੀ ਪ੍ਰਾਪਤ ਹੋਈ ਜਿਹੜੀ ਪਹਿਲਾਂ ਕਦੇ ਨਹੀਂ ਸੀ ਮਿਲੀ। ਉਸ ਦੇ ਕਾਰਨ ਸਿੱਖ ਧਰਮ ਦਾ ਵਿਕਾਸ ਹੋਇਆ। ਜਿਨ੍ਹਾਂ ਨੇ ਪਹਿਲਾਂ ਕਦੇ ਗੁਰੂਆਂ ਦੇ ਨਾਮ ਵੀ ਨਹੀਂ ਸੀ ਸੁਣੇ, ਉਹ ਵੀ ਬੰਦੇ ਦੀਆਂ ਜਿੱਤਾਂ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਮੱਤ ਵਿਚ ਸ਼ਾਮਿਲ ਹੋਏ। ਪਰੰਤੂ ਉਸ ਦੇ ਚਰਿੱਤਰ ਤੇ ਉਸ ਦੀਆਂ ਸਫ਼ਲਤਾਵਾਂ ਬਾਰੇ ਸਮਕਾਲੀ ਤੇ ਆਧੁਨਿਕ ਇਤਿਹਾਸਕਾਰਾਂ ਦੀਆਂ ਰਾਵਾਂ ਵਿਚ ਕਾਫੀ ਮਤਭੇਦ ਹੈ।

**(3) ਬੰਦਾ ਇਕ ਦਲੇਰ ਅਤੇ ਸਿਆਣਾ ਲੀਡਰ ਸੀ ਨਾ ਕਿ ਹਤਿਆਰਾ :**

ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਇਹ ਤਾਂ ਨਿਰਸੰਦੇਹ ਮੰਨਣਾ ਪਵੇਗਾ ਕਿ ਸਿੱਖਾਂ ਦੇ ਚਰਿੱਤਰ ਵਿਚ ਪਲਟਾ ਲਿਆਉਣ ਵਾਲਾ ਤੇ ਉਨ੍ਹਾਂ ਨੂੰ ਇਕ ਨਵਾਂ ਜੀਵਨ ਦੇਣ ਵਾਲੇ ਵਿਅਕਤੀ ਤਾਂ ਗੁਰੂ ਗੋਬਿੰਦ ਸਿੰਘ ਹੀ ਸੀ ਪਰ ਨਾਲ ਹੀ ਕਹਿ ਸਕਦੇ ਹਾਂ ਕਿ ਸਿੱਖਾਂ ਨੂੰ ਵਿਜੈ ਪ੍ਰਾਪਤੀ ਦੀ ਵਿਧੀ ਸਿਖਾਉਣ ਵਾਲਾ ਪਹਿਲਾ ਵਿਅਕਤੀ ਬੰਦਾ ਸਿੰਘ ਬਹਾਦਰ ਸੀ। ਡਾ. ਗੰਡਾ ਸਿੰਘ ਕਹਿੰਦੇ ਹਨ ਕਿ ਬੰਦੇ ਨੇ ਸਿੱਖਾਂ ਨੂੰ ਠੀਕ ਵਿਧੀ ਨਾਲ ਜਥੇਬੰਦ ਕਰਕੇ ਇਸ ਜਥੇਬੰਦੀ ਨੂੰ ਮੁਗ਼ਲ ਰਾਜ ਨੂੰ ਸਹੀ ਰਸਤੇ ਪਾਉਣ ਲਈ ਇਕ ਰਾਜਨੀਤਿਕ ਸ਼ਕਤੀ ਦੇ ਰੂਪ ਵਿਚ ਵਰਤਿਆ ਅਤੇ ਦੇਸ਼ ਵਾਸੀਆਂ ਨੂੰ ਸੁਤੰਤਰਤਾ ਦਾ ਪਹਿਲਾ ਝਲਕਾਰਾ ਦਿੱਤਾ।

ਇਨ੍ਹਾਂ ਮਤਾਂ ਦੇ ਉਲਟ ਲਤੀਫ਼ ਬੰਦੇ ਬਾਰੇ ਲਿਖਦਾ ਹੈ ਕਿ ਉਸ ਦੀਆਂ ਜਿੱਤਾਂ ਬਹਾਦਰਾਨਾ ਕਾਰਨਾਮਿਆਂ ਵਿਚ ਨਹੀਂ ਸਗੋਂ ਮੰਦ ਭਾਵਨਾ ਤੇ ਕਠੋਰਤਾ ਭਰੇ ਜ਼ੁਲਮ ਦੇ ਰੂਪ ਵਿਚ ਯਾਦ ਕੀਤੀਆਂ ਜਾਂਦੀਆਂ ਹਨ। ਅੱਜ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਉਸ ਨੂੰ ਵਹਿਸ਼ੀਆਨਾ ਖੂਨ-ਖਰਾਬੇ ਵਾਲੀਆਂ ਕਾਰਵਾਈਆਂ ਨਾਲ ਸਬੰਧਤ ਕਰਨ ਤੋਂ ਬਿਨਾਂ ਕੋਈ ਬੰਦੇ ਦਾ ਨਾਮ ਨਹੀਂ ਲੈਂਦਾ। ਲਤੀਫ਼ ਨੇ ਬੰਦੇ ਨੂੰ ਲਹੂ ਪੀਣਾ ਜਾਨਵਰ ਕਿਹਾ ਹੈ ਜੋ ਬੱਚਿਆਂ ਤੇ ਇਸਤਰੀਆਂ ਦਾ ਖੂਨ ਕਰਨ ਤੋਂ ਨਾ ਝਿਜਕਿਆ। ਖਾਫ਼ੀ ਖਾਂ ਵੀ ਬੰਦੇ ਨੂੰ ਇਕ ਅਜਿਹਾ ਦੈਂਤ ਦੱਸਦਾ ਹੈ ਜਿਸ ਨੇ ਗਰਭਵਤੀ ਇਸਤਰੀਆਂ ਦੇ ਪੇਟ ਵੀ ਚਾਕ ਕਰ ਦਿੱਤੇ ਅਤੇ ਬੱਚਿਆਂ ਦੇ ਟੋਟੇ ਕਰ ਦਿੱਤੇ। ਕਈ ਹੋਰ ਮੁਸਲਿਮ ਲੇਖਕਾਂ ਨੇ ਬੰਦੇ ਨੂੰ ਸਰਹਿੰਦ ਤੇ ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿਚ ਕੀਤੇ ਅਤਿਆਚਾਰਾਂ ਲਈ ਦੋਸ਼ੀ ਮੰਨਿਆ ਹੈ। ਸ਼ਾਇਦ ਕੋਈ ਹੋਰ ਵਿਅਕਤੀ ਅਜਿਹਾ ਨਹੀਂ ਜਿਸ ਬਾਰੇ ਸਮਕਾਲੀ ਫ਼ਾਰਸੀ ਲੇਖਕਾਂ ਨੂੰ ਅਜਿਹੇ ਘਿਰਣਾ ਭਰੇ ਬਿਆਨ ਦਿੱਤੇ ਹੋਣ। ਯੂਰਪੀਨ ਲੇਖਕਾਂ ਨੇ ਵੀ ਇਨ੍ਹਾਂ ਫ਼ਾਰਸੀ ਲੇਖਕਾਂ ਦੀ ਨਕਲ ਕੀਤੀ ਹੈ। ਪਰ ਸਮਕਾਲੀ ਲੇਖਕਾਂ ਨੂੰ ਨਿਰਪੱਖ ਨਹੀਂ

ਮੰਨਿਆ ਜਾ ਸਕਦਾ ਕਿਉਂਕਿ ਉਹ ਜਾਂ ਤਾਂ ਸਰਕਾਰੀ ਅਖ਼ਬਾਰ ਨਵੀਸ ਸਨ ਜਾਂ ਮੁਗ਼ਲ ਬਾਦਸ਼ਾਹ ਦੇ ਪਿੱਠੂ ਸਨ। ਇਸ ਲਈ ਉਨ੍ਹਾਂ ਦੀਆਂ ਲਿਖਤਾਂ ਵਿਸ਼ਵਾਸਯੋਗ ਨਹੀਂ ਹੋ ਸਕਦੀਆਂ। ਉਨ੍ਹਾਂ ਨੇ ਮਾਤਾ ਸੁੰਦਰੀ ਦੇ ਪੱਤਰ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਮਾਤਾ ਜੀ ਨੇ ਬੰਦੇ ਨੂੰ ਝਿੜਕਿਆ ਹੈ ਕਿਉਂਕਿ ਉਸ ਨੇ ਲੋਕਾਂ ਉਤੇ ਜ਼ੁਲਮ ਕੀਤਾ ਸੀ ਜੋ ਗੁਰੂ ਜੀ ਦੇ ਸਿਧਾਂਤ ਦੇ ਵਿਰੁੱਧ ਸੀ।

ਇਤਿਹਾਸਕ ਪੱਖ ਤੇ ਪਰਖਿਆਂ ਬੰਦਾ ਅਜਿਹਾ ਖ਼ੂਨ-ਖਾਰ ਸਿੱਧ ਨਹੀਂ ਹੁੰਦਾ। ਜਦੋਂ ਅਸੀਂ ਵੇਖਦੇ ਹਾਂ ਕਿ ਆਰੰਭਕ ਜੀਵਨ ਵਿਚ ਉਹ ਇਕ ਹਿਰਨੀ ਦੇ ਬੱਚਿਆਂ ਨੂੰ ਮਰਦਿਆਂ ਵੇਖਕੇ ਇੰਨਾ ਪ੍ਰਭਾਵਿਤ ਸੀ ਕਿ ਉਸ ਨੂੰ ਸੰਸਾਰ ਤੋਂ ਸੰਨਿਆਸ ਧਾਰਨ ਕਰ ਲਿਆ। ਸਿੱਖ ਮਤ ਧਾਰਨ ਕਰਨ ਪਿਛੋਂ ਵੀ ਉਸ ਨੇ ਮਾਸ ਨਹੀਂ ਖਾਧਾ। ਬੰਦਾ ਤਿਆਗੀ ਤੇ ਕੁਰਬਾਨੀ ਦਾ ਸਾਕਾਰ ਰੂਪ ਸੀ। ਸਾਰੇ ਲੇਖਕ ਸਵੀਕਾਰ ਕਰਦੇ ਹਨ ਕਿ ਕਰੜੀਆਂ ਤੋਂ ਕਰੜੀਆਂ ਔਕੜਾਂ ਵਿਚ ਵੀ ਉਹ ਸ਼ਾਂਤ ਤੇ ਅਡੋਲ ਰਹਿੰਦਾ ਸੀ ਅਤੇ ਉਹ ਮਹਾਨ ਹਿੰਮਤੀ ਅਤੇ ਨਿਡਰ ਸੂਰਮਾ ਸੀ। ਉਸ ਦੇ ਵਿਅਕਤੀਤਵ ਵਿਚ ਅਥਾਹ ਆਕਰਸ਼ਣ ਅਤੇ ਉਸ ਦੀ ਅਦੁੱਤੀ ਬੀਰਤਾ ਕਰਕੇ ਸਿੱਖਾਂ ਨੂੰ ਉਸ ਵਿਚ ਅਟੁੱਟ ਵਿਸ਼ਵਾਸ ਸੀ। ਉਸ ਦੇ ਨਾਲ ਕੈਦ ਕੀਤੇ ਗਏ ਤੇ ਪਿਛੇ ਕਤਲ ਕੀਤੇ ਗਏ ਹਜ਼ਾਰਾਂ ਸਿੱਖਾਂ ਵਿਚੋਂ ਕਿਸੇ ਇਕ ਨੇ ਵੀ ਜਾਨ ਬਚਾਉਣ ਲਈ ਧਰਮ ਨਹੀਂ ਛੱਡਿਆ, ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਉਨ੍ਹਾਂ ਦਾ ਆਗੂ (ਬੰਦਾ) ਮਹਾਨ ਉੱਚੇ ਤੇ ਪਵਿੱਤਰ ਚਰਿਤ੍ਰ ਵਾਲਾ ਵਿਅਕਤੀ ਸੀ, ਪਰੰਤੂ ਇਕ ਖ਼ੂਨੀ ਹਤਿਆਰਾ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਮਾਤਾ ਸੁੰਦਰੀ ਵਾਲੀ ਲਿਖੀ ਉਪਰਲੀ ਗੱਲ ਵੀ ਆਧੁਨਿਕ ਇਤਿਹਾਸਕਾਰ ਨਹੀਂ ਮੰਨਦੇ।

**(4) ਮੁਗ਼ਲ ਸਾਮਰਾਜ ਦੇ ਅਜਿੱਤ ਹੋਣ ਦਾ ਭਰਮ ਮੁਕਾ ਦਿੱਤਾ :**

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਦੀ ਰੁਚੀ ਹਲ ਵੱਲੋਂ ਤਲਵਾਰ ਵੱਲ ਮੋੜੀ ਸੀ, ਅਤੇ ਇਹ ਪ੍ਰਵਾਨਗੀ ਦਿੱਤੀ ਸੀ ਕਿ ਜੇ ਹੋਰ ਵਿਧੀਆਂ ਨਾਲ ਹੱਕ ਤੇ ਨਿਆਂ ਦੀ ਪ੍ਰਾਪਤੀ ਨਾ ਹੋ ਸਕੇ ਤਾਂ ਯੁੱਧ ਤੇ ਤਲਵਾਰ ਦੀ ਵਰਤੋਂ ਜਾਇਜ਼ ਹੈ। ਗੁਰੂ ਸਾਹਿਬਾਨ ਨੇ ਜੋ ਬੀਜ ਬੀਜਿਆ ਸੀ ਬੰਦੇ ਨੇ ਉਹ ਫਸਲ ਵੱਢੀ, ਤੇ ਨਾਲ ਹੀ ਬੰਦੇ ਨੇ ਮੁਗ਼ਲਾਂ ਨੂੰ ਅਜਿੱਤ ਸਮਝੇ ਜਾਣ ਵਾਲੇ ਵਿਸ਼ਵਾਸ ਨੂੰ ਲੀਰੋ-ਲੀਰ ਕਰਕੇ ਰੱਖ ਦਿੱਤਾ। ਸਦੀਆਂ ਦੀ ਗੁਲਾਮੀ ਹਿੰਦੂਆਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਉਹ ਅਜੇ ਵੀ ਲੜ ਸਕਦੇ ਹਨ।

**(5) ਪੰਜਾਬੀਆਂ ਵਿਚ ਆਜ਼ਾਦੀ ਦੇ ਵਿਚਾਰ ਭਰ ਦਿੱਤੇ :**

ਉਸ ਨੇ ਪੰਜਾਬ ਦੇ ਲੋਕਾਂ ਦੀ ਮਾਨਸਿਕ ਦਸ਼ਾ ਵਿਚ ਮਹਾਨ ਪਰਿਵਰਤਨ ਲੈ ਆਂਦਾ। ਸਾਧਾਰਨ ਜਨਤਾ ਨੂੰ ਜ਼ੁਲਮ ਜ਼ਬਰ ਦਾ ਟਾਕਰਾ ਲੈਣ ਲਈ ਦ੍ਰਿੜ ਕਰ ਦਿੱਤਾ ਅਤੇ ਰਾਸ਼ਟਰ ਦੀ ਭਲਾਈ ਲਈ ਜਿਉਣ ਤੇ ਇਸ ਲਈ ਮਰਨ ਦੀ ਜਾਂਚ ਸਿਖਾ ਦਿੱਤੀ। ਡਾ. ਗੰਡਾ ਸਿੰਘ ਕਹਿੰਦੇ ਹਨ ਕਿ ਪਿਛੋਂ ਆਏ ਬਿਪਤਾਵਾਂ ਭਰੇ ਸਮੇਂ ਵਿਚ ਬੰਦੇ ਦੀ ਮਿਸਾਲ ਨੇ ਇਕ ਚਾਨਣ ਮੁਨਾਰੇ ਦਾ ਕੰਮ ਦਿੱਤਾ। ਆਪਣੇ ਸੁਤੰਤਰ ਰਾਜ ਦੀ ਭਾਵਨਾ ਜਿਹੜੀ ਕਦੇ ਦੀ ਮਰ ਚੁੱਕੀ ਸੀ, ਪੰਜਾਬੀਆਂ ਦੇ ਮਨਾਂ ਵਿਚ ਫੇਰ ਭੜਕ ਉੱਠੀ ਤੇ ਅੰਤ ਨੂੰ ਉਨ੍ਹਾਂ ਨੇ ਸੁਤੰਤਰਤਾ ਪ੍ਰਾਪਤ ਕਰ ਹੀ ਲਈ।

**ਬੰਦਾ ਸ਼ਾਸਕ ਦੇ ਰੂਪ ਵਿਚ :**

ਬੰਦਾ ਕੇਵਲ ਇਕ ਸਫ਼ਲ ਵਿਜੈਤਾ ਜਾਂ ਯੋਧਾ ਹੀ ਨਹੀਂ, ਉਹ ਇਕ ਚੰਗਾ ਸ਼ਾਸਕ ਵੀ ਸੀ। ਇਤਿਹਾਸਕ ਤੱਥ ਹੈ ਕਿ ਸਰਹਿੰਦ ਤੋਂ ਪਿਛੋਂ ਬੰਦੇ ਨੇ ਸਰਹਿੰਦ ਤੋਂ ਪਾਣੀਪਤ ਦੇ ਸਾਰੇ ਇਲਾਕੇ ਵਿਚ ਬੜਾ ਸੁਚੱਜਾ ਰਾਜ ਪ੍ਰਬੰਧ ਕੀਤਾ। ਉਸ ਨੇ ਸਾਰੇ ਮੁਗ਼ਲ ਅਫਸਰਾਂ ਨੂੰ ਕੱਢ ਕੇ ਆਪਣੇ ਅਧਿਕਾਰੀ ਸਥਾਪਿਤ ਕੀਤੇ। ਉਹ ਇਕ ਮਾਹਿਰ ਪ੍ਰਬੰਧਕ ਵੀ ਸੀ। ਉਸਨੇ ਸਿੱਖ ਰਾਜ ਦੇ ਚਿੰਨ੍ਹ ਦੇ ਰੂਪ ਵਿਚ ਸਿੱਕੇ ਚਾਲੂ ਕੀਤੇ ਤੇ ਮੁਹਰ ਵੀ ਚਲਾਈ। ਇਕ ਸੁਧਾਰਕ ਦੇ ਰੂਪ ਵਿਚ ਉਸ ਨੇ ਕਿਸਾਨਾਂ ਦੀਆਂ ਔਕੜਾਂ ਤੇ ਮੁਸੀਬਤਾਂ ਨੂੰ ਸਮਝਿਆ ਤੇ ਉਨ੍ਹਾਂ ਵਿਚ ਅਤਿਆਚਾਰ ਦੇ ਵਿਰੁੱਧ ਵਿਦਰੋਹ ਕਰਨ ਦੀ ਭਾਵਨਾ ਭਰ ਦਿੱਤੀ ਜਿਸ ਕਰਕੇ ਉਹ ਖ਼ੁਦ ਹੀ ਜ਼ਿਮੀਦਾਰਾਂ ਦੇ ਸ਼ਕੰਜੇ ਵਿਚੋਂ ਨਿਕਲਣ ਦੇ ਯੋਗ ਹੋ ਗਏ।

**ਯੋਧੇ ਦੇ ਰੂਪ ਵਿਚ :**

ਬੰਦਾ ਯੋਧੇ ਦੇ ਰੂਪ ਵਿਚ ਬੇਮਿਸਾਲ ਸੀ। ਬੜੇ ਮਾਮੂਲੀ ਜਿਹੇ ਸਾਧਨਾਂ ਨਾਲ ਹੀ ਉਸ ਨੇ ਬਹੁਤ ਥੋੜ੍ਹੇ ਜਿਹੇ ਸਮੇਂ ਵਿਚ ਸਿੱਖ ਰਾਜ ਕਾਇਮ ਕਰ ਦਿੱਤਾ। ਮੁਗ਼ਲ ਅਫਸਰਾਂ ਦੇ ਮਨ ਵਿਚ ਉਸ ਨੇ ਅਜਿਹੀ ਦਹਿਸ਼ਤ ਭਰ ਦਿੱਤੀ ਕਿ ਹਜ਼ਾਰਾਂ ਦੀ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਉਹ ਬੰਦੇ ਦੇ ਟਾਕਰੇ ਲਈ ਵਧਣ ਦਾ ਹੌਸਲਾ ਨਹੀਂ ਸਨ ਕਰਦੇ। ਪਰ ਇਸ ਕਰਕੇ ਹੀ ਖ਼ੁਦ ਸ਼ਹਿਨਸ਼ਾਹ ਨੂੰ ਉਸਨੂੰ ਸਜ਼ਾ ਦੇਣ ਲਈ ਪੰਜਾਬ ਨੂੰ ਆਉਣਾ ਪਿਆ। ਉਹ ਪਹਿਲਾ ਵਅਕਤੀ ਸੀ ਜਿਸ ਨੇ ਪੰਜਾਬ ਨੂੰ ਸੁਤੰਤਰਤਾ ਦਾ ਰਾਜ ਦਿਖਾਇਆ। ਉਹ ਯੁੱਧ ਕਲਾ ਵਿਚ ਪ੍ਰਬੀਨ ਸੀ ਤੇ ਇਕ ਮਹਾਨ ਲੀਡਰ

ਸੀ। ਉਹ ਹਥਿਆਰਾਂ ਦੀ ਵਰਤੋਂ ਵਿਚ ਖਾਸ ਕਰਕੇ ਤੀਰ-ਅੰਦਾਜ਼ੀ ਵਿਚ ਮਾਹਿਰ ਸੀ। ਉਹਦੇ ਦੁਸ਼ਮਣ ਵੀ ਮੰਨਦੇ ਸਨ ਕਿ ਉਸ ਦਾ ਨਿਸ਼ਾਨਾ ਕਮਾਲ ਸੀ ਤੇ ਉਹ ਅਥਾਹ ਹੌਸਲੇ ਦਾ ਮਾਲਕ ਸੀ।

**ਬੰਦੇ ਦਾ ਅਟੱਲ ਸਿਦਕ :**

ਬੰਦੇ ਦਾ ਗੁਰੂ ਜੀ ਵਿਚ ਅਮਰ ਤੇ ਅਡੋਲ ਵਿਸ਼ਵਾਸ ਸੀ। ਉਸ ਨੇ ਵੱਡੀਆਂ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ ਪਰ ਗੁਰੂ ਜੀ ਨੂੰ ਕਦੇ ਨਹੀਂ ਵਿਸਾਰਿਆ। ਉਸ ਨੇ ਗੁਰੂ ਜੀ ਦੇ ਮਿਸ਼ਨ ਨੂੰ ਅਮਲੀ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਉਸ ਨੇ ਸਿੱਕਾ ਵੀ ਗੁਰੂ ਜੀ ਦੇ ਨਾਂ ਜਾਰੀ ਕੀਤਾ, ਉਸ ਨੇ ਕਦੇ ਵੀ ਆਪ ਰਾਜਾ ਬਣਨ ਦਾ ਵਿਚਾਰ ਨਾ ਕੀਤਾ। ਜੋ ਕੁਝ ਵੀ ਉਸਨੇ ਕੀਤਾ ਗੁਰੂ ਜੀ ਦੇ ਨਾਂ ਤੇ ਕੀਤਾ। ਭਾਵੇਂ ਉਹ ਮੁਸਲਮਾਨਾਂ ਦੇ ਵਿਰੁੱਧ ਲੜਦਾ ਰਿਹਾ ਪਰ ਉਹ ਇਸਲਾਮ ਦਾ ਵਿਰੋਧੀ ਨਹੀਂ ਸੀ। ਆਪਣੇ ਅਧੀਨ ਇਲਾਕੇ ਵਿਚ ਉਸਨੇ ਮੁਸਲਮਾਨਾਂ ਵਿਚ ਪੂਰੀ ਪੂਰੀ ਧਾਰਮਿਕ ਆਜ਼ਾਦੀ ਦਿੱਤੀ ਹੋਈ ਸੀ। 1711 ਈ. ਵਿਖੇ ਉਸ ਦੀ ਨੀਤੀ ਕਾਰਨ 5,000 ਮੁਸਲਮਾਨ ਉਸ ਦੀ ਫੌਜ ਵਿਚ ਭਰਤੀ ਹੋ ਗਏ।

**ਬੰਦੇ ਦਾ ਇਤਿਹਾਸ ਵਿਚ ਸਥਾਨ :**

ਭਾਵੇਂ ਉਸ ਦੀ ਜਿੱਤਾਂ ਆਰਜ਼ੀ ਸਨ ਤੇ ਮੁਗ਼ਲ ਬਾਦਸ਼ਾਹ ਫ਼ਰੁੱਖਸੀਅਰ ਨੇ ਉਸ ਨੂੰ ਤਸੀਹੇ ਦੇ ਕੇ ਕਤਲ ਕੀਤਾ, ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੇ ਇਤਿਹਾਸ ਵਿਚ ਉਸ ਦਾ ਵਿਸ਼ੇਸ਼ ਸਥਾਨ ਹੈ। ਬੰਦੇ ਦੀ ਅਗਵਾਈ ਵਿਚ ਪੰਜਾਬੀਆਂ ਨੂੰ ਜਿੱਤਾਂ ਪ੍ਰਾਪਤ ਕਰਨ ਦਾ, ਤੇ ਮੁਗ਼ਲਾਂ ਦੀ ਅਜਿੱਤ ਸ਼ਕਤੀ ਦਾ ਸੁਪਨਾ ਤੋੜਨ ਦਾ ਰਾਹ ਦਰਸਾਇਆ। ਡਾ. ਗੰਡਾ ਸਿੰਘ ਅਨੁਸਾਰ, ਬੰਦੇ ਦੇ ਰਾਹੀਂ ਪੰਜਾਬੀਆਂ ਨੂੰ ਪਤਾ ਲੱਗਿਆ ਕਿ ਜਿੱਤਾਂ ਅਤੇ ਆਜ਼ਾਦੀ ਦਾ ਰਾਹ ਪ੍ਰਾਪਤ ਕਰਨ ਦਾ ਇਹ ਰਸਤਾ ਹੈ। ਇਸ ਕਰਕੇ ਬੰਦੇ ਦਾ ਇਤਿਹਾਸ ਵਿਚ ਮਹਾਨ ਸਥਾਨ ਹੈ।

**ਬੰਦੇ ਦੀ ਅਸਫਲਤਾ ਦੇ ਕਾਰਨ :**

ਬੰਦੇ ਦੀ ਅਸਫਲਤਾ ਕਿਸੇ ਸਖਸੀ ਊਣਤਾਈ ਕਰਕੇ ਨਹੀਂ ਸਗੋਂ ਕੁਝ ਅਜਿਹੇ ਕਾਰਨਾਂ ਕਰਕੇ ਸੀ ਜੋ ਉਸ ਦੇ ਵਸ ਤੋਂ ਬਾਹਰ ਸਨ। ਮੁਗ਼ਲ ਸਾਮਰਾਜ ਦੀ ਅਪਾਰ ਸ਼ਕਤੀ ਦੇ ਸਾਹਮਣੇ ਉਸਦੇ ਵਸੀਲੇ ਬਹੁਤ ਸੀਮਿਤ ਸਨ। ਫਰੁੱਖਸੀਅਰ ਨੇ ਬੰਦੇ ਦੀ ਸ਼ਕਤੀ ਦਾ ਅੰਤ ਕਰਨ ਲਈ ਆਪਣੀ ਪੂਰੀ ਤਾਕਤ ਲਾ ਦਿੱਤੀ। ਇਸ ਤੋਂ ਇਲਾਵਾ ਬੰਦਾ ਬਹਾਦਰ ਨੂੰ ਮੁਗ਼ਲਾਂ ਦੇ ਵਿਰੁੱਧ ਇਕੱਲਿਆਂ ਲੜਨਾ ਪਿਆ। ਇਸ ਦੇ ਉਲਟ ਰਾਜਾ ਛਤਰ ਸਾਲ ਬੁੰਦੇਲਾ, ਗੋਪਾਲ ਸਿੰਘ ਭਦੌੜੀਆਂ, ਉਦੈ ਸਿੰਘ ਬੁੰਦੇਲਾ, ਬਚਨ ਸਿੰਘ ਕਛਹਾਰ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਰਾਜਿਆਂ ਨੇ ਬੰਦੇ ਵਿਰੁੱਧ ਮੁਗ਼ਲ ਫ਼ੌਜ ਦਾ ਸਾਥ ਦਿੱਤਾ। ਤੀਜਾ ਬੰਦਾ ਅਚਾਨਕ ਹੀ ਮੁਗ਼ਲਾਂ ਦੇ ਕਾਬੂ ਆ ਗਿਆ ਅਤੇ ਉਸ ਨੂੰ ਮਜ਼ਬੂਰਨ ਦੁਨੀ ਚੰਦ ਦੀ ਹਵੇਲੀ ਵਿਚ ਠਹਿਰਨਾ ਪਿਆ ਜੋ ਕਿ ਕੱਚੀਆਂ ਇੱਟਾਂ ਨਾਲ ਬਣੀ ਹੋਈ ਸੀ। ਇਥੇ ਉਹ ਬਹੁਤੀ ਦੇਰ ਮੁਗ਼ਲਾਂ ਨਾਲ ਮੁਕਾਬਲਾ ਨਾ ਕਰ ਸਕਿਆ। ਚੌਥੇ ਬੰਦੇ ਦੀ ਬਗ਼ਾਵਤ ਆਪਣੇ ਕਿਸਮ ਦਾ ਪਹਿਲਾ ਯਤਨ ਸੀ। ਸੀਮਤ ਸਾਧਨਾਂ ਤੇ ਹੋਰ ਕਈ ਤਰ੍ਹਾਂ ਦੀਆਂ ਔਕੜਾਂ ਦੇ ਹੁੰਦੇ ਹੋਏ ਲੜਨਾ ਕੋਈ ਆਸਾਨ ਕੰਮ ਨਹੀਂ। ਇਸ ਲਈ ਖਾਸ ਕਿਸਮ ਦੀ ਤਕਨੀਕ ਚਾਹੀਦੀ ਹੈ। ਪਰ ਬੰਦੇ ਕੋਲ ਏਨਾ ਸਮਾਂ ਨਹੀਂ ਸੀ ਕਿ ਉਹ ਆਪਣੇ ਸਿਪਾਹੀਆਂ ਨੂੰ ਇਹੋ ਜਿਹੇ ਕੋਈ ਤਕਨੀਕ ਸਿਖਲਾਏ। ਪੰਜਵੇਂ ਗੁਰਦਾਸ ਨੰਗਲ ਦੀ ਲੜਾਈ ਵਿਚ ਬੰਦੇ ਅਤੇ ਵਿਨੋਦ ਸਿੰਘ ਵਿਚ ਮਤਭੇਦ ਹੋ ਗਿਆ ਜਿਸ ਦਾ ਪ੍ਰਭਾਵ ਬੰਦੇ ਦੀ ਫ਼ੌਜ ਤੇ ਬੁਰਾ ਪਿਆ।

**ਮੁੱਖ ਵਿਅਕਤੀ ਤੇ ਸ਼ਬਦ :**

1) ਮਾਧੋ ਦਾਸ ਦਾ ਅੰਮ੍ਰਿਤਪਾਨ ਕਰ ਲੈਣਾ
2) ਖੰਡਾ ਅਤੇ ਨਗਾਰਾ
3) ਪੀਰ ਬੁੱਧੂ ਸ਼ਾਹ
4) ਚੱਪੜ ਝਿੜੀ
5) ਐਸ.ਐਮ.ਲਤੀਫ਼
6) ਜਹਾਦ
7) ਬਹਾਦਰ ਸ਼ਾਹ
8) ਅਬਦੁੱਸ ਸਮੱਦ ਖਾਨ
9) ਦੇਗ ਤੇਗ ਫਤਿਹ
10) ਅਟੱਲ ਸਿਦਕ

11) ਸ਼ਿਵਾਲਕ ਦੀਆਂ ਪਹਾੜੀਆਂ

**ਛੋਟੇ ਪ੍ਰਸ਼ਨ :**

1) ਬੰਦਾ ਸਿੰਘ ਦਾ ਮੁੱਢਲਾ ਜੀਵਨ ਦੱਸੋ।
2) ਸਰਹਿੰਦ ਦੀ ਲੜਾਈ ਦੇ ਕਾਰਨ ਅਤੇ ਸਿੱਟੇ ਬਿਆਨ ਕਰੋ।
3) ਬੰਦਾ ਬਹਾਦਰ ਦੀ ਸਫ਼ਲਤਾਵਾਂ ਦਾ ਵਰਨਣ ਕਰੋ।

**ਲੰਮੇ ਪ੍ਰਸ਼ਨ :**

1) ਬੰਦਾ ਸਿੰਘ ਬਾਰੇ ਇਤਿਹਾਸਕਾਰਾਂ ਦੇ ਵੱਖ ਵੱਖ ਵਿਚਾਰ ਦੱਸੋ।
2) ਬੰਦਾ ਬਹਾਦਰ ਦੀਆਂ ਪ੍ਰਾਪਤੀਆਂ ਦਾ ਵਰਨਣ ਕਰੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1) ਬਲ ਤੇ ਗਰੇਵਾਲ, ਗੁਰੂ ਗੋਬਿੰਦ ਸਿੰਘ, ਬ਼ਤਤਜਠ
2) ਕੇਸਰ ਸਿੰਘ ਛਿੱਬੜ, ਬੰਸਾਵਲੀ ਨਾਮਾ, ਬਬ। 196202

**ਸੁਝਾਅ ਲਈ ਪੁਸਤਕਾਂ**

| | | | |
|---|---|---|---|
| 1. | ਐਵੇਲਿਊਸ਼ਨ ਆਫ਼ ਖਾਲਸਾ– ਜਿਲਦ ਦੂਜੀ | : | ਇੰਦੂ ਭੂਸ਼ਨ ਬੈਨਰਜੀ |
| 2. | ਗੁਰੂ ਤੇਗ ਬਹਾਦਰ | : | ਜੀ.ਐਸ.ਤਾਲਿਬ ਤੇ ਫੌਜਾ ਸਿੰਘ |
| 3. | ਗੁਰੂ ਗੋਬਿੰਦ ਸਿੰਘ | : | ਐਸ.ਐਸ.ਬਲ ਅਤੇ ਜੇ.ਐਸ.ਗਰੇਵਾਲ |
| 4. | History of The Punjab, pp.74-80 | : | Latif, S.M. |
| 5. | Transformation of Sikhism, pp. 170-180 | : | Narang, G.C. |
| 6. | History of The Sikhs, pp. 77-80 | : | Cunningham, J.D. |

**ਪਾਠ ਨੰ. 2.3 (ੲ)**

## ਸਿੱਖਾਂ ਦਾ ਜ਼ਕਰੀਆ ਖਾਂ ਵਿਰੁੱਧ ਸੰਘਰਸ਼

**ਪਾਠ ਦੀ ਬਣਤਰ :**

- ਬੰਦੇ ਦੀ ਮੌਤ (1716) ਅਤੇ ਸਿੱਖਾਂ ਵਿਚ ਧੜੇਬੰਦੀ
- ਅਬਦੁਸ ਸਮਦ ਖਾਂ (1713–1726 ਈ.)
- ਜ਼ਕਰੀਆ ਖਾਂ ਅਤੇ ਸਿੱਖ (1726–1745 ਈ.)
- ਭਾਈ ਤਾਰਾ ਸਿੰਘ ਦੀ ਸ਼ਹੀਦੀ
- ਹੈਦਰੀ ਝੰਡਾ ਅਤੇ ਜਗੀਰ ਜਬਤੀ
- ਹਰਿਮੰਦਰ ਸਾਹਿਬ – ਭਾਈ ਮਨੀ ਸਿੰਘ ਦੀ ਸ਼ਹੀਦੀ
- ਨਾਦਰ ਸ਼ਾਹ ਦੀ ਲੁੱਟ ਅਤੇ ਸਿੱਖ
- ਮਹਿਤਾਬ ਸਿੰਘ ਤੇ ਭਾਈ ਬੋਤਾ ਸਿੰਘ ਸ਼ਹੀਦ
- ਭਾਈ ਤਾਰੂ ਸਿੰਘ ਦੀ ਸ਼ਹੀਦੀ
- ਵੀਰ ਹਕੀਕਤ ਰਾਏ ਦੀ ਸ਼ਹੀਦੀ
- ਛੋਟੇ ਪ੍ਰਸ਼ਨ ਅਤੇ ਲੰਮੇ ਪ੍ਰਸ਼ਨ
- ਪੁਸਤਕਾਂ

**ਉਦੇਸ਼ :**

(1) 1713 ਤੋਂ 1747 ਈ. ਤੱਕ ਦੇ ਸਿੱਖ ਸੰਘਰਸ਼ ਦਾ ਵਰਨਣ ਕਰਨਾ।

(2) ਲਾਹੌਰ ਦੇ ਮੁਗ਼ਲ ਸੂਬੇਦਾਰਾਂ ਜਿਵੇਂ ਕਿ ਅਬਦੁਸ ਸਮਦ ਖਾਂ ਤੇ ਜ਼ਕਰੀਆ ਖਾਂ ਵਲੋਂ ਸਿੱਖਾਂ ਉੱਪਰ ਕੀਤੇ ਜ਼ੁਲਮ ਅਤੇ ਅਤਿਆਚਾਰਾਂ ਦਾ ਜ਼ਿਕਰ ਕਰਨਾ।

(3) ਨਾਦਰ ਸ਼ਾਹ ਦੀ ਲੁੱਟ ਨੂੰ ਸਿੰਘਾਂ ਵੱਲੋਂ ਹਾਸਲ ਕਰਨ ਦਾ ਯਤਨ ਤੇ ਇਸ ਦੀ ਜਾਣਕਾਰੀ ਦੇਣਾ।

### ਸਿੱਖਾਂ ਦਾ ਜ਼ਕਰੀਆ ਖਾਂ ਵਿਰੁੱਧ ਸੰਘਰਸ਼

ਪੰਜਾਬ ਦੇ ਇਤਿਹਾਸ ਵਿਚ 1716 ਤੋਂ 1747 ਈ. ਤੱਕ ਦਾ ਸਮਾਂ ਸਿੱਖਾਂ ਲਈ ਬੜਾ ਭਿਆਨਕ ਸੀ। ਮੁਗ਼ਲ ਸਾਮਰਾਜ ਨੇ ਆਪਣਾ ਸਾਰਾ ਜ਼ੋਰ ਸਿੱਖਾਂ ਨੂੰ ਖਤਮ ਕਰਨ ਵਿਚ ਲਾ ਦਿੱਤਾ। ਸਿੱਖ ਨੂੰ ਧਰਮ ਬਦਲਣ ਲਈ ਮਜ਼ਬੂਰ ਕੀਤਾ ਗਿਆ। ਸਿੱਖਾਂ ਨੂੰ ਖਤਮ ਕਰਨ ਲਈ ਬਾਦਸ਼ਾਹ ਫਰੁੱਖਸ਼ੀਅਰ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਨਿਯਤ ਕੀਤੇ। ਸਿੱਖਾਂ ਨੂੰ ਆਪਣਾ ਘਰ ਬਾਰ ਛੱਡ ਕੇ ਜੰਗਲ ਵਿਚ ਸ਼ਰਨ ਲੈਣੀ ਪਈ। ਉਨ੍ਹਾਂ ਉਤੇ ਜਿਸ ਪ੍ਰਕਾਰ ਦੇ ਜ਼ੁਲਮ ਅਤੇ ਅਨਿਆਂ ਕੀਤੇ ਜਿਨ੍ਹਾਂ ਨੂੰ ਸੁਣਕੇ ਹਿਰਦਾ ਕੰਬ ਉਠਦਾ ਹੈ। ਪਰ ਸਿਦਕੀ ਸਿੱਖਾਂ ਨੇ ਇਸ ਅਤਿਆਚਾਰ ਨੂੰ ਰੱਬ ਦਾ ਭਾਣਾ ਮੰਨ ਕੇ ਖਿੜੇ ਮੱਥੇ ਸਹਿਣ ਕੀਤਾ ਅਤੇ ਆਪਣੇ ਧਰਮ ਦੀ ਖਾਤਰ ਬੇਮਿਸਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਕਰਕੇ ਹੀ ਇਸ ਸਮੇਂ ਨੂੰ ਅਤਿਆਚਾਰਾਂ ਦਾ ਯੁੱਗ ਕਿਹਾ ਜਾਂਦਾ ਹੈ।

ਅਬਦੁੱਸ ਸਮਦ ਖਾਂ (1713 ਈ. ਤੇ 1726 ਈ. ਤੱਕ)

### ਬੰਦੇ ਦੀ ਮੌਤ ਅਤੇ ਸਿੱਖਾਂ ਵਿਚ ਧੜੇਬੰਦੀ :

1716 ਈ. ਵਿਚ ਬੰਦਾ ਬਹਾਦਰ ਦੀ ਮੌਤ ਨਾਲ ਪੰਜਾਬ ਵਿਚ ਸਿੱਖਾਂ ਦੀ ਸ਼ਕਤੀ ਬਹੁਤ ਘਟ ਗਈ। ਕਾਰਨ ਇਹ ਸੀ ਕਿ ਬੰਦੇ ਦੀ ਮੌਤ ਪਿਛੋਂ ਸਿੱਖਾਂ ਨੂੰ ਜਥੇਬੰਦ ਕਰਨ ਵਾਲਾ ਕੋਈ ਆਗੂ ਨਾ ਰਿਹਾ ਤੇ ਸਿੱਖ ਦੋ ਧੜਿਆਂ ਵਿਚ ਵੰਡੇ ਗਏ। ਇਕ ਤੱਤ ਖਾਲਸਾ ਤੇ ਦੂਜਾ ਬੰਦਈ ਖਾਲਸਾ। ਤੱਤ ਖਾਲਸਾ ਦੇ ਅਨੁਆਈ ਬੰਦੇ ਨੂੰ ਆਪਣਾ ਆਗੂ ਨਹੀਂ ਮੰਨਦੇ ਤੇ ਨਾ ਹੀ ਉਹਦੇ ਨਾਹਰਿਆਂ ਵਿਚ ਵਿਸ਼ਵਾਸ ਰੱਖਦੇ ਸਨ। ਉਹ ਨੀਲੀ ਪੁਸ਼ਾਕ ਪਾਉਂਦੇ ਸਨ ਤੇ ਮਾਸ ਖਾਂਦੇ ਸਨ ਅਤੇ ਉਨ੍ਹਾਂ ਦਾ ਨਾਅਰਾ ਸੀ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ਬੰਦਈ ਖਾਲਸਾ ਬੰਦਾ

ਬਹਾਦਰ ਨੂੰ ਆਪਣਾ ਆਗੂ ਮੰਨਦੇ ਸਨ, ਲਾਲ ਬਾਣਾ ਪਹਿਨਦੇ ਸਨ, ਮਾਸ ਨਹੀਂ ਸਨ ਖਾਂਦੇ। ਇਹਨਾਂ ਦਾ ਨਾਹਰਾ "ਫ਼ਤਿਹ ਧਰਮ' ਤ"ਫ਼ਤਿਹ ਦਰਸ਼ਨ' ਸੀ।

**ਮੁਗ਼ਲ ਬਾਦਸ਼ਾਹ ਫ਼ਰੁਖਸ਼ੀਅਰ ਅਤੇ ਅਬਦੁੱਸ ਸਮਦ ਖਾਂ ਦੀ ਸਿੱਖਾਂ ਪ੍ਰਤੀ ਕਰੜੀ ਨੀਤੀ :**

ਉਸ ਸਮੇਂ ਮੁਗ਼ਲ ਬਾਦਸ਼ਾਹ ਫ਼ਰੁਖਸ਼ੀਅਰ ਨੇ ਸਿੱਖਾਂ ਨੂੰ ਪੂਰਨ ਤੌਰ ਤੇ ਖਤਮ ਕਰਨ ਦੀ ਠਾਨ ਲਈ। ਉਸ ਨੇ ਇਹ ਫਰਮਾਨ ਜਾਰੀ ਕਰ ਦਿੱਤਾ ਜੇ ਕੋਈ ਸਿੱਖ ਮੁਸਲਮਾਨ ਦੇ ਕਾਬੂ ਆ ਜਾਏ ਤਾਂ ਪਹਿਲਾਂ ਤਾਂ ਉਸ ਨੂੰ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਕੀਤਾ ਜਾਏ, ਨਾ ਮੰਨਣ ਦੀ ਹਾਲਤ ਵਿਚ ਉਸ ਨੂੰ ਜਾਨੋਂ ਮਾਰ ਦਿੱਤਾ ਜਾਏ। ਪੰਜਾਬ ਦੇ ਗਵਰਨਰ ਅਬਦੁੱਸ ਸਮਦ ਖਾਂ ਨੇ ਹੁਕਮ ਨੂੰ ਪੂਰੇ ਜ਼ੋਰਾਂ ਨਾਲ ਲਾਗੂ ਕੀਤਾ ਅਤੇ ਉਨ੍ਹਾਂ ਉਤੇ ਬੇਸ਼ੁਮਾਰ ਜ਼ੁਲਮ ਢਾਹੇ। ਨਿੱਜੀ ਧੜੇਬੰਦੀ ਅਤੇ ਫਰੁੱਖਸ਼ੀਅਰ ਦੇ ਕਰੜੇ ਫੁਰਮਾਨ ਨੇ ਸਿੱਖਾਂ ਦੇ ਹੌਸਲੇ ਢਾਹ ਦਿੱਤੇ। ਸਿੱਖਾਂ ਲਈ ਪਿੰਡ ਅਤੇ ਸ਼ਹਿਰਾਂ ਵਿਚ ਰਹਿਣਾ ਔਖਾ ਹੋ ਗਿਆ। ਇਸੇ ਲਈ ਉਹ ਜੰਗਲਾਂ ਤੇ ਪਹਾੜਾਂ ਵਿਚ ਜਾ ਛੁਪੇ।

**ਸਿੱਖਾਂ ਦਾ ਪੁਨਰ ਗਠਜੋੜ :**

1719 ਈ. ਵਿਚ ਬਾਦਸ਼ਾਹ ਫਰੁੱਖਸ਼ੀਅਰ ਦੀ ਮੌਤ ਪਿਛੋਂ ਪੰਜਾਬ ਦਾ ਬੁੱਢਾ ਗਵਰਨਰ ਅਬਦੁੱਸ ਸਮਦ ਖਾਂ ਸਿੱਖਾਂ ਨੂੰ ਖਤਮ ਕਰਨ ਵੱਲ ਇਤਨਾ ਧਿਆਨ ਨਾ ਦੇ ਸਕਿਆ। ਸਿੱਖ ਜੰਗਲਾਂ ਨੂੰ ਛੱਡ ਕੇ ਫਿਰ ਪਿੰਡਾਂ ਤੇ ਸ਼ਹਿਰਾਂ ਵਿਚ ਆ ਵਸੇ। ਉਨ੍ਹਾਂ ਨੇ ਅੰਮ੍ਰਿਤਸਰ ਵਿਖੇ 1720 ਈ. ਤੱਕ ਦਿਵਾਲੀ ਅਤੇ ਵਿਸਾਖੀ ਦਾ ਤਿਉਹਾਰ ਭਾਰੀ ਗਿਣਤੀ ਵਿਚ ਇਕੱਤਰ ਹੋ ਕੇ ਬੜੀ ਧੂਮ-ਧਾਮ ਨਾਲ ਮਨਾਉਣਾ ਸ਼ੁਰੂ ਕਰ ਦਿੱਤਾ। ਮਾਤਾ ਸੁੰਦਰੀ ਨੇ ਭਾਈ ਮਨੀ ਸਿੰਘ ਜੀ ਨੂੰ ਸਿੱਖਾਂ ਦੇ ਦੋਹਾਂ ਧੜਿਆਂ ਦੇ ਆਗੂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਬੁਲਾ ਕੇ ਪਰਚੀਆਂ ਪਾ ਕੇ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ। ਦੋਹਾਂ ਧੜਿਆਂ ਦੇ ਆਗੂਆਂ ਦਾ ਅਕਾਲ ਤਖਤ ਸਾਹਮਣੇ ਘੋਲ ਕਰਵਾਇਆ। ਇਸ ਵਿਚ ਤੱਤ ਖਾਲਸੇ ਦੇ ਪ੍ਰਤੀਨਿਧੀ ਮੀਰੀ ਸਿੰਘ ਨੇ ਬੰਦਈ ਸਿੱਖਾਂ ਦੇ ਪ੍ਰਤੀਨਿਧਾਂ ਨੂੰ ਹਰਾ ਦਿੱਤਾ। ਤੱਤ ਖਾਲਸੇ ਦੇ ਸਿੱਖਾਂ ਨੇ ਬੰਦਈ ਸਿੱਖਾਂ ਨੂੰ ਜ਼ਬਰਦਸਤੀ ਦਰਬਾਰ ਸਾਹਿਬ ਵਿਚੋਂ ਬਾਹਰ ਕੱਢ ਦਿੱਤਾ। ਇਸ ਲੜਾਈ ਝਗੜੇ ਵਿਚ ਬੰਦਈ ਸਿੱਖਾਂ ਦਾ ਆਗੂ ਮਹੰਤ ਸਿੰਘ ਮਾਰਿਆ ਗਿਆ। ਨਤੀਜਾ ਇਹ ਹੋਇਆ ਕਿ ਬੰਦਈ ਸਿੱਖਾਂ ਨੇ ਹੌਸਲਾ ਛੱਡ ਦਿੱਤਾ ਤੇ ਸਾਰੇ ਹੀ ਤੱਤ ਖਾਲਸੇ ਵਿਚ ਆ ਰਲੇ। ਏਕਤਾ ਦੇ ਕਾਰਨ ਸਿੱਖਾਂ ਨੇ ਫਿਰ ਤਲਵਾਰ ਦੇ ਜ਼ੋਰ ਨਾਲ ਆਪਣੇ ਪੈਰ ਪੱਕੇ ਕਰਨੇ ਸ਼ੁਰੂ ਕਰ ਦਿੱਤੇ ਤੇ ਉਨ੍ਹਾਂ ਤੇ ਹੋਏ ਅਤਿਆਚਾਰ ਦਾ ਬਦਲਾ ਲੈਣਾ ਆਰੰਭ ਕਰ ਦਿੱਤਾ। ਲਾਹੌਰ ਦੇ ਗਵਰਨਰ ਵਲੋਂ ਅਸਲਮ ਖਾਂ ਦੀ ਅਗਵਾਈ ਹੇਠ ਭੇਜੀ ਹੋਈ ਫੌਜ ਜੋ ਪਟੀ ਦੇ ਚੌਧਰੀ ਦੇਵਾ ਤੇ ਉਸਦੇ ਦੀਵਾਨ ਹਰ ਸਹਾਏ ਦੀ ਸਹਾਇਤਾ ਲਈ ਆਈ ਸੀ, ਨੂੰ ਸਿੱਖਾਂ ਨੇ ਹਰਾ ਦਿੱਤਾ। ਇਸ ਕਾਰਨ ਦਿੱਲੀ ਦੀ ਸਰਕਾਰ ਨੇ ਅਬਦੁੱਸ ਸਮਦ ਖਾਂ ਨੂੰ ਲਾਹੌਰ ਤੋਂ ਬਦਲ ਕੇ ਮੁਲਤਾਨ ਭੇਜ ਦਿੱਤਾ ਅਤੇ ਉਸ ਦੇ ਪੁੱਤਰ ਖਾਨ ਬਹਾਦਰ ਜ਼ਕਰੀਆ ਖਾਂ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ। ਉਸ ਨੂੰ ਸਖਤ ਹੁਕਮ ਦਿੱਤਾ ਗਿਆ ਕਿ ਸਿੱਖਾਂ ਨੂੰ ਖਤਮ ਕਰਨ ਲਈ ਪੂਰਾ ਜ਼ੋਰ ਲਾ ਦੇਵੇ।

**ਜ਼ਕਰੀਆ ਖਾਂ ਦੇ ਸਿੱਖਾਂ ਨਾਲ ਸਬੰਧ (1726 ਈ. ਤੋਂ ਲੈ ਕੇ 1745 ਈ. ਤੱਕ)**

**ਜ਼ਕਰੀਆ ਖਾਂ ਦੀ ਸਿੱਖਾਂ ਦੇ ਵਿਰੁੱਧ ਹੋਰ ਕਰੜੀ ਕਾਰਵਾਈ :**

1726 ਈ. ਵਿਚ ਜ਼ਕਰੀਆ ਖਾਂ ਨੇ ਗਵਰਨਰ ਬਣਦਿਆਂ ਹੀ ਸਿੱਖਾਂ ਦੇ ਵਿਰੁੱਧ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਸਿੱਖਾਂ ਦੇ ਸਿਰਾਂ ਦਾ ਮੁੱਲ ਰੱਖਿਆ ਗਿਆ ਅਤੇ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਧੜਾਧੜ ਹੋਣ ਲੱਗ ਪਈਆਂ। ਦੂਰੋਂ ਫੜ ਕੇ ਉਨ੍ਹਾਂ ਨੂੰ ਲਾਹੌਰ ਲਿਆਂਦਾ ਗਿਆ ਤੇ ਤਸੀਹੇ ਦੇ ਕੇ ਮਾਰਿਆ ਗਿਆ। ਇਹ ਸ਼ਹੀਦੀਆਂ ਲਾਹੌਰ ਵਿਚ ਘੋੜਿਆਂ ਦੀ ਮੰਡੀ ਦੀ ਥਾਂ ਹੋਈਆਂ। ਇਸ ਨੂੰ ਸ਼ਹੀਦ ਗੰਜ ਆਖਿਆ ਜਾਣ ਲੱਗ ਪਿਆ। ਇਕ ਵਾਰ ਫਿਰ ਸਿੱਖ ਪਿੰਡਾਂ ਅਤੇ ਸ਼ਹਿਰਾਂ ਨੂੰ ਛੱਡ ਕੇ ਜੰਗਲਾਂ ਦੇ ਵਿਚ ਜਾ ਵਸੇ। ਉਨ੍ਹਾਂ ਨੇ ਦੁਸ਼ਮਨਾਂ ਤੋਂ ਬਚਾਉ ਲਈ ਆਪਣੀਆਂ ਚੀਜ਼ਾਂ ਦੇ ਖੁਫ਼ੀਆ ਨਾਂ ਰੱਖ ਲਏ ਤਾਂ ਕਿ ਦੁਸ਼ਮਨ ਉਨ੍ਹਾਂ ਦੀ ਅਸਲੀਅਤ ਦਾ ਪਤਾ ਨਾ ਲਾ ਸਕੇ। ਉਹ ਸਾਗ ਨੂੰ ਪਲਾਅ, ਪਿਆਜ਼ ਨੂੰ ਰੁਪਾ (ਚਾਂਦੀ ਦਾ ਟੁਕੜਾ) ਕਹਿਣ ਲੱਗ ਪਏ। ਉਹਨਾਂ ਨੂੰ ਵਿਸ਼ਵਾਸ ਸੀ ਕਿ ਇਕ ਦਿਨ ਖਾਲਸਾ ਰਾਜ ਕਰੇਗਾ।

ਭਾਈ ਤਾਰਾ ਸਿੰਘ ਦੀ ਮੁਗ਼ਲਾਂ ਨਾਲ ਟੱਕਰ ਤੇ ਸ਼ਹੀਦੀ :

ਭਾਈ ਤਾਰਾ ਸਿੰਘ ਅੰਮ੍ਰਿਤਸਰ ਜ਼ਿਲੇ ਦੇ ਵਾਨ ਪਿੰਡ ਦਾ ਵਸਨੀਕ ਸੀ। ਉਹ ਬਹੁਤ ਦਲੇਰ ਤੇ ਬਹਾਦਰ ਸੀ ਤੇ ਉਹ ਆਪਣੇ ਪਿੰਡ ਵਿਚ ਗ਼ਰੀਬ ਲੋਕਾਂ ਲਈ ਗੁਰੂ ਕਾ ਲੰਗਰ ਚਲਾਉਂਦਾ ਸੀ। ਤਾਰਾ ਸਿੰਘ ਵਾਨ ਦਾ ਪਿੰਡ ਨੌਸ਼ਹਿਰਾ (ਜ਼ਿਲ੍ਹਾ ਅੰਮ੍ਰਿਤਸਰ ਵਿਚ ਸਥਿਤ) ਦੇ ਨੰਬਰਦਾਰ ਸਾਹਿਬ ਰਾਏ ਨਾਲ ਝਗੜਾ ਹੋ ਗਿਆ ਜਿਸ ਦਾ ਕਾਰਨ ਇਹ ਸੀ ਕਿ ਨੰਬਰਦਾਰ ਸਿੱਖਾਂ ਦੇ ਖੇਤਾਂ ਵਿਚ ਆਪਣੇ ਘੋੜੇ ਚਰਨ ਲਈ ਛੱਡ ਦੇਂਦਾ ਸੀ ਜੋ ਉਨ੍ਹਾਂ ਦੇ ਖੇਤਾਂ ਦਾ ਨਾਸ

ਮਾਰ ਦੇਂਦੇ ਸਨ। ਸਿੱਖਾਂ ਨੇ ਸਾਹਿਬ ਰਾਏ ਨੂੰ ਬੇਨਤੀ ਕੀਤੀ ਕਿ ਉਹ ਘੋੜੇ ਬੰਨ੍ਹ ਕੇ ਰਖਿਆ ਕਰੇ ਤਾਂ ਉਸਨੇ ਅਭਿਮਾਨ ਭਰੇ ਸੁਰ ਵਿਚ ਕਿਹਾ,"ਮੈਂ ਆਪਣੇ ਘੋੜਿਆਂ ਨੂੰ ਬੰਨ੍ਹਣ ਲਈ ਛੇਤੀ ਹੀ ਤੁਹਾਡੇ ਸਿਰਾਂ ਦੇ ਵਾਲਾਂ ਦੀਆਂ ਰੱਸੀਆਂ ਤਿਆਰ ਕਰਵਾਵਾਂਗਾ। ਉਦੋਂ ਤੱਕ ਮੇਰੇ ਘੋੜੇ ਇਸੇ ਤਰ੍ਹਾਂ ਖੁੱਲ੍ਹੇ ਚਰਦੇ ਰਹਿਣਗੇ।" ਸਿੱਖ ਇਹੋ ਜਿਹੇ ਅਪਮਾਨਜਨਕ ਸ਼ਬਦਾਂ ਨੂੰ ਸੁਣ ਕੇ ਕ੍ਰੋਧਿਤ ਹੋ ਉਠੇ। ਅਮਰ ਸਿੰਘ ਤੇ ਬਘੇਲ ਸਿੰਘ ਨਾਮ ਦੇ ਸਿੱਖਾਂ ਨੇ ਸਾਹਿਬ ਰਾਏ ਦੀ ਇਕ ਘੋੜੀ ਫੜ ਲਈ ਜਦੋਂ ਉਹ ਉਨ੍ਹਾਂ ਦੇ ਖੇਤਾਂ ਵਿਚ ਚਰਨ ਗਈ। ਇਸ ਘੋੜੀ ਨੂੰ ਉਨ੍ਹਾਂ ਨੇ ਵੇਚ ਦਿੱਤਾ ਅਤੇ ਪ੍ਰਾਪਤ ਕੀਤੇ ਧਨ ਦੀ ਭੋਜਨ ਸਮੱਗਰੀ ਖਰੀਦ ਕੇ ਤਾਰਾ ਸਿੰਘ ਵਾਨ ਦੇ ਲੰਗਰ ਵਿਚ ਭੇਜ ਦਿੱਤੀ। ਜਦੋਂ ਸਾਹਿਬ ਰਾਏ ਨੂੰ ਪਤਾ ਲੱਗਾ ਤਾਂ ਉਸਨੇ ਆਪਣੇ ਕੁਝ ਆਦਮੀਆਂ ਸਮੇਤ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪਿੱਛਾ ਕੀਤਾ ਪਰ ਅਮਰ ਸਿੰਘ ਤੇ ਬਘੇਲ ਸਿੰਘ ਤਾਰਾ ਸਿੰਘ ਵਾਨ ਦੀ ਸ਼ਰਨ ਵਿਚ ਚਲੇ ਗਏ। ਸਾਹਿਬ ਰਾਏ ਤੇ ਉਸਦੇ ਸਾਥੀ ਤਾਰਾ ਸਿੰਘ ਕੋਲ ਪਹੁੰਚ ਗਏ ਪਰ ਸਿੱਖਾਂ ਨੇ ਉਨ੍ਹਾਂ ਨੂੰ ਜੁੱਤੀਆਂ ਮਾਰ ਕੇ ਭਜਾ ਦਿੱਤਾ। ਸਾਹਿਬ ਰਾਏ ਪੱਟੀ ਦੇ ਫ਼ੌਜਦਾਰ ਜਾਗ਼ਰ ਬੇਗ ਨੂੰ ਅਪਰਾਧੀ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ। ਜਾਫਰ ਬੇਗ ਨੇ ਤਾਰਾ ਸਿੰਘ ਤੇ ਉਸਦੇ ਸਾਥੀਆਂ ਨੂੰ ਸਜ਼ਾ ਦੇਣ ਲਈ 25 ਘੋੜ ਸਵਾਰ ਤੇ 80 ਪੈਦਲ ਸੈਨਿਕ ਭੇਜੇ ਪਰ ਸਿੱਖਾਂ ਨੇ ਉਨ੍ਹਾਂ ਨੂੰ ਹਰਾ ਦਿੱਤਾ ਤੇ ਜਾਫ਼ਰ ਨੂੰ ਸਜਾ ਦੇਣ ਲਈ 25 ਘੋੜ ਸਵਾਰ ਤੇ 80 ਪੈਦਲ ਸੈਨਿਕ ਭੇਜੇ ਪਰ ਸਿੱਖਾਂ ਨੇ ਉਨ੍ਹਾਂ ਨੂੰ ਹਰਾ ਦਿੱਤਾ ਤੇ ਜਾਫ਼ਰ ਬੇਗ ਦੇ ਭਤੀਜੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਲਈ ਜਾਫ਼ਰ ਬੇਗ ਨੇ ਜ਼ਕਰੀਆ ਖਾਂ ਨੂੰ ਭਾਰੀ ਫੌਜ ਭੇਜਣ ਲਈ ਬਿਨੈ-ਪੱਤਰ ਭੇਜਿਆ। ਜ਼ਕਰੀਆ ਖਾਂ ਨੇ 2000 ਘੋੜ ਸਵਾਰ 40 ਜੰਬੂਰਕੇ ਅਤੇ 5 ਹਾਥੀ ਤਾਰਾ ਸਿੰਘ ਵਿਰੁੱਧ ਲੜਨ ਲਈ ਭੇਜੇ। ਤਾਰਾ ਸਿੰਘ ਆਪਣੇ ਸਿੱਖਾਂ ਨਾਲ ਸਾਰੀ ਰਾਤ ਉਨ੍ਹਾਂ ਦਾ ਮੁਕਾਬਲਾ ਕਰਦਾ ਰਿਹਾ ਤੇ ਅੰਤ ਆਪਣੇ ਸਾਥੀਆਂ ਸਮੇਤ ਲੜਦਾ ਹੋਇਆ ਮਾਰਿਆ ਗਿਆ। ਸਿੱਖਾਂ ਉਤੇ ਇਸ ਸ਼ਹੀਦੀ ਦਾ ਇੰਨਾ ਡੂੰਘਾ ਅਸਰ ਹੋਇਆ ਕਿ ਉਹਨਾਂ ਨੇ ਪਹਾੜਾਂ ਦੇ ਜੰਗਲਾਂ ਵਿਚੋਂ ਨਿਕਲ ਕੇ ਮੁਸਲਮਾਨਾਂ ਤੇ ਉਹਨਾਂ ਦੇ ਸ਼ਾਹੀ ਖਜ਼ਾਨੇ ਤੇ ਅਚਾਨਕ ਹਮਲੇ ਸ਼ੁਰੂ ਕਰ ਦਿੱਤੇ। ਮੁਰਤਜ਼ਾ ਖਾਂ ਜੋ ਕਿ ਕੰਧਾਰ ਦਾ ਸ਼ਾਹੀ ਸੌਦਾਗਰ ਸੀ ਤੇ ਬਾਦਸ਼ਾਹ ਲਈ ਘੋੜੇ ਲਿਆ ਰਿਹਾ ਸੀ, ਨੂੰ ਲੁੱਟ ਲਿਆ।

**ਹੈਦਰੀ ਝੰਡਾ :**

ਜ਼ਕਰੀਆ ਖਾਂ ਇਨ੍ਹਾਂ ਦੇ ਹਮਲਿਆਂ ਤੋਂ ਤੰਗ ਆ ਚੁੱਕਾ ਸੀ। ਉਸ ਨੇ ਪੰਜਾਬ ਦੇ ਮੁਸਲਮਾਨਾਂ ਨੂੰ ਜਥੇਬੰਦ ਕਰ ਕੇ ਹੈਦਰੀ ਝੰਡਾ ਝੁਲਾ ਦਿੱਤਾ। ਇਸ ਜਹਾਦ ਵਿਚ ਹਜ਼ਾਰਾਂ ਮੁਸਲਮਾਨ ਅਨਾਇਤ ਉੱਲਾ ਦੀ ਕਮਾਨ ਥੱਲੇ ਸਿੱਖਾਂ ਨਾਲ ਜਾ ਭਿੜੇ। ਸਿੱਖ ਫਿਰ ਪਹਾੜਾਂ ਵਿਚ ਜਾ ਲੁਕੇ ਤੇ ਥੋੜ੍ਹੇ ਦਿਨਾਂ ਪਿਛੋਂ ਫੇਰ ਚੁਪ-ਚਪੀਤੇ ਮੁਸਲਮਾਨੀ ਫੌਜ ਤੇ ਟੁੱਟ ਪਏ। ਉਨ੍ਹਾਂ ਦਾ ਗੋਲਾ-ਬਾਰੂਦ, ਖ਼ਜ਼ਾਨਾ ਤੇ ਘੋੜੇ ਲੁੱਟ ਕੇ ਲੈ ਗਏ ਅਤੇ ਭੀਲੋਵਾਲ ਦੇ ਸਥਾਨ ਤੇ ਹੈਦਰੀ ਝੰਡਾ ਖੜਾ ਕਰਨ ਵਾਲਿਆਂ ਨੂੰ ਅਚਾਨਕ ਹਮਲੇ ਨਾਲ ਖਤਮ ਕਰ ਦਿੱਤਾ ਅਤੇ ਹੈਦਰੀ ਝੰਡੇ ਨੂੰ ਲੀਰੋ-ਲੀਰ ਕਰ ਦਿੱਤਾ।

**ਜ਼ਕਰੀਆ ਖਾਂ ਦਾ ਸਿੱਖਾਂ ਨਾਲ ਸਮਝੌਤਾ :**

1733 ਈ. ਵਿਚ ਜ਼ਕਰੀਆ ਖਾਂ ਨੂੰ ਮਜ਼ਬੂਰ ਹੋ ਕੇ ਸਿੱਖਾਂ ਨਾਲ ਸੁਲ੍ਹਾ ਕਰਨੀ ਪਈ। ਉਸ ਨੇ ਸਿੱਖਾਂ ਨੂੰ ਪੇਸ਼ਕਸ਼ ਕੀਤੀ ਕਿ ਉਨ੍ਹਾਂ ਦਾ ਆਗੂ ਮੁਗ਼ਲ ਸਰਕਾਰ ਪਾਸੋਂ ਨਵਾਬ ਦਾ ਖ਼ਿਤਾਬ ਅਤੇ ਇਕ ਲੱਖ ਰੁਪਏ ਸਾਲਾਨਾ ਦੀ ਜਾਗੀਰ ਕਬੂਰ ਕਰ ਲਵੇ। ਸਿੱਖਾਂ ਨੇ ਅਕਾਲ ਤਖਤ ਤੇ ਇਕੱਤਰ ਹੋ ਕੇ ਡੂੰਘੀ ਸੋਚ-ਵਿਚਾਰ ਪਿਛੋਂ ਫੈਸਲਾ ਕੀਤਾ ਕਿ ਨਵਾਬ ਦਾ ਖਿਤਾਬ ਅਤੇ ਜਾਗੀਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਮਿਲੇ। ਜ਼ਕਰੀਆ ਖ਼ਾਂ ਦਾ ਵਿਚਾਰ ਸੀ ਕਿ ਇਹ ਸਮਝੌਤੇ ਨਾਲ ਸਿੱਖ ਲੁੱਟਮਾਰ ਦਾ ਕੰਮ ਛੱਡ ਕੇ ਜ਼ਮੀਨ ਵਾਹੀ ਦੇ ਕੰਮ ਵਿਚ ਰੁੱਝ ਜਾਣਗੇ। ਪਰ ਉਸਦਾ ਇਹ ਵਿਚਾਰ ਗ਼ਲਤ ਸਾਬਤ ਹੋਇਆ। ਸਿੱਖਾਂ ਨੂੰ ਜਦੋਂ ਸੁਖ ਦਾ ਸਾਹ ਮਿਲਿਆ ਤਾਂ ਉਨ੍ਹਾਂ ਨੇ ਆਪਣਾ ਸੰਗਠਨ ਹੋਰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਨਵਾਬ ਕਪੂਰ ਸਿੰਘ ਨੇ ਸਿੱਖਾਂ ਨੂੰ ਫ਼ੌਜੀ ਸਿਖਿਆ ਦੇਣ ਲਈ ਸਾਰੇ ਸਿੱਖ ਜਥਿਆਂ ਨੂੰ ਦੋ ਦਲਾਂ ਵਿਚ ਵੰਡ ਦਿੱਤਾ – ਬੁੱਢਾ ਦਲ ਤੇ ਤਰੁਣਾ ਦਲ। ਬੁੱਢੇ ਦਲ ਵਿਚ ਵਡੇਰੀ ਉਮਰ ਦੇ ਸਿੱਖ ਸ਼ਾਮਲ ਸਨ ਤੇ ਤਰੁਣਾ ਦਲ ਵਿਚ ਨੌਜਵਾਨ। ਤਰੁਣਾ ਦਲ ਪੰਜ ਜਥਿਆਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਦੇ ਹਰੇਕ ਜਥੇ ਵਿਚ 1300-2000 ਤੱਕ ਸਿੱਖ ਹੁੰਦੇ ਸਨ। ਹਰ ਇਕ ਦਾ ਆਪਣਾ ਨੇਤਾ, ਝੰਡਾ ਤੇ ਨਗਾਰਾ ਹੁੰਦਾ ਸੀ। ਉਨ੍ਹਾਂ ਦੇ ਸਮੂਹਿਕ ਜਥਿਆਂ ਦਾ ਨਾਂ'ਖਾਲਸਾ ਦਲ' ਰੱਖ ਦਿੱਤਾ ਗਿਆ। ਨਵਾਬ ਕਪੂਰ ਸਿੰਘ ਇਨ੍ਹਾਂ ਦਾ ਸਾਂਝਾ ਲੀਡਰ ਸੀ। ਸਿੱਖ ਉਸ ਦਾ ਬਹੁਤ ਆਦਰ ਤੇ ਸਤਿਕਾਰ ਕਰਦੇ ਸਨ।

**ਜਾਗੀਰ ਦੀ ਜ਼ਬਤੀ ਅਤੇ ਸਿੱਖਾਂ ਵਿਰੁੱਧ ਕਾਰਵਾਈਆਂ :**

ਜ਼ਕਰੀਆ ਖਾਂ ਦੁਆਰਾ ਦਿੱਤੀ ਗਈ ਛੋਟੀ ਜਿਹੀ ਜਾਗੀਰ ਤੋਂ ਸਿੱਖ ਬਹੁਤੇ ਸਮੇਂ ਲਈ ਸੰਤੁਸ਼ਟ ਨਾ ਰਹਿ ਸਕੇ। ਉਨ੍ਹਾਂ ਨੇ ਆਪਣੀ ਤਾਕਤ ਨੂੰ ਮਜ਼ਬੂਤ ਕਰਨ ਪਿਛੋਂ ਫੇਰ ਸੰਘਰਸ਼ ਸ਼ੁਰੂ ਕਰ ਦਿੱਤਾ। ਵਿਸ਼ੇਸ਼ ਕਰਕੇ ਤਰੁਣਾ ਦਲ

ਨੇ ਮੁਗ਼ਲਾਂ ਵਿਰੁੱਧ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਉਨ੍ਹਾਂ ਨੇ ਸਾਰਾ ਬਾਰੀ ਦੋਆਬ ਉਜਾੜ ਦਿੱਤਾ। ਮਾਲਵੇ ਵਿਚ ਵੀ ਉਨ੍ਹਾਂ ਨੇ ਆਲਾ ਸਿੰਘ ਦੀ ਅਗਵਾਈ ਥੱਲੇ ਇਕ ਛੋਟੀ ਜਿਹੀ ਰਿਆਸਤ'ਪਟਿਆਲਾ' ਕਾਇਮ ਕਰਨ ਵਿਚ ਮਦਦ ਕੀਤੀ। ਸਿੱਖਾਂ ਦੀਆਂ ਸਰਗਰਮੀਆਂ ਤੇ ਗੁੱਸਾ ਖਾ ਕੇ ਜ਼ਕਰੀਆ ਖਾਂ ਨੇ 1735 ਈ. ਵਿਚ ਸਿੱਖਾਂ ਦੀ ਜਾਗੀਰ ਜ਼ਬਤ ਕਰ ਲਈ ਤੇ ਦੀਵਾਨ ਲੱਖਪਤ ਰਾਇ ਦੀ ਕਮਾਨ ਥੱਲੇ ਸਿੱਖਾਂ ਦਾ ਖਾਤਮਾ ਕਰਨ ਲਈ ਬੜੀ ਭਾਰੀ ਫੌਜ ਭੇਜੀ। ਲੱਖਪਤ ਰਾਏ ਨੇ ਕਰੜੀਆਂ ਕਾਰਵਾਈਆਂ ਕੀਤੀਆਂ ਪਰ ਆਪਣੇ ਮਨੋਰਥ ਵਿਚ ਅਸਫਲ ਰਿਹਾ।

**ਹਰਿਮੰਦਰ ਸਾਹਿਬ ਤੇ ਮੁਗ਼ਲਾਂ ਦਾ ਕਬਜ਼ਾ :**

ਇਸ ਤੋਂ ਉਪਰੰਤ ਜ਼ਕਰੀਆ ਖਾਂ ਨੇ ਹਰਿਮੰਦਰ ਸਾਹਿਬ ਉਤੇ ਕਬਜ਼ਾ ਕਰ ਲਿਆ। ਇਸ ਮੰਦਰ ਨੂੰ ਜਾਣ ਵਾਲੇ ਰਸਤਿਆਂ ਉਤੇ ਦੇਸੀ ਚੌਂਕੀਆਂ ਬਿਠਾ ਦਿੱਤੀਆਂ ਅਤੇ ਨਾਲ ਲਗਦੇ ਇਲਾਕਿਆਂ ਦੇ ਚੌਧਰੀਆਂ ਨੂੰ ਹੁਕਮ ਦਿੱਤਾ ਕਿ ਉਹ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਭੇਜਣ।

**ਭਾਈ ਮਨੀ ਸਿੰਘ ਦੀ ਸ਼ਹੀਦੀ :**

ਭਾਈ ਮਨੀ ਸਿੰਘ ਨੇ ਜ਼ਕਰੀਆ ਖਾਂ ਕੋਲੋਂ ਦੀਵਾਲੀ ਦਾ ਤਿਉਹਾਰ ਅੰਮ੍ਰਿਤਸਰ ਵਿਚ ਮਨਾਉਣ ਦੀ ਆਗਿਆ ਮੰਗੀ ਤੇ ਚੜ੍ਹਾਵੇ ਵਿਚੋਂ 5,000 ਰੁਪਏ ਦੇਣੇ ਕੀਤੇ। ਪਰ ਇਕ ਦਿਨ ਪਹਿਲਾਂ ਹੀ ਜ਼ਕਰੀਆ ਖਾਂ ਨੇ ਇਕੱਤਰ ਹੋ ਰਹੀਆਂ ਸੰਗਤਾਂ ਤੇ ਹਮਲਾ ਕਰ ਦਿੱਤਾ ਤੇ ਦੀਵਾਲੀ ਨਾ ਮਨਾਈ ਜਾ ਸਕੀ। ਪਰ ਜ਼ਕਰੀਆ ਖਾਂ ਨੇ ਭਾਈ ਮਨੀ ਸਿੰਘ ਕੋਲੋਂ 5,000 ਰੁਪਏ ਦੀ ਮੰਗ ਕੀਤੀ। ਭਾਈ ਮਨੀ ਸਿੰਘ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਨੂੰ ਗ੍ਰਿਫ਼ਤਾਰ ਕਰਕੇ ਮੌਤ ਜਾਂ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਭਾਈ ਮਨੀ ਸਿੰਘ ਨੇ ਇਸਲਾਮ ਨਾ ਕਬੂਰ ਕੀਤਾ ਤੇ ਬੰਦ-ਬੰਦ ਕਟਵਾ ਕੇ ਸ਼ਹੀਦ ਹੋ ਗਏ।

**ਜ਼ਕਰੀਆ ਖਾਂ ਦੀਆਂ ਫ਼ੌਜਾਂ ਨੂੰ ਹਟਾਉਣਾ :**

ਇਸ ਤੋਂ ਬਾਦ ਜ਼ਕਰੀਆ ਖਾਂ ਨੇ ਨਵਾਬ ਕਪੂਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਫੌਜਾਂ ਭੇਜੀਆਂ ਪਰ ਸਿੱਖਾਂ ਨੇ ਇਨ੍ਹਾਂ ਨੂੰ ਹਰਾ ਦਿੱਤਾ ਅਤੇ ਸਤਲੁਜ ਪਾਰ ਝੱਜਰ, ਦਾਦਰੀ ਆਦਿ ਦੇ ਇਲਾਕਿਆਂ ਤੋਂ ਖਰਾਜ ਉਗਰਾਹਿਆ।

ਸਿੱਖਾਂ ਦਾ ਨਾਦਰ ਸ਼ਾਹ ਨੂੰ ਲੁੱਟਣਾ ਤੇ ਜ਼ਕਰੀਆ ਖਾਂ ਦੇ ਅਤਿਆਚਾਰ :

1739 ਈ. ਵਿਚ ਜਦੋਂ ਨਾਦਰ ਸ਼ਾਹ ਦਿੱਲੀ ਦਾ ਖ਼ਜ਼ਾਨਾ ਲੁੱਟ ਕੇ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਨਾਦਰ ਸ਼ਾਹ ਦੀ ਫੌਜ ਤੇ ਹਮਲਾ ਕਰਕੇ ਬਹੁਤ ਸਾਰਾ ਧਨ ਲੁੱਟ ਲਿਆ। ਨਾਦਰ ਸ਼ਾਹ ਸਿੱਖਾਂ ਦੀ ਦਲੇਰੀ ਅਤੇ ਨਿਡਰਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਜ਼ਕਰੀਆ ਖਾਂ ਤੋਂ ਸਿੱਖਾਂ ਦੇ ਟਿਕਾਣੇ ਬਾਰੇ ਪੁੱਛਿਆ। ਜ਼ਕਰੀਆ ਖਾਂ ਤੋਂ ਇਹ ਸੁਣਕੇ ਇਨ੍ਹਾਂ ਦਾ ਘਰ ਘੋੜੇ ਦੀ ਕਾਠੀ ਤੇ ਹੀ ਹੈ, ਉਹ ਜਾਂਦਾ ਹੋਇਆ ਜ਼ਕਰੀਆ ਖਾਂ ਨੂੰ ਚਿਤਾਵਨੀ ਕਰ ਗਿਆ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਬਾਗ਼ੀ ਦੇਸ਼ ਦੇ ਮਾਲਕ ਬਣ ਜਾਣਗੇ। ਇਨ੍ਹਾਂ ਸ਼ਬਦਾਂ ਨੇ ਜ਼ਕਰੀਆ ਖਾਂ ਨੂੰ ਬੜਾ ਚੌਕੰਨਾ ਕਰ ਦਿੱਤਾ। ਉਸ ਨੇ ਇਨ੍ਹਾਂ ਦੇ ਦਮਨ ਲਈ ਗਸ਼ਤੀ ਜੱਥੇ ਬਣਾਏ ਤੇ ਸਿੱਖਾਂ ਨੂੰ ਖਤਮ ਕਰਨ ਵਾਲਿਆਂ ਲਈ ਇਨਾਮ ਨਿਯਤ ਕੀਤੇ ਕਿ ਜਿਹੜਾ ਕਿਸੇ ਸਿੱਖ ਦੇ ਕੇਸ ਕੱਟ ਕੇ ਲਿਆਏਗਾ ਉਸ ਨੂੰ ਕੰਬਲ ਤੇ ਬਿਸਤਰਾ ਇਨਾਮ ਦਿੱਤਾ ਜਾਵੇਗਾ। ਜਿਹੜਾ ਕਿਸੇ ਸਿੱਖ ਦਾ ਨਿਵਾਸ ਅਸਥਾਨ ਦੱਸੇਗਾ, ਉਸ ਨੂੰ ਦਸ ਰੁਪਏ ਇਨਾਮ ਦਿੱਤੇ ਜਾਣਗੇ ਅਤੇ ਜਿਹੜਾ ਕਿਸੇ ਸਿੱਖ ਨੂੰ ਮਾਰੇਗਾ, ਉਸ ਨੂੰ ਪੰਜਾਹ ਰੁਪਏ ਇਨਾਮ ਦਿੱਤੇ ਜਾਣਗੇ। ਇਸ ਕਰੜੀ ਪਾਲਿਸੀ ਦੇ ਕਾਰਨ ਸਿੱਖਾਂ ਨੂੰ ਫੇਰ ਮੈਦਾਨ ਛੱਡ ਕੇ ਜੰਗਲਾਂ ਵਿਚ ਜਾਣਾ ਪਿਆ ਪਰ ਸਿਦਕੀ ਸਿੱਖਾਂ ਦਾ ਮਨ ਨਾ ਡੋਲਿਆ ਅਤੇ ਹੱਸ-ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਜਿਨ੍ਹਾਂ ਵਿਚੋਂ ਭਾਈ ਮਹਿਤਾਬ ਸਿੰਘ, ਭਾਈ ਤਾਰੂ, ਬੋਤਾ ਸਿੰਘ, ਹਕੀਕਤ ਰਾਏ ਦੇ ਨਾਂ ਪ੍ਰਮੁੱਖ ਹਨ ਜਿਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ।

**ਸ਼ਹੀਦ ਮਹਿਤਾਬ ਸਿੰਘ :**

ਜਦੋਂ ਭਾਈ ਮਹਿਤਾਬ ਸਿੰਘ ਮੀਰਾਨ ਕੋਟੀਏ ਨੂੰ ਜੈਪੁਰ ਵਿਚ ਇਹ ਪਤਾ ਲੱਗਾ ਕਿ ਚੌਧਰੀ ਮੱਸੇ ਰੰਗੜ ਨੇ ਦਰਬਾਰ ਸਾਹਿਬ ਨੂੰ ਅਸਤਬਲ ਅਤੇ ਨਾਚ ਘਰ ਬਣਾ ਰੱਖਿਆ ਹੈ, ਉਹ ਇਸ ਬੇ-ਅਦਬੀ ਨੂੰ ਬਰਦਾਸ਼ਤ ਨਾ ਕਰ ਸਕਿਆ। ਉਸ ਨੇ ਆਪਣੇ ਇਕ ਸਾਥੀ ਸੁੱਖਾ ਸਿੰਘ ਕੰਬੋ ਨੂੰ ਨਾਲ ਲੈ ਕੇ ਤੁਰੰਤ ਅੰਮ੍ਰਿਤਸਰ ਵੱਲ ਕੂਚ ਕੀਤਾ ਅਤੇ ਮੱਸੇ ਦਾ ਸਿਰ ਲਾਹ ਸੁੱਟਿਆ। ਕੁਝ ਸਮੇਂ ਬਾਅਦ ਮਹਿਤਾਬ ਸਿੰਘ ਪਕੜਿਆ ਗਿਆ ਅਤੇ ਕਤਲ ਕਰ ਦਿੱਤਾ ਗਿਆ।

**ਭਾਈ ਬੋਤਾ ਸਿੰਘ ਸੰਧੂ ਦੀ ਸ਼ਹੀਦੀ :**

ਇਸ ਤਰ੍ਹਾਂ ਹੀ ਇਕ ਉੱਘੀ ਸ਼ਹੀਦੀ ਭਾਈ ਬੋਤਾ ਦੀ ਸੀ। ਇਹ ਮਾਝੇ ਦੇ ਇਕ ਪਿੰਡ ਭਰਾਵਾਂ ਦਾ ਰਹਿਣ

ਵਾਲਾ ਸੀ। ਉਹ ਕਦੇ-ਕਦੇ ਰਾਤ ਵੇਲੇ ਆਪਣੇ ਇਕ ਦੋਸਤ ਗਰਜਾ ਸਿੰਘ ਨਾਲ ਅੰਮ੍ਰਿਤਸਰ ਇਸ਼ਨਾਨ ਕਰਨ ਜਾਇਆ ਕਰਦਾ ਸੀ। ਉਸ ਨੂੰ ਕਿਸੇ ਮੇਹਣਾ ਮਾਰਿਆ ਕਿ ਉਹ ਸੱਚਾ ਸਿੱਖ ਨਹੀਂ ਜੋ ਜਾਨ ਬਚਾਉਣ ਲਈ ਛੁਪਦਾ ਫਿਰੇ। ਇਸ ਲਈ ਉਸ ਨੇ ਲਾਹੌਰ ਅਤੇ ਅੰਮ੍ਰਿਤਸਰ ਵਿਚਕਾਰ ਜਰਨੈਲੀ ਸੜਕ ਉਤੇ ਸਰਾਏ ਨੂਰਦੀਨ ਕੋਲ ਇਕ ਚੌਂਕੀ ਬਣਾ ਲਈ ਅਤੇ ਇਕ ਆਨਾ ਪ੍ਰਤੀ ਗੱਡਾ ਇਕ ਪੈਸਾ ਪ੍ਰਤੀ ਖੋਤਾ ਦੇ ਹਿਸਾਬ ਨਾਲ ਚੁੰਗੀ ਉਗਰਾਹੁਣੀ ਸ਼ੁਰੂ ਕਰ ਦਿੱਤੀ। ਜ਼ਕਰੀਆ ਖਾਂ ਨੂੰ ਸੂਚਨਾ ਮਿਲਣ ਤੇ (ਇਹ ਸੂਚਨਾ ਬੋਤਾ ਸਿੰਘ ਨੇ ਖੁਦ ਭੇਜੀ ਸੀ) ਜਲਾਲੂਦੀਨ ਦੀ ਅਗਵਾਈ ਹੇਠ 100 ਘੋੜ ਸਵਾਰ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਭੇਜੇ। ਬੋਤਾ ਸਿੰਘ ਅਤੇ ਉਸ ਦੇ ਸਾਥੀਆਂ ਨੇ ਈਨ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ।

**ਭਾਈ ਤਾਰੂ ਸਿੰਘ ਦੀ ਸ਼ਹੀਦੀ :**

ਉਸ ਦਾ ਕਸੂਰ ਕੇਵਲ ਇਹ ਸੀ ਕਿ ਉਹ ਪੱਕਾ ਸਿੱਖ ਸੀ ਤੇ ਆਪਣੀ ਕਮਾਈ ਵਿਚੋਂ ਕੁਝ ਹਿੱਸਾ ਆਪਣੇ ਲੁਕੇ ਛੁਪੇ ਭਰਾਵਾਂ ਨੂੰ ਲੰਗਰ ਛਕਾਉਣ ਤੇ ਖਰਚ ਕਰ ਛੱਡਦਾ ਸੀ। ਇੰਨੀ ਵੀ ਗੱਲ ਮੁਗ਼ਲ ਸਰਕਾਰ ਨੂੰ ਚੁਭਦੀ ਸੀ। ਜੰਡਿਆਲਾ ਨਿਵਾਸੀ ਹਰਭਗਤ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਜ਼ਕਰੀਆ ਖਾਂ ਕੋਲ ਲਾਹੌਰ ਭੇਜ ਦਿੱਤਾ। ਉਸ ਨੂੰ ਵੀ ਮੌਤ ਜਾਂ ਇਸਲਾਮ ਚੁਣਨ ਲਈ ਆਖਿਆ ਗਿਆ। ਤਾਰੂ ਸਿੰਘ ਨੇ ਖੁਸ਼ੀ ਖੁਸ਼ੀ ਮੌਤ ਕਬੂਲ ਕੀਤੀ। ਇਸ ਉਤੇ ਇਸ ਨੂੰ ਲਾਹੌਰ ਦੇ ਨਖਸ' ਘੋੜਾ ਮੰਡੀ ਲਿਆਂਦਾ ਗਿਆ ਜਿਥੇ ਰੰਬੀ ਨਾਲ ਉਸ ਦੀ ਖੋਪਰੀ ਉਤਾਰੀ ਗਈ। ਸਿਦਕੀ ਸਿੱਖ ਨੇ ਬੜੀ ਬਹਾਦਰੀ ਨਾਲ ਬਾਣੀ ਪੜ੍ਹਦੇ ਹੋਏ ਇਹ ਕਰੜੀ ਸਜ਼ਾ ਬਰਦਾਸ਼ਤ ਕੀਤੀ।

**ਵੀਰ ਹਕੀਕਤ ਰਾਏ ਦੀ ਸ਼ਹੀਦੀ :**

ਬਾਲ ਹਕੀਕਤ ਰਾਏ ਸਿਆਲਕੋਟ ਦੇ ਇਕ ਖੱਤਰੀ ਭਾਗ ਮੱਲ ਪੁਰੀ ਦਾ ਇਕਲੌਤਾ ਪੁੱਤਰ ਸੀ ਤੇ ਉਸ ਦੀ ਮਾਤਾ ਦਾ ਨਾਮ ਗੋਰਾ ਸੀ। ਉਹ ਨਾਨਕ ਪੰਥੀ ਸੀ। ਬਚਪਨ ਵਿਚ ਹੀ ਉਸ ਦੀ ਸ਼ਾਦੀ ਇਕ ਸਿੱਖ ਬੀਬੀ ਜੋ ਸਰਦਾਰ ਕਿਸ਼ਨ ਸਿੰਘ ਬਟਾਲੇ ਦੀ ਪੁੱਤਰੀ ਸੀ, ਨਾਲ ਹੀ ਹੋ ਗਈ। ਇਸ ਨਾਲ ਉਸ ਤੇ ਸਿੱਖੀ ਹੋਰ ਪਾਣ ਚੜ੍ਹ ਗਈ। ਚਾਹੇ ਅਜੇ ਹਕੀਕਤ ਅੰਮ੍ਰਿਤ ਛੱਕ ਕੇ ਖਾਲਸਾ ਨਹੀਂ ਸੀ ਸਜਿਆ ਪਰ ਬਹੁਤੇ ਇਤਿਹਾਸਕਾਰ ਮੰਨਦੇ ਹਨ ਕਿ ਉਹ ਇਕ ਸਹਿਜਧਾਰੀ ਸਿੱਖ ਸੀ ਤੇ ਧਾਰਮਿਕ ਜੋਸ਼, ਸ਼ਰਧਾ ਭਾਵ ਵਿਚ ਉਹ ਕਿਸੇ ਅੰਮ੍ਰਿਤਧਾਰੀ ਸਿੱਖ ਨਾਲੋਂ ਪਿੱਛੇ ਨਹੀਂ ਸੀ।

ਉਸ ਸਮੇਂ ਦੇ ਰਿਵਾਜ ਅਨੁਸਾਰ ਹਕੀਕਤ ਰਾਏ ਮਸੀਤ ਵਿਚ ਇਕ ਮੌਲਵੀ ਪਾਸੋਂ ਫ਼ਾਰਸੀ ਪੜ੍ਹਦਾ ਸੀ ਤੇ ਇਕ ਦਿਨ ਮੁੱਲਾਂ ਨੇ ਹਿੰਦੂ ਦੇਵਤਿਆਂ ਬਾਰੇ ਕੁਝ ਭੈੜੇ ਬਚਨ ਬੋਲੇ। ਹਕੀਕਤ ਰਾਇ ਇਹ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਬੀਬੀ ਫਾਤਮਾ ਦੇ ਵਿਰੁੱਧ ਉਹ ਹੀ ਲਫ਼ਜ਼ ਕਹਿ ਦਿੱਤੇ। ਫਿਰ ਕੀ ਸੀ ਹਕੀਕਤ ਰਾਏ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਗਿਆ। ਹਿੰਦੂ ਬਾਲ ਦੀ ਗ੍ਰਿਫਤਾਰੀ ਉਤੇ ਪੰਜਾਬ ਦੇ ਹਿੰਦੂਆਂ ਵਿਚ ਹਾਹਾਕਾਰ ਮੱਚ ਗਈ। ਸਿਰਕੱਢ ਹਿੰਦੂ ਅਫ਼ਸਰਾਂ ਨੇ ਬਾਲ ਦੀ ਰਿਹਾਈ ਵਾਸਤੇ ਲਾਹੌਰ ਦੇ ਗਵਰਨਰ ਕੋਲ ਪ੍ਰਾਰਥਨਾ ਕੀਤੀ ਪਰ ਉਨ੍ਹਾਂ ਦੇ ਸਭ ਯਤਨ ਬੇਅਰਥ ਗਏ। ਮੁਕੱਦਮੇ ਦਾ ਢੌਂਗ ਰਚ ਕੇ ਹਕੀਕਤ ਰਾਏ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਧਰਮੀ ਬਾਲ ਨੂੰ ਜੰਜ਼ੀਰਾਂ ਵਿਚ ਜਕੜ ਕੇ ਥੰਮ੍ਹ ਨਾਲ ਬੰਨ੍ਹ ਦਿੱਤਾ ਗਿਆ ਅਤੇ ਇੰਨੇ ਕੋਹੜੇ ਮਾਰੇ ਗਏ ਕਿ ਉਸ ਦੇ ਸਰੀਰ ਵਿਚੋਂ ਰਤ ਚੋਣ ਲੱਗ ਪਈ। ਜਦੋਂ ਉਹ ਬੇਹੋਸ਼ ਹੋ ਗਿਆ ਤਾਂ ਉਸ ਨੂੰ ਤਲਵਾਰ ਨਾਲ ਕਤਲ ਕਰ ਦਿੱਤਾ ਗਿਆ। ਉਸ ਦੀ ਦੇਹ ਦਾ ਸ਼ਾਹ ਬਿਲਾਵਲ (ਲਾਹੌਰ) ਕੋਲ ਇਕ ਸੁੰਨਸਾਨ ਥਾਂ ਤੇ ਸੰਸਕਾਰ ਕੀਤਾ ਗਿਆ।

ਇਸ ਸ਼ਹੀਦੀ ਤੇ ਮੁਸਲਮਾਨ ਤੋਂ ਛੁੱਟ ਸਾਰੇ ਪੰਜਾਬੀਆਂ ਵਿਚ ਰੋਸ ਦੀ ਲਹਿਰ ਦੌੜ ਗਈ। ਕਿਸ਼ਨ ਸਿੰਘ ਉੱਪਲ ਨੇ ਖ਼ਾਲਸੇ ਕੋਲ ਜਾ ਕੇ ਬੇਨਤੀ ਕੀਤੀ ਕਿ ਮੁਸਲਮਾਨ ਜਰਵਾਣਿਆਂ ਕੋਲ ਉਸ ਦੇ ਜਵਾਈ ਦੇ ਕਤਲ ਦਾ ਬਦਲਾ ਲਿਆ ਜਾਏ। ਸਿੱਟੇ ਵਜੋਂ ਥੋੜੇ ਚਿਰ ਪਿਛੋਂ ਸਿੱਖਾਂ ਨੇ ਸਿਆਲਕੋਟ ਨੂੰ ਜਾ ਲੁੱਟਿਆ ਅਤੇ ਉਨ੍ਹਾਂ ਸਾਰੇ ਕਾਜ਼ੀਆਂ ਨੂੰ ਕਤਲ ਕਰ ਦਿੱਤਾ ਜਿਨ੍ਹਾਂ ਦਾ ਇਸ ਸ਼ਹੀਦੀ ਵਿਚ ਹੱਥ ਸੀ।

**ਜ਼ਕਰੀਆ ਖਾਂ ਦੀ ਮੌਤ ਸਮੇਂ ਸਿੱਖ ਪਹਿਲਾਂ ਵਾਂਗ ਤਾਕਤਵਰ :**

1745 ਈ. ਵਿਚ ਜ਼ਕਰੀਆ ਖਾਂ ਦੀ ਮ੍ਰਿਤੂ ਹੋ ਗਈ। ਪਰ ਉਹ ਸਿੱਖਾਂ ਵ੍ਰਤੇ ਬੇਅੰਤ ਅਤਿਆਚਾਰਾਂ ਦੇ ਬਾਵਜੂਦ ਵੀ ਉਹ ਉਨ੍ਹਾਂ ਦਾ ਖਾਤਮਾ ਕਰਨ ਵਿਚ ਸਫ਼ਲ ਨਾ ਹੋ ਸਕਿਆ ਸਗੋਂ ਸਿੱਖ ਪਹਿਲਾਂ ਨਾਲੋਂ ਵਧੇਰੇ ਜੋਸ਼ੀਲੇ ਬਣ ਗਏ।

**ਮੁੱਖ ਵਿਅਕਤੀ ਅਤੇ ਸ਼ਬਦ :**

1) ਸਿੱਖਾਂ ਵਿਚ ਧੜੇਬੰਦੀ

2) ਜ਼ਕਰੀਆ ਖਾਂ ਦੀ ਨੀਤੀ
3) ਸ਼ਹੀਦੀ ਭਾਈ ਤਾਰਾ ਸਿੰਘ ਦੀ
4) ਭਾਈ ਮਨੀ ਸਿੰਘ ਦੀ ਸ਼ਹੀਦੀ
5) ਭਾਈ ਬੋਤਾ ਸਿੰਘ ਦੇ ਕਾਰਨਾਮੇ
6) ਸ਼ਹੀਦ ਭਾਈ ਤਾਰੂ ਸਿੰਘ
7) ਵੀਰ ਹਕੀਕਤ ਰਾਏ
8) ਨਾਦਰ ਸ਼ਾਹ ਦੀ ਲੁੱਟ

**ਛੋਟੇ ਪ੍ਰਸ਼ਨ :**

1) ਅਬਦੁਸ ਸਮਦ ਖਾਂ ਦੀ ਨੀਤੀ ਦੱਸੋ।
2) ਜ਼ਕਰੀਆ ਖਾਂ ਕੌਣ ਸੀ ?
3) ਭਾਈ ਮਨੀ ਸਿੰਘ ਦਾ ਜੀਵਨ ਬਿਆਨ ਕਰੋ।
4) ਜਗੀਰ ਕਿਉਂ ਜ਼ਬਤ ਕੀਤੀ ਗਈ ?

**ਲੰਮੇ ਪ੍ਰਸ਼ਨ :**

1) ਸਿੱਖ ਸੰਘਰਸ਼ ਦੀਆਂ ਕੀ ਵਿਸ਼ੇਸ਼ਤਾਵਾਂ ਸਨ ? ਖੋਲ੍ਹ ਕੇ ਲਿਖੋ।
2) ਭਾਈ ਤਾਰੂ ਸਿੰਘ ਦੀ ਸ਼ਹੀਦੀ ਦੇ ਕਾਰਨ ਤੇ ਪ੍ਰਭਾਵ ਦੱਸੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1) Bhagat Singh, A History of the Sikh Misals, pp. 19-57.
2) Teja Singh Ganda Singh, A Short History of Sikhs, passim.

**ਪਾਠ ਨੰ. 2.3 (ਬੀ)**

## ਸਿੱਖ–ਅਫਗਾਨ ਸੰਘਰਸ਼ : ਮੀਰ ਮਨੂੰ ਵਿਰੁੱਘ ਸਿੱਖ ਸੰਘਰਸ਼

ਮੀਰ ਮਨੂੰ ਦਾ ਅਸਲੀ ਨਾਮ ਮੁਈਨ–ਉਲ–ਮੁਲਕ ਸੀ। ਅਸਲ ਵਿਚ 18ਵੀਂ ਸਦੀ ਦਾ ਇਤਿਹਾਸ ਸਾਜਿਆ ਅਤੇ ਜ਼ੁਲਮਾਂ ਦੀ ਕਹਾਣੀ ਜਾਂ ਫਿਰ ਸੰਘਰਸ਼ਾਂ ਦੀ ਵਾਰਦਾਤਾਂ ਦੀ ਭਰਮਾਰ ਸੀ।

### ਪਾਠ ਦੀ ਬਣਤਰ

ਮੀਰ ਮਨੂੰ (1748–1753 ਈ.) ਦਾ ਸਮਾਂ ਅਤੇ ਨੀਤੀ
ਸਿੱਖਾਂ ਦਾ ਤਾਕਤ ਵਿਚ ਆਉਣਾ
ਦਲ–ਖਾਲਸਾ ਦੀ ਸਥਾਪਨਾ (1748)
ਸਿੱਖਾਂ ਦਾ ਕਤਲੇਆਮ
ਰਾਮ ਰੌਣੀ ਦਾ ਘੇਰਾ
ਅਹਿਮਦ ਸ਼ਾਹ ਅਬਦਾਲੀ ਦਾ ਦੂਜਾ ਹੱਲਾ
ਸ਼ਾਹ ਨਿਵਾਜ ਤੇ ਜ਼ੁਲਮ ਦਾ ਨਵਾਂ ਦੌਰ
ਅਬਦਾਲੀ ਦਾ ਤੀਜਾ ਹਮਲਾ ਤੇ ਸਿੱਟੇ
ਛੋਟੇ ਪ੍ਰਸ਼ਨ ਅਤੇ ਲੰਮੇ ਪ੍ਰਸ਼ਨ
ਪੁਸਤਕਾਂ

### ਉਦੇਸ਼

(1) ਸਿੱਖ–ਅਫਗਾਨ ਸੰਘਰਸ਼ ਬਿਆਨ ਕਰਕੇ ਪੰਜਾਬ ਦੀ ਫੌਜੀ ਮਹਾਨਤਾ ਉਜਾਗਰ ਕਰਨਾ।
(2) ਸਿੱਖਾਂ ਦੇ ਸਿਦਕ ਅਤੇ ਇਨਸਾਫ ਦੀ ਚਰਚਾ ਦੱਸਣਾ।

### ਸਿੱਖ–ਅਫ਼ਗਾਨ ਸੰਘਰਸ਼

### ਮੀਰ ਮੰਨੂੰ (1748–1753) ਅਤੇ ਉਸ ਦੇ ਵਿਰੁੱਧ ਸਿੱਖਾਂ ਦਾ ਸੰਘਰਸ਼

18ਵੀਂ ਸਦੀ ਦਾ ਪੰਜਾਬ ਦਾ ਇਤਿਹਾਸ ਸਾਜ਼ਿਸ਼ਾਂ, ਵਹਿਸ਼ੀਆਨਾ ਕਤਲਾਮ ਅਤੇ ਕਤਲਾਂ ਦੀਆਂ ਵਾਰਦਾਤਾਂ ਦੀ ਇਕ ਲੰਬੀ ਦਾਸਤਾਨ ਹੈ। ਸਿੱਖਾਂ ਅਤੇ ਲਾਹੌਰ ਦੇ ਹੁਕਮਰਾਨਾਂ ਅਤੇ ਦੁਰਾਨੀਆਂ ਵਿਚ ਸਿਰ–ਧੜ ਦੀ ਬਾਜ਼ੀ ਲੱਗੀ ਹੋਈ ਸੀ। ਚਾਰੇ ਪਾਸੀਂ ਪਸਰੀ ਹਨੇਰ–ਗਰਦੀ ਅਰਾਜਕਤਾ ਅਤੇ ਲਾ ਕਾਨੂੰਨੀ ਨੇ ਪੰਜਾਬ ਦੇ ਲੋਕਾਂ ਦਾ ਜੀਣਾ ਹਰਾਮ ਕੀਤਾ ਹੋਇਆ ਸੀ।

ਮੁਈਨ–ਉਲ–ਮੁਲਕ ਜੋ ਮੀਰ ਮੰਨੂੰ ਦੇ ਨਾਂ ਨਾਲ ਮਸ਼ਹੂਰ ਸੀ, ਮੁਗ਼ਲ ਸ਼ਹਿਨਸ਼ਾਹ ਮੁਹੰਮਦ ਸ਼ਾਹ ਦੇ ਇਕ ਵਜ਼ੀਰ ਕਮਰਉਦੀਨ ਦਾ ਲਾਇਕ ਪੁੱਤਰ ਸੀ। ਵਜ਼ੀਰ ਕਮਰਉੱਦੀਨ ਤੁਰਾਨੀ ਦਲ ਦਾ ਨੇਤਾ ਸੀ ਅਤੇ ਕਰੀਬ ਚੌਥਾਈ ਸਦੀ ਤੱਕ ਪੰਜਾਬ ਦੇ ਮਾਮਲਿਆਂ ਉਤੇ ਉਸਦਾ ਨਿਯੰਤਰਣ ਰਿਹਾ। ਉਸ ਦਾ ਪੁੱਤਰ ਮੀਰ ਮੰਨੂੰ ਪੰਜਾਬ ਦਾ ਆਖਰੀ ਤਾਕਤਵਰ ਸੂਬੇਦਾਰ ਸੀ। ਉਹ ਇਕ ਬਹਾਦਰ ਜਰਨੈਲ ਅਤੇ ਚੰਗਾ ਪ੍ਰਬੰਧਕ ਸੀ। 1747 ਈ. ਵਿਚ ਜ਼ਕਰੀਆ ਖਾਨ ਦੇ ਪੁੱਤਰਾਂ – ਯਾਹੀਆ ਖਾਨ ਅਤੇ ਸ਼ਾਹ ਨਵਾਜ਼ ਖਾਨ, ਦਰਮਿਆਨ ਘਰੋਗੀ ਜੰਗ ਛਿੜ ਗਈ। ਇਸ ਜੰਗ ਵਿਚ ਸ਼ਾਹ ਨਵਾਜ਼ ਖਾਨ ਨੇ ਕੌੜਾ ਮਲ ਅਤੇ ਕੁਝ ਹੋਰ ਦੋਸਤਾਂ ਦੀ ਸਹਾਇਤਾ ਨਾਲ ਆਪਣੇ ਭਰਾ ਨੂੰ ਗੱਦੀ ਤੋਂ ਉਤਾਰ ਦਿੱਤਾ। ਕੌੜਾ ਮਲ ਨੂੰ ਦੀਵਾਨ ਬਣਾਇਆ ਗਿਆ ਅਤੇ ਉਹ ਖੁਦ ਸੂਬੇਦਾਰ ਬਣਿਆ। ਹਿੰਦੂ ਹੋਣ ਕਾਰਨ ਨਵੇਂ ਦੀਵਾਨ ਦੀ ਸਿੱਖਾਂ ਨਾਲ ਹਮਦਰਦੀ ਸੀ, ਇਸ ਲਈ ਉਨ੍ਹਾਂ ਉਤੇ ਜ਼ੁਲਮ ਘੱਟ ਹੋ ਗਏ। ਨਵਾਬ ਕਪੂਰ ਸਿੰਘ ਦੇ ਸਮੇਂ ਵਿਚ ਸਿੱਖਾਂ ਨੂੰ ਆਪਣੀ ਸ਼ਕਤੀ ਮੁੜ ਇਕੱਠੀ ਕਰਨ ਲਈ ਸਮਾਂ ਮਿਲ ਗਿਆ। ਪੰਜਾਬ ਦੀ ਹਕੂਮਤ ਵਿਚ ਇਸ ਕਿਸਮ ਦੀ ਤਬਦੀਲੀ ਕਮਰਉਦੀਨ ਖਾਨ ਨੂੰ ਪਸੰਦ ਨਾ ਆਈ। ਉਹ ਯਾਹੀਆ ਖਾਨ ਦਾ ਸਹੁਰਾ ਵੀ ਸੀ। ਇਸ ਲਈ ਮੁਗ਼ਲ ਸਹਿਨਸ਼ਾਹ ਨੇ ਸ਼ਾਹ ਨਵਾਜ਼ ਖਾਨ ਨੂੰ ਪੰਜਾਬ ਦਾ ਹਕੀਕੀ ਸੂਬੇਦਾਰ ਮੰਨਣ ਤੋਂ ਇਨਕਾਰ ਕਰ

ਦਿੱਤਾ। ਦਿੱਲੀ ਦੀ ਸਲਤਨਤ ਦੇ ਕਹਿਰ ਤੋਂ ਡਰ ਕੇ ਸ਼ਾਹ ਨਵਾਜ ਖਾਨ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਦਿੱਲੀ ਤੇ ਹਮਲਾ ਕਰਨ ਦਾ ਸੱਦਾ ਦਿੱਤਾ। ਇਸ ਹਮਲੇ ਤੋਂ ਬਚਾਅ ਲਈ ਦਿੱਲੀ ਦੇ ਵਜ਼ੀਰ ਨੇ ਸ਼ਾਹ ਨਵਾਜ਼ ਖਾਨ ਨੂੰ ਆਪਣੇ ਪੱਖ ਵਿਚ ਕਰ ਲਿਆ। ਇਸ ਵੇਲੇ ਤੱਕ ਅਹਿਮਦ ਸ਼ਾਹ ਖੈਬਰ ਪੁੱਜ ਗਿਆ ਸੀ। ਉਸ ਨੇ ਆਪਣਾ ਦੂਤ ਮੁਹੰਮਦ ਨਵੀਨ ਖਾਨ ਨੂੰ ਲਾਹੌਰ ਭੇਜਿਆ ਤਾਂ ਜੋ ਅਗਲੇਰੀ ਵਿਉਂਤ ਤਿਆਰ ਕੀਤੀ ਜਾ ਸਕੇ। ਦੂਤ ਦੇ ਵਤੀਰੇ ਤੋਂ ਸ਼ਾਹ ਨਵਾਜ਼ ਖਾਨ ਨੂੰ ਗੁੱਸਾ ਆ ਗਿਆ ਅਤੇ ਬਿਨਾਂ ਕਿਸੇ ਤਸੱਲੀਬਖਸ਼ ਜਵਾਬ ਦੇ ਉਸ ਨੂੰ ਵਾਪਸ ਭੇਜ ਦਿੱਤਾ। ਰੋਹਤਾਸ ਤੋਂ ਅਹਿਮਦ ਸ਼ਾਹ ਨੇ ਇਕ ਹੋਰ ਹਰਕਾਰਾ ਸਾਬਰ ਸ਼ਾਹ ਲਾਹੌਰ ਭੇਜਿਆ। ਸ਼ਾਹ ਨਵਾਜ਼ ਨੇ ਬੜੀ ਲਾਪਰਵਾਹੀ ਨਾਲ ਹਰਕਾਰੇ ਨੂੰ ਪੁੱਛਿਆ,"ਤੇਰੇ ਭਰਾ ਅਹਿਮਦ ਸ਼ਾਹ ਦਾ ਕੀ ਹਾਲ ਹੈ ?" ਇਹੋ ਜਿਹੇ ਭੜਕਾਊ ਸਵਾਲ ਤੇ ਸਾਬਰ ਨੂੰ ਗੁੱਸਾ ਆ ਗਿਆ ਅਤੇ ਉਸ ਨੇ ਨੌਜੁਆਨ ਨੂੰ ਫੁਕਰੇਪਣ ਲਈ ਕਰੀ ਝਾੜ ਪਾਈ। ਸ਼ਾਹ ਨਵਾਜ਼ ਅੱਗ-ਬਬੂਲਾ ਹੋ ਉਠਿਆ ਅਤੇ ਉਸ ਨੇ ਹਰਕਾਰੇ ਦੇ ਮੂੰਹ ਵਿਚ ਪਿਘਲਿਆ ਸਿੱਕਾ ਪਵਾ ਕੇ ਉਸ ਨੂੰ ਜਾਨ ਤੋਂ ਮਰਵਾ ਦਿੱਤਾ। ਇਸ ਤੇ ਸ਼ਾਹ ਨੇ ਲਾਹੌਰ ਵੱਲ ਵਧਣਾ ਸ਼ੁਰੂ ਕਰ ਦਿੱਤਾ। ਸ਼ਾਹ ਨਵਾਜ਼ ਨੇ ਜੂਨੇ ਖਾਨ ਦੀ ਕਮਾਨ ਵਿਚ ਮੁਕਾਬਲੇ ਲਈ ਫੌਜ ਭੇਜੀ ਪਰ ਉਹ ਜਾ ਕੇ ਅਹਿਮਦ ਸ਼ਾਹ ਨਾਲ ਰਲ ਗਿਆ। ਹੁਣ ਮੁਕਾਬਲਾ ਕਰਨ ਲਈ ਸ਼ਾਹ ਨਵਾਜ਼ ਖਾਨ ਖੁਦ ਅੱਗੇ ਵਧਿਆ ਪਰ ਹਾਰ ਜਾਣ ਤੇ ਦਿੱਲੀ ਵੱਲ ਭੱਜਿਆ। ਉਸਦਾ ਜਰਨੈਲ ਵੀ ਜੰਗ ਤੋਂ ਹਾਰ ਖਾ ਕੇ ਦੌੜ ਗਿਆ। ਅਹਿਮਦ ਸ਼ਾਹ ਨੇ 10 ਅਤੇ 11 ਜਨਵਰੀ 1748 ਨੂੰ ਦਰਿਆ ਰਾਵੀ ਨੂੰ ਪਾਰ ਕੀਤਾ ਅਤੇ ਲਾਹੌਰ ਦੇ ਬਹੁਤ ਸਾਰੇ ਹਿੱਸਿਆਂ ਨੂੰ ਲੁੱਟਿਆ। ਲੁਧਿਆਣਾ ਨੇੜੇ ਸਤਲੁਜ ਦਰਿਆ ਪਾਰ ਕਰਕੇ ਅਹਿਮਦ ਸ਼ਾਹ ਨੇ ਸਰਹਿੰਦ ਨੂੰ ਵੀ ਲੁੱਟਿਆ। ਦਿੱਲੀ ਤੋਂ ਵਜ਼ੀਰ ਮੁਕਾਬਲੇ ਲਈ ਸਰਹਿੰਦ ਨੇੜੇ ਮੰਨੂੰਪੁਰ ਵੱਲ ਕੂਚ ਕਰ ਦਿੱਤਾ ਅਤੇ ਲੜਾਈ ਹੋਈ ਜਿਸ ਵਿਚ ਵਜੀਰ ਮਾਰਿਆ ਗਿਆ। ਇਸ ਤੋਂ ਉਸ ਦੇ ਪੁੱਤਰ ਮੁਈਨ-ਉਲ-ਮੁਲਕ ਨੇ ਕਮਾਨ ਸੰਭਾਲੀ ਅਤੇ ਜੰਗ ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ। ਉਹ ਮਾਰਚ 1748 ਦੇ ਮੱਧ ਵਿਚ ਬੜੀ ਤੇਜ਼ੀ ਨਾਲ ਕਾਬਲ ਵੱਲ ਮੁੜ ਗਿਆ। ਇਸ ਤੋਂ ਬਾਦ 13 ਅਪ੍ਰੈਲ 1748 ਨੂੰ ਲਾਹੌਰ ਅਤੇ ਮੁਲਤਾਨ ਦੇ ਸੂਬੇਦਾਰੀ ਮੁਈਨ-ਉਲ-ਮੁਲਕ (ਮੀਰ ਮੰਨੂੰ) ਦੇ ਹੱਥ ਆ ਗਈ। ਉਸ ਨੂੰ ਰੁਸਤਮੇ-ਹਿੰਦ ਦਾ ਖਿਤਾਬ ਦਿੱਤਾ ਗਿਆ। ਪਰ ਇਸ ਤੋਂ ਕੁਝ ਸਮਾਂ ਬਾਦ ਸ਼ਹਿਨਸ਼ਾਹ ਮੁਹੰਮਦ ਸ਼ਾਹ ਮਰ ਗਿਆ।

**ਮੀਰ ਮੰਨੂੰ :**

ਨਵੇਂ ਸੂਬੇਦਾਰ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਚਾਰੇ ਪਾਸੇ ਅਰਾਜਕਤਾ ਅਤੇ ਅਸ਼ਾਂਤੀ ਫੈਲੀ ਹੋਈ ਸੀ। ਸ਼ਾਂਤੀ ਬਹਾਲ ਕਰਨ ਲਈ ਉਸ ਨੂੰ ਪ੍ਰਬੰਧ ਵਿਚ ਕਾਫੀ ਸੁਧਾਰ ਕਰਨਾ ਪਿਆ। ਉਸ ਨੇ ਕੌੜਾ ਮਲ ਨੂੰ ਲਾਹੌਰ ਦਾ ਦੀਵਾਨ ਪੱਕਾ ਕਰ ਦਿੱਤਾ ਅਤੇ ਅਦੀਨਾ ਬੇਗ ਖਾਨ ਨੂੰ ਜਲੰਧਰ ਦਾ ਫੌਜਦਾਰ ਬਣਾਇਆ। ਸੂਬੇ ਦਾ ਨਵਾਂ ਸੂਬੇਦਾਰ ਕਾਫੀ ਚੁਸਤ ਅਤੇ ਜੁਸ਼ੀਲਾ ਸੀ।

**ਸਿੱਖਾਂ ਦਾ ਮੁੜ ਤਾਕਤ ਵਿਚ ਆਉਣਾ :**

ਕਿਉਂਕਿ ਉਸ ਵੇਲੇ ਪੰਜਾਬ ਅੰਦਰ ਹਫੜਾ-ਦਫੜੀ ਅਤੇ ਅਰਾਜਕਤਾ ਫੈਲੀ ਹੋਈ ਸੀ। ਸਿੱਖਾਂ ਨੇ ਇਸ ਸਥਿਤੀ ਤੋਂ ਲਾਭ ਉਠਾਇਆ ਅਤੇ ਉਨ੍ਹਾਂ ਨੇ ਫੇਰ ਹਕੂਮਤ ਲਈ ਮੁਸ਼ਕਲਾਂ ਪੈਦਾ ਕਰਨੀਆਂ ਆਰੰਭ ਕਰ ਦਿੱਤੀਆਂ। ਅਬਦਾਲੀ ਦੇ ਹੱਲੇ ਕਾਰਨ ਹਕੂਮਤ ਦਾ ਸਾਰਾ ਧਿਆਨ ਉਸ ਵੱਲ ਕੇਂਦ੍ਰਿਤ ਸੀ ਜਿਸ ਤੋਂ ਲਾਭ ਉਠਾ ਕੇ ਸਿੱਖਾਂ ਨੇ ਫੇਰ ਮਾਰ-ਧਾੜ ਦੀਆਂ ਕਾਰਵਾਈਆਂ ਆਰੰਭ ਕਰ ਦਿੱਤੀਆਂ। ਉਨ੍ਹਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਫੇਰ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਅੰਮ੍ਰਿਤਸਰ ਨੇੜੇ ਰਾਮ ਰੌਣੀ (ਹੁਣ ਰਾਮ ਗੜ੍ਹ) ਨਾਂ ਦੀ ਇਕ ਕੱਚੀ ਗੜੀ ਉਸਾਰ ਲਈ। ਇਥੇ ਹੀ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਦਲ ਖਾਲਸਾ ਬਣਾਇਆ ਗਿਆ।

**ਦਲ ਖਾਲਸਾ ਦੀ ਸਥਾਪਨਾ :**

1748 ਦੀ ਵਿਸਾਖੀ ਵਾਲੇ ਦਿਨ ਸਿੱਖਾਂ ਦੇ 65 ਜੱਥੇ ਅੰਮ੍ਰਿਤਸਰ ਆਏ ਜਿਸ ਨਾਲ ਸਿੱਖਾਂ ਨੇ ਸਮੁੱਚੀ ਸੈਨਾ ਦਾ ਸੰਗਠਨ ਕੀਤਾ ਗਿਆ। ਜਿਸ ਨੂੰ 'ਦਲ ਖਾਲਸਾ' ਦਾ ਨਾਂ ਦਿੱਤਾ ਗਿਆ। ਇਨ੍ਹਾਂ ਨੂੰ ਜਥੇਬੰਦ ਕਰਕੇ ਗਿਆਰਾਂ ਮੁੱਖ ਜਥਿਆਂ ਵਿਚ ਵੰਡ ਦਿੱਤਾ ਗਿਆ। ਇਹ ਗਿਆਰਾਂ ਸ਼ਾਖਾਵਾਂ ਦਲ ਖਾਲਸਾ ਵਿਚ ਮਿਲਾ ਦਿੱਤੀਆਂ ਗਈਆਂ। ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਦਾ ਸੁਪਰੀਮ ਕਮਾਂਡਰ ਥਾਪਿਆ ਗਿਆ। ਇਹ ਜੱਥੇ ਨਿਮਨ ਆਗੂਆਂ ਅਧੀਨ ਸਨ : 1. ਜੱਸਾ ਸਿੰਘ ਆਹਲੂਵਾਲੀਆ ਅਧੀਨ ਆਹਲੂਵਾਲੀਆ ਜੱਥਾ, 2. ਹਰੀ ਸਿੰਘ ਭੰਗੀ ਅਧੀਨ ਭੰਗੀ ਜੱਥਾ, 3. ਜੈ ਸਿੰਘ ਕਨ੍ਹਈਆ ਅਧੀਨ ਕਨ੍ਹਈਆ ਜੱਥਾ, 4. ਨਵਾਬ ਸਿੰਘ ਅਤੇ ਕਪੂਰ ਸਿੰਘ ਅਧੀਨ ਫ਼ੈਜਲਪੁਰੀਆ, 5. ਗੁਲਾਬ ਸਿੰਘ ਅਧੀਨ ਡੱਲੇਵਾਲੀਆ, 6. ਕਰੋੜਾਂ ਅਧੀਨ ਕਰੋੜ ਸਿੰਘੀਆ, 7. ਦਸੌਂਧਾ ਸਿੰਘ ਅਧੀਨ ਨਿਸ਼ਾਨਵਾਲੀਆ,

8. ਹੀਰਾ ਸਿੰਘ ਅਧੀਨ ਨਕਈ, 9. ਨੰਦ ਸਿੰਘ ਅਧੀਨ ਰਾਮਗੜ੍ਹੀਆ, 10. ਦੀਪ ਸਿੰਘ ਅਧੀਨ ਸ਼ਹੀਦ ਅਤੇ 11. ਨੌਧ ਸਿੰਘ ਅਧੀਨ ਸ਼ੁੱਕਰਚੱਕੀਆ। ਇਨ੍ਹਾਂ ਨੇ ਸਾਲ ਵਿਚ ਦੋ ਵਾਰ ਸਰਬਤ ਖਾਲਸਾ ਲਈ ਅੰਮ੍ਰਿਤਸਰ ਆਉਣਾ ਸੀ ਅਤੇ ਇਥੇ ਕੀਤੇ ਜਾਣ ਵਾਲੇ ਫੈਸਲਿਆਂ ਦੀ ਪਾਲਣਾ ਸਖਤੀ ਨਾਲ ਕਰਨੀ ਸੀ। ਲੁੱਟ ਦੇ ਮਾਲ ਦੀ ਵੰਡ ਜੱਥੇ ਦੀ ਨਫਰੀ ਅਨੁਸਾਰ ਕੀਤੀ ਜਾਣੀ ਸੀ। ਦਲ ਖਾਲਸਾ ਸੰਗਠਨ ਨਾਲ ਨਾ ਸਿਰਫ ਸਿੱਖਾਂ ਲਈ ਇਕ ਸਮਰੱਥ ਸੰਗਠਨ ਹੀ ਬਣਿਆ ਬਲਕਿ ਇਸ ਨੇ ਸਿੱਖਾਂ ਨੂੰ ਰਾਜਸੀ ਸ਼ਕਤੀ ਹਾਸਲ ਕਰਨ ਦੇ ਯੋਗ ਵੀ ਬਣਾਇਆ।

**ਸਿੱਖਾਂ ਦਾ ਕਤਲੇਆਮ :**

ਪੰਜਾਬ ਵਿਚ ਆ ਜਾਣ ਤੋਂ ਬਾਦ ਮੀਰ ਮੰਨੂੰ ਨੇ ਇਕ ਦੁਰਾਨੀ ਨੁਮਾਇੰਦੇ ਜ਼ਹਿਦ ਖਾਨ ਨੂੰ ਹਰਾ ਦਿੱਤਾ। ਇਸ ਤੋਂ ਬਾਅਦ ਉਸ ਨੇ ਜੰਮੂ ਦੇ ਰਾਜੇ ਨੂੰ ਹਰਾ ਕੇ ਪੰਜਾਬ ਵਿਚ ਆਪਣੀ ਸਥਿਤੀ ਮਜ਼ਬੂਤ ਬਣਾ ਲਈ। ਉਦੋਂ ਤੱਕ ਸਿੱਖਾਂ ਨੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ ਸੀ ਅਤੇ ਰਾਮ ਰੌਣੀ ਨਾਂ ਦਾ ਇਕ ਕਿਲ੍ਹਾ ਵੀ ਉਸਾਰ ਲਿਆ ਸੀ। ਉਨ੍ਹਾਂ ਨੇ ਸੂਬੇ ਦੇ ਅਨੇਕ ਭਾਗਾਂ ਨੂੰ ਵੀ ਲੁੱਟਿਆ। ਇਸ ਕਰਕੇ ਸਿੱਖਾਂ ਨਾਲ ਮੀਰ ਮੰਨੂੰ ਦਾ ਘੋਲ ਆਰੰਭ ਹੋ ਗਿਆ। ਸਿੱਖਾਂ ਨੂੰ ਲਤਾੜਨ ਲਈ ਉਸ ਨੇ ਚਾਰੇ ਪਾਸੇ ਫੌਜਾਂ ਭੇਜੀਆਂ। ਇਸ ਤੋਂ ਬਾਅਦ ਉਸ ਨੇ ਆਪਣੇ ਫੌਜੀ ਦਸਤੇ ਉਨ੍ਹਾਂ ਸਾਰੇ ਇਲਾਕਿਆਂ ਵਿਚ ਭੇਜੇ ਜਿਥੇ ਸਿੱਖਾਂ ਦੀ ਵਸੋਂ ਸੀ ਤਾਂ ਜੋ ਸਿੱਖਾਂ ਨੂੰ ਆਬਾਦੀ ਵਿਚੋਂ ਬਾਹਰ ਕੱਢਿਆ ਜਾ ਸਕੇ। ਇਸ ਵਾਸਤੇ ਉਸ ਨੇ ਬੜੇ ਸਖਤ ਹੁਕਮ ਜਾਰੀ ਕੀਤੇ। ਇਨ੍ਹਾਂ ਹੁਕਮਾਂ ਦੀ ਸਖਤੀ ਨਾਲ ਪਾਲਣਾ ਹੋਣ ਲੱਗੀ ਜਿਸ ਨੇ ਗੁਰੂ ਦੇ ਸਿੱਖਾਂ ਨੂੰ ਪਹਾੜਾਂ ਅਤੇ ਜੰਗਲਾਂ ਵਿਚ ਲੁਕ ਜਾਣ ਲਈ ਮਜ਼ਬੂਰ ਕੀਤਾ। ਮੀਰ ਮੰਨੂੰ ਨੇ ਪਹਾੜੀ ਰਾਜਿਆਂ ਨੂੰ ਸਖਤ ਹੁਕਮ ਜਾਰੀ ਕੀਤੇ। ਸਿੱਖਾਂ ਨੂੰ ਫੜਕੇ ਜੰਜ਼ੀਰਾਂ ਵਿਚ ਜਕੜ ਕੇ ਲਾਹੌਰ ਭੇਜਿਆ ਜਾਵੇ। ਇਸ ਦੇ ਨਤੀਜੇ ਵਜੋਂ ਸੈਂਕੜੇ ਸਿੱਖ ਰੋਜ਼ਾਨਾ ਲਾਹੌਰ ਲਿਆਂਦੇ ਜਾਣ ਲੱਗੇ ਅਤੇ ਦਿੱਲੀ ਦਰਵਾਜ਼ੇ ਦੇ ਬਾਹਰ ਨਖਸ ਨਾਮੀ ਥਾਂ ਜਾਂ ਸ਼ਹੀਦ ਗੰਜ ਵਿਖੇ ਕਤਲ ਕੀਤੇ ਜਾਣ ਲੱਗੇ। ਮੰਨੂੰ ਸਿੱਖਾਂ ਦਾ ਜਾਨੀ ਦੁਸ਼ਮਣ ਬਣ ਗਿਆ ਅਤੇ ਉਸ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣ ਦਾ ਨਿਸ਼ਚਾ ਧਾਰ ਲਿਆ। ਸਿੱਖਾਂ ਨੇ ਜਾਨ ਬਚਾਉਣ ਲਈ ਜੰਗਲਾਂ ਵਿਚ ਪਨਾਹ ਲਈ। ਉਨ੍ਹਾਂ ਨੇ ਖੁਲ੍ਹੇ ਆਮ ਲੜਨਾ ਬੰਦ ਕਰ ਦਿੱਤਾ ਅਤੇ ਮੌਕਾ ਮਿਲਣ ਤੇ ਸਰਕਾਰੀ ਰਸਦ ਆਦਿ ਲੁੱਟ ਲੈਂਦੇ। ਜਦੋਂ ਕਦੇ ਫੌਜ ਉਨ੍ਹਾਂ ਦਾ ਪਿੱਛਾ ਕਰਦੀ ਉਹ ਫੇਰ ਜੰਗਲਾਂ ਵਿਚ ਚਲੇ ਜਾਂਦੇ। ਫੌਜ ਦੇ ਮੁੜ ਜਾਣ ਤੇ ਉਹ ਫੇਰ ਲੁੱਟ ਸ਼ੁਰੂ ਕਰ ਦਿੰਦੇ।

**ਰਾਮ ਰੌਣੀ ਦਾ ਘੇਰਾ :**

ਬਰਸਾਤ ਦਾ ਮੌਸਮ ਖਤਮ ਹੋ ਜਾਣ ਤੇ ਦੀਵਾਲੀ ਮਨਾਉਣ ਲਈ ਸਿੱਖ ਅੰਮ੍ਰਿਤਸਰ ਆਏ। ਮੀਰ ਮੰਨੂੰ ਮੌਕਾ ਖੁੰਝਾਣ ਵਾਲੇ ਬੰਦਿਆਂ ਵਿਚੋਂ ਨਹੀਂ ਸੀ। ਉਸ ਨੇ ਸਿੱਖਾਂ ਤੇ ਹੱਲਾ ਬੋਲ ਦਿੱਤਾ। ਉਸ ਨੇ ਅਦੀਨ ਬੇਗ ਨੂੰ ਨਾਲ ਰਲਣ ਲਈ ਹੁਕਮ ਦਿੱਤਾ। 500 ਸਿੱਖਾਂ ਨੇ ਰਾਮ ਰੌਣੀ ਵਿਚ ਪਨਾਹ ਲਈ। ਸਿੱਖਾਂ ਨੇ ਅੰਦਰੋਂ ਅਤੇ ਬਾਹਰੋਂ ਫ਼ੌਜ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। 1748 ਵਿਚ ਇਸ ਘੇਰੇ ਦੇ ਤਿੰਨ ਮਹੀਨੇ ਦੇ ਦੌਰਾਨ 200 ਸਿੱਖ ਮਾਰੇ ਗਏ। ਉਨ੍ਹਾਂ ਪਾਸ ਰਸਦ ਤੇ ਬਾਰੂਦ ਦੀ ਕਮੀ ਹੋ ਗਈ। ਇਸ ਤੇ ਉਨ੍ਹਾਂ ਨੇ ਲੜਦੇ-ਲੜਦੇ ਸ਼ਹੀਦ ਹੋ ਜਾਣ ਦਾ ਫੈਸਲਾ ਕੀਤਾ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਏ। ਸਿੱਖਾਂ ਨੇ ਹੋਰ ਜੋਸ਼ ਨਾਲ ਲੜਨਾ ਆਰੰਭ ਕਰ ਦਿੱਤਾ। ਇਸੇ ਦੌਰਾਨ ਸ਼ਾਹ ਨਵਾਜ਼ ਖਾਂ ਨੇ ਦਿੱਲੀ ਦੇ ਵਜ਼ੀਰ ਸਫ਼ਦਰ ਜੰਗ ਦੀ ਮਦਦ ਤੇ ਉਕਸਾਹਟ ਤੇ ਮੀਰ ਮੰਨੂੰ ਨੂੰ ਪਰੇਸ਼ਾਨ ਕਰਨ ਵਾਸਤੇ ਮੁਲਤਾਨ ਤੇ ਕਬਜ਼ਾ ਕਰ ਲਿਆ। ਇਸ ਦੇ ਨਾਲ ਹੀ ਅਹਿਮਦ ਸ਼ਾਹ ਅਬਦਾਲੀ ਦੇ ਦੂਜੇ ਹੱਲੇ ਦੀਆਂ ਖ਼ਬਰਾਂ ਵੀ ਆ ਰਹੀਆਂ ਸਨ। ਤਦ ਦੀਵਾਨ ਕੌੜਾ ਮੱਲ ਨੇ ਮੰਨੂੰ ਨੂੰ ਵਿਸ਼ਵਾਸ ਦਿਵਾਇਆ ਕਿ ਸਿੱਖ ਹਮੇਸ਼ਾਂ ਬਦਅਮਨੀ ਫੈਲਾਂਦੇ ਜਾਂ ਪੈਦਾ ਕਰਦੇ ਹਨ। ਚੰਗਾ ਹੋਵੇ ਜੇ ਤੁਸੀਂ ਇਨ੍ਹਾਂ ਨਾਲ ਸੁਲਾਹ ਕਰ ਲਵੋ। ਇਹ ਗੜਬੜ ਨਹੀਂ ਕਰਨਗੇ। ਕਿਹਾ ਜਾਂਦਾ ਹੈ ਕਿ ਅਦੀਨਾ ਬੇਗ ਨੂੰ ਇਹ ਗੱਲ ਚੰਗੀ ਨਾ ਲੱਗੀ। ਉਹ ਚਾਹੁੰਦਾ ਸੀ ਕਿ ਸਿੱਖਾਂ ਵਿਰੁੱਧ ਲੜਾਈ ਜਾਰੀ ਰਹੇ ਪਰ ਕੌੜਾ ਮੱਲ ਦੀ ਸਲਾਹ ਮੰਨ ਕੇ ਮੀਰ ਮੰਨੂੰ ਨੇ ਸਿੱਖਾਂ ਨਾਲ ਸੁਲਾਹ ਕਰ ਲਈ ਅਤੇ ਪੱਟੀ ਦੇ ਪਰਗਨੇ ਦਾ 1/4 ਮਾਲੀਆ ਉਨ੍ਹਾਂ ਨੂੰ ਦੇਣਾ ਪਰਵਾਨ ਕਰ ਲਿਆ। ਇਸ ਤਰ੍ਹਾਂ ਕੁਝ ਸਮੇਂ ਲਈ ਦੋਹਾਂ ਧਿਰਾਂ ਦਰਮਿਆਨ ਸ਼ਾਂਤੀ ਰਹੀ।

**ਅਹਿਮਦ ਸ਼ਾਹ ਦਾ ਦੂਜਾ ਹੱਲਾ :**

ਦਸੰਬਰ 1748 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਦਰਿਆ ਸਿੰਧ ਪਾਰ ਕਰਕੇ ਕੋਪਰਾ ਵਿਖੇ ਪੜਾਅ ਕੀਤਾ। ਮੀਰ ਮੰਨੂੰ ਆਪਣੀ ਫੌਜ ਲੈ ਕੇ ਸੋਹਦਰਾ ਪੁੱਜਾ। ਅਹਿਮਦ ਸ਼ਾਹ ਨੇ ਮੀਰ ਮੰਨੂੰ ਨੂੰ ਇਕ ਖ਼ਤ ਲਿਖਕੇ ਚਾਰ ਮਾਹਲਾ ਦਾ ਇਲਾਕਾ ਅਤੇ ਨਾਦਰ ਸ਼ਾਹ ਦੇ ਹੱਲੇ ਤੋਂ ਬਾਅਦ ਉਸ ਸਮੇਂ ਤਕ ਦਾ ਮਾਲੀਏ ਦਾ ਬਕਾਇਆ ਮੰਗਿਆ। ਮੰਨੂੰ ਨੇ ਇਹ ਖ਼ਤ ਅੱਗੇ ਦਿੱਲੀ ਭੇਜ ਦਿੱਤਾ ਤੇ ਨਾਲ ਹੀ ਹਮਲਾਵਰ ਦਾ ਮੁਕਾਬਲਾ ਕਰਨ ਲਈ ਸਹਾਇਤਾ ਵੀ ਮੰਗੀ। ਦਿੱਲੀ ਤੋਂ ਵਜ਼ੀਰ ਸਫ਼ਦਰ ਜੰਗ ਮੀਰ ਮੰਨੂੰ ਨੂੰ ਸਹਾਇਤਾ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਜਲੰਧਰ ਦੇ

ਅਦੀਨਾ ਬੇਗ ਅਤੇ ਸਿਆਲਕੋਟ ਦੇ ਮਹਿੰਦੀ ਅਲੀ ਖਾਨ ਦੀ ਸਹਾਇਤਾ ਨਾਲ ਮੀਰ ਮੰਨੂੰ ਅਬਦਾਲੀ ਦਾ ਮੁਕਾਬਲਾ ਕਰਨ ਲਈ ਅੱਗੇ ਵਧਿਆ।

ਦੂਜੇ ਪਾਸੇ ਸ਼ਾਹ ਨੇ ਆਪਣੀ ਫੌਜ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਫੌਜ ਦਾ ਇਕ ਹਿੱਸਾ ਉਸ ਨੇ ਆਪਣੇ ਪਾਸ ਦਰਿਆ ਚਨਾਬ ਕੰਢੇ ਸੋਹਦਰਾ ਵਿਖੇ ਰੱਖਿਆ ਅਤੇ ਦੂਜਾ ਹਿੱਸਾ ਜਹਾਨ ਖਾਨ ਦੀ ਕਮਾਨ ਥੱਲੇ ਲਾਹੌਰ ਵੱਲ ਭੇਜ ਦਿੱਤਾ। ਅਫ਼ਗ਼ਾਨ ਜਰਨੈਲ ਦੀ ਸੋਹਦਰਾ ਵਿਖੇ ਮੌਜੂਦਗੀ ਦੇ ਕਾਰਨ ਲਾਹੌਰ ਵਿਖੇ ਭੱਜ ਦੌੜ ਮਚ ਗਈ। ਸਥਿਤੀ ਤੋਂ ਲਾਭ ਉਠਾ ਕੇ ਨਵਾਬ ਕਪੂਰ ਸਿੰਘ ਲਾਹੌਰ ਵਿਚ ਦਾਖਲ ਹੋ ਗਿਆ ਅਤੇ ਜਾ ਕੇ ਕੋਤਵਾਲੀ ਦੇ ਚਬੂਤਰੇ ਤੇ ਬੈਠ ਗਿਆ ਪਰ ਲਾਹੌਰ ਦੇ ਨਾਇਬ ਸੂਬੇਦਾਰ ਇਰੇਜ ਖ਼ਾਨ ਦੀ ਆਮਦ ਦੀ ਖ਼ਬਰ ਸੁਣ ਕੇ ਉਥੋਂ ਚਲਾ ਗਿਆ। ਜਹਾਨ ਖ਼ਾਨ ਲਾਹੌਰ ਵਿਚ ਦਾਖਲ ਨਾ ਹੋ ਸਕਿਆ। ਇਸ ਲਈ ਵਾਪਸ ਆਪਣੇ ਮਾਲਕ ਕੋਲ ਚਲਾ ਗਿਆ। ਦੋ ਮਹੀਨੇ ਤੱਕ ਦੋਵੇਂ ਫ਼ੌਜਾਂ ਬਿਨਾਂ ਕੋਈ ਫ਼ੈਸਲਾਕੁਨ ਜੰਗ ਕੀਤੇ ਆਹਮੋ ਸਾਹਮਣੇ ਡਟੀਆਂ ਰਹੀਆਂ। ਇਸ ਤੋਂ ਬਾਅਦ ਦੋਹਾਂ ਧਿਰਾਂ ਵਿਚ ਸਮਝੌਤਾ ਹੋ ਗਿਆ। ਸ਼ਾਹ ਨੂੰ ਸਿੰਧ ਦਰਿਆ ਤੋਂ ਪੱਛਮ ਦਾ ਇਲਾਕਾ ਅਤੇ ਚਾਰ ਮਾਹਲ–ਸਿਆਲਕੋਟ, ਔਰੰਗਾਬਾਦ, ਗੁਜਰਾਤ ਅਤੇ ਪਸਰੂਰ ਦਾ ਸਾਲਾਨਾ 14 ਲੱਖ ਰੁਪਏ ਦਾ ਮਾਲੀਆ ਮਿਲ ਗਿਆ। ਇਸ ਤੋਂ ਬਾਦ ਉਹ ਮੰਨੂੰ ਨੂੰ ਅਫ਼ਗਾਨਿਸਤਾਨ ਦੇ ਬਾਦਸ਼ਾਹ ਦਾ ਕਰ ਦਾਤਾ ਬਣਾਕੇ ਆਪਣੇ ਦੇਸ਼ ਪਰਤ ਗਿਆ।

**ਸ਼ਾਹ ਨਿਵਾਜ ਤੇ ਚੜ੍ਹਾਈ :**

ਦਿੱਲੀ ਦਾ ਨਵਾਂ ਵਜ਼ੀਰ ਸਫ਼ਦਰ ਜੰਗ ਵਜ਼ੀਰ ਕਮਰੁਉਦੀਨ ਦਾ ਸ਼ਰੀਕ ਸੀ, ਇਸ ਲਈ ਉਹ ਮੀਰ ਮੰਨੂੰ ਤੋਂ ਖਾਰ ਖਾਂਦਾ ਸੀ। ਉਸ ਦੇ ਨਵੇਂ ਨਿਯੁਕਤ ਹੋਏ ਸੂਬੇਦਾਰ ਨਸੀਰ ਖਾਨ ਵਿਰੁੱਧ ਸਾਜ਼ਿਸ਼ਾਂ ਅਤੇ ਮਨਸੂਬੇ ਘੜਨ ਨੂੰ ਉਤਸ਼ਾਹ ਦਿੱਤਾ। ਕਾਬਲ ਦੇ ਇਸ ਸਾਬਕਾ ਸੂਬੇਦਾਰ – ਨਸੀਰ ਖਾਨ ਨੂੰ ਮੀਰ ਮੰਨੂੰ ਨੇ ਚਾਰ ਮਾਹਲਾ ਦਾ ਫੌਜਦਾਰ ਤੈਨਾਤ ਕੀਤਾ। ਵਜ਼ੀਰ ਦੁਆਰਾ ਭੜਕਾਏ ਜਾਣ ਤੇ ਨਸੀਰ ਖਾਨ ਨੇ 18 ਹਜ਼ਾਰ ਘੋੜ ਸਵਾਰ ਫੌਜ ਇਕੱਠੀ ਕੀਤੀ ਅਤੇ ਬਗਾਵਤ ਕਰ ਦਿੱਤੀ। ਉਸ ਨੇ ਜ਼ਿਆਦਾ ਤਨਖਾਹ ਦਾ ਲਾਲਚ ਦੇ ਕੇ ਮੀਰ ਮੰਨੂੰ ਦੇ ਇਕ ਹਜ਼ਾਰ ਸਿਪਾਹੀ ਖੁਦ ਭਰਤੀ ਕਰ ਲਏ। ਮੰਨੂੰ ਦੇ ਦੀਵਾਨ ਕੌੜਾ ਮੱਲ, ਅਦੀਨਾ ਬੇਗ਼, ਮਹਿੰਦੀ ਅਲੀ ਖਾਨ, ਪੀਰ ਭਿਖਾਰੀ ਖਾਨ ਆਦਿ ਨੂੰ ਨਾਲ ਲੈ ਕੇ ਉਸ ਦਾ ਮੁਕਾਬਲਾ ਕਰਨ ਲਈ ਕੂਚ ਕਰ ਦਿੱਤਾ। ਸਿਆਲਕੋਟ ਨੇੜੇ ਲੜਾਈ ਹੋਈ ਜਿਸ ਵਿਚ ਨਸੀਰ ਖਾਨ ਹਾਰ ਕੇ ਦਿੱਲੀ ਵੱਲ ਦੌੜ ਗਿਆ। ਸਫ਼ਦਰ ਜੰਗ ਨੇ ਸ਼ਾਹ ਨਵਾਜ਼ ਖ਼ਾਨ ਨੂੰ ਮੁਲਤਾਨ ਵੱਲ ਭੇਜਿਆ ਤਾਂ ਜੋ ਮੀਰ ਮੰਨੂੰ ਨੂੰ ਪਰੇਸ਼ਾਨ ਕੀਤਾ ਜਾ ਸਕੇ। ਸ਼ਾਹ ਨਵਾਜ ਨੇ ਲੱਖੀ ਜੰਗਲ ਪਾਰ ਕੀਤਾ। ਉਸ ਨੇ ਸਿੱਖਾਂ ਨੂੰ ਵੀ ਮੀਰ ਮੰਨੂੰ ਨੂੰ ਤੰਗ ਕਰਨ ਲਈ ਉਕਸਾਇਆ। ਉਹ 15,000 ਘੋੜ ਸਵਾਰਾਂ ਅਤੇ ਪੈਦਲ ਸਿਪਾਹੀਆਂ ਸਮੇਤ ਮੁਲਤਾਨ ਪੁੱਜਾ। ਉਸ ਨੇ ਮੰਨੂੰ ਨੂੰ ਖਤ ਲਿਖ ਕੇ ਲਾਹੌਰ ਸਥਿਤ ਆਪਣੇ ਪਿਤਾ ਦੇ ਮਕਬਰੇ ਦੀ ਜ਼ਿਆਰਤ ਕਰ ਸਕਣ ਦੀ ਆਗਿਆ ਮੰਗੀ। ਮੰਨੂੰ ਉਸ ਦੀ ਚਾਲ ਦਾ ਪਤਾ ਲੱਗ ਗਿਆ ਅਤੇ ਉਸਨੇ ਫੌਜ ਦੇ ਕੇ ਦੀਵਾਨ ਕੌੜਾ ਮੱਲ ਨੂੰ ਮੁ॥ਲਤਾਨ ਵੱਲ ਭੇਜਿਆ। ਦੀਵਾਨ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਿੱਖਾਂ ਤੋਂ ਮਦਦ ਲਈ। ਇਸ ਤੋਂ ਬਾਦ ਸਿੱਖਾਂ ਨੂੰ ਬਕਾਇਦਾ ਰਕਮਾਂ ਮਿਲਣ ਲੱਗੀਆਂ। ਇਸ ਤੋਂ ਇਲਾਵਾ ਪਿੰਡ ਲੰਗਾਨਾਂ ਅਤੇ ਦੁ॥ਰਾਨਾ ਨੇੜਿਉਂ ਸਾਰਾ ਲੁੱਟ ਦਾ ਮਾਲ ਉਨ੍ਹਾਂ ਪਾਸ ਹੀ ਰਹਿਣ ਦਿੱਤਾ ਗਿਆ। ਲੜਾਈ ਵਿਚ ਸ਼ਾਹ ਨਵਾਜ਼ ਮਾਰਿਆ ਗਿਆ ਅਤੇ ਉਸ ਦਾ ਸਿਰ ਲਾਹੌਰ ਲਿਆਂਦਾ ਗਿਆ। ਮੀਰ ਮੰਨੂੰ ਦੀਵਾਨ ਤੋਂ ਬਹੁਤ ਖੁਸ਼ ਹੋਇਆ ਅਤੇ ਉਸ ਨੂੰ ਮੁਲਤਾਨ ਦਾ ਨਾਇਬ ਸੂਬੇਦਾਰ ਬਨਾਣ ਤੋਂ ਇਲਾਵਾ ਉਸ ਨੂੰ 'ਮਹਾਰਾਜ ਬਹਾਦਰ' ਦਾ ਖਿਤਾਬ ਵੀ ਦਿੱਤਾ।

**ਅਮਨ ਦਾ ਦੌਰ :**

ਦੀਵਾਨ ਕੌੜਾ ਮੱਲ ਨੇ ਸ਼ੁਕਰਾਨੇ ਵਜੋਂ ਗਿਆਰ੍ਹਾਂ ਹਜ਼ਾਰ ਰੁਪਏ ਦਰਬਾਰ ਸਾਹਿਬ ਅੰਮ੍ਰਿਤਸਰ ਭੇਟ ਕੀਤੇ। ਸਿੱਖ ਉਸ ਨੂੰ ਮਿੱਠਾ ਮੱਲ ਕਹਿਣ ਲੱਗ ਪਏ। ਸਿੰਘਾਂ ਨੇ ਪਵਿੱਤਰ ਸਰੋਵਰ ਦੀ ਖੁਦਾਈ ਕਰਵਾ ਕੇ ਸਾਫ ਕਰਵਾਇਆ। 1749 ਵਿਚ ਦੀਵਾਲੀ ਮਨਾਈ ਗਈ। ਦੀਵਾਨ ਨੇ ਨਨਕਾਣਾ ਸਾਹਿਬ ਵਿਚ ਤਿੰਨ ਲੱਖ ਰੁਪਏ ਖਰਚ ਕੀਤੇ। ਇਸ ਅਮਨ ਦੇ ਸਮੇਂ ਦੀ ਵਰਤੋਂ ਸਿੱਖਾਂ ਨੇ ਆਪਣੇ ਆਪ ਨੂੰ ਸੰਗਠਿਤ ਕਰਨ ਅਤੇ ਮਜ਼ਬੂਤ ਬਣਾਉਣ ਲਈ ਕੀਤੀ। ਲਤਾੜੇ ਹੋਏ ਕਿਸਾਨਾ ਨੇ ਸਿੱਖ ਧਰਮ ਅਪਣਾ ਲਿਆ। ਦਲ ਖਾਲਸਾ ਦੀ ਸ਼ਕਤੀ ਵਧੀ। ਦੂਜੇ ਪਾਸੇ ਮੀਰ ਮੰਨੂੰ ਸਿੱਖਾਂ ਨੂੰ ਕੁਚਲਣ ਦੇ ਉਪਾਅ ਕਰਨ ਲੱਗਾ। ਉਸ ਨੇ ਸੋਚਿਆ ਕਿ ਸਿੱਖਾਂ ਦੀ ਵਧਦੀ ਹੋਈ ਤਾਕਤ ਉਸ ਲਈ ਖਤਰਾ ਬਣ ਸਕਦੀ ਹੈ।

**ਜ਼ੁਲਮ ਦਾਨ ਨਵਾਂ ਦੌਰ :**

ਮੀਰ ਮੰਨੂੰ ਨੇ ਵਧੇਰੇ ਜੋਸ਼ ਨਾਲ ਦੁਬਾਰਾ ਸਿੱਖਾਂ ਨੂੰ ਤਸੀਹੇ ਦੇਣੇ ਆਰੰਭ ਕਰ ਦਿੱਤੇ। ਸਿੱਖਾਂ ਦੇ ਇਕ ਸਿਰ

ਦਾ ਮੁੱਲ 10 ਰੁਪਏ ਪੈਣ ਲੱਗਾ। ਸਿੱਖਾਂ ਨਾਲ ਜੱਦੋ-ਜਹਿਦ ਸਮੇਂ ਜਿਨ੍ਹਾਂ ਸਿਪਾਹੀਆਂ ਦੇ ਘਰ ਬਰਬਾਦ ਹੋ ਗਏ ਸਨ ਉਨ੍ਹਾਂ ਨੂੰ ਸਰਕਾਰ ਵਲੋਂ ਮੁਫ਼ਤ ਮਕਾਨ ਦਿੱਤੇ ਗਏ। ਮੀਰ ਅਮਾਨ ਉੱਲਾਂ ਤੇ ਮੂਮਿਨ ਖ਼ਾਨ ਨੇ ਸਿੱਖਾਂ ਨੂੰ ਮਾਲਵਾ ਅਤੇ ਬੀਕਾਨੇਰ ਦੇ ਰੇਗਿਸਤਾਨ ਅਤੇ ਪੂਰਬੀ ਪੰਜਾਬ ਦੇ ਜੰਗਲਾਂ ਵਿਚ ਖਦੇੜ ਦਿੱਤਾ। ਲਾਹੌਰ ਦੀ ਹਕੂਮਤ ਦੇ ਹੁਕਮਾਂ ਅਨੁਸਾਰ ਪਹਾੜੀ ਰਾਜਿਆਂ ਨੇ ਸਿੱਖਾਂ ਨੂੰ ਆਪਣੇ ਇਲਾਕੇ ਵਿਚੋਂ ਕੱਢ ਦਿੱਤਾ। ਬਹੁਤ ਸਾਰੇ ਸਿੱਖ ਲਾਹੌਰ ਲਿਆ ਕੇ ਸ਼ਹੀਦ ਗੰਜ ਵਿਖੇ ਕਤਲ ਕੀਤੇ ਗਏ। ਅਦੀਨਾ ਬੇਗ ਅਤੇ ਦੀਵਾਨ ਕੌੜਾ ਮੱਲ ਨੇ ਸਿੱਖਾਂ ਦੇ ਖਿਲਾਫ਼ ਕਾਰਗਰ ਉਪਾਅ ਨਹੀਂ ਕੀਤੇ। ਫੋਰਸਟਰ ਦੇ ਕਥਨ ਅਨੁਸਾਰ,"ਜੇਕਰ ਮੀਰ ਮੰਨੂੰ ਦਾ ਵਜ਼ੀਰ ਕੌੜਾ ਮੱਲ, ਜੋ ਕਿ ਖਾਲਸਾ ਪੰਥ ਦਾ ਇਕ ਮੈਂਬਰ ਸੀ, ਸਿੱਖਾਂ ਦਾ ਪੱਖ ਨਾ ਪੂਰਦਾ ਤਾਂ ਸਿੱਖ ਕੌਮ ਖਤਮ ਕਰ ਦਿੱਤੀ ਗਈ ਹੁੰਦੀ। ਇਸ ਤਰ੍ਹਾਂ ਕਈ ਕਾਰਨਾਂ ਕਰਕੇ ਸਿੱਖਾਂ ਨੂੰ ਤਬਾਹ ਕਰਨ ਵਿਚ ਮੀਰ ਮੰਨੂੰ ਕਾਮਯਾਬ ਨਾ ਹੋ ਸਕਿਆ।

**ਅਹਿਮਦ ਸ਼ਾਹ ਅਬਦਾਲੀ ਦਾ ਤੀਜਾ ਹਮਲਾ :**

1751 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਜੋਸ਼-ਖਰੋਸ਼ ਨਾਲ ਆਪਣੀ ਮੁਹਿੰਮ ਸ਼ੁਰੂ ਕੀਤੀ। ਉਸ ਨੇ ਮੰਨੂੰ ਤੇ ਇਲਜ਼ਾਮ ਲਗਾਇਆ ਕਿ ਉਸ ਨੂੰ ਬਕਾਇਦਾ ਤੌਰ ਤੇ ਟੈਕਸ ਅਦਾ ਨਹੀਂ ਕੀਤਾ ਜਾ ਰਿਹਾ ਸੀ। 1750 ਦੇ ਆਖਰ ਵਿਚ ਉਸਨੇ ਆਪਣਾ ਇਕ ਏਜੰਟ ਸੁਖ ਜੀਵਨ ਨੂੰ ਵਸੂਲੀ ਲਈ ਭੇਜਿਆ ਸੀ। ਮੰਨੂੰ ਨੇ ਥੋੜ੍ਹੀ ਜਿਹੀ ਰਕਮ ਦੇ ਕੇ ਉਸ ਨੂੰ ਟਾਲ ਦਿੱਤਾ ਸੀ। ਅਕਤੂਬਰ 1750 ਵਿਚ ਉਸ ਨੇ ਆਪਣਾ ਇਕ ਨੁਮਾਇੰਦਾ ਹਾਰੂਨ ਖਾਨ ਲਾਹੌਰ ਭੇਜਿਆ ਪਰ ਇਸ ਸਮੇਂ ਵਿਚ ਹੀ ਉਸ ਦੇ ਜਰਨੈਲ ਅਬਦੁਲ ਖਾਨ ਅਤੇ ਜਹਾਨ ਖਾਨ ਦਰਿਆ ਅਟਕ ਉਤੇ ਪੁਲ ਬਣਾਉਣ ਲੱਗ ਪਏ। ਨਵੰਬਰ, 1751 ਵਿਚ ਅਹਿਮਦ ਸ਼ਾਹ ਖੁਦ ਪੇਸ਼ਾਵਰ ਪੁਜ ਗਿਆ। ਉਸ ਨੇ ਮੰਨੂੰ ਨੂੰ ਸੁਨੇਹਾ ਭੇਜਿਆ ਕਿ ਉਹ ਉਸ ਨੂੰ ਤਿੰਨ ਸਾਲ ਦੀ ਬਕਾਇਆ 24 ਲੱਖ ਰੁਪਏ ਦੀ ਰਕਮ ਤਾਰੇ। ਉਸ ਨੇ ਨੌਂ ਲੱਖ ਰੁਪਏ ਰਕਮ ਭੇਜੀ ਅਤੇ ਕਿਹਾ ਕਿ ਬਾਕੀ ਰਕਮ ਨਾਸਿਰ ਖਾਨ ਨੇ ਗ਼ਬਨ ਕਰ ਲਈ ਹੈ ਅਤੇ ਉਹ ਦਿੱਲੀ ਵੱਲ ਦੌੜ ਗਿਆ ਹੈ। ਦੀਵਾਨ ਕੌੜਾ ਮੱਲ ਜਿਸਨੂੰ ਕਿ ਉੱਥੇ ਪੁੱਜਣ ਲਈ ਕਿਹਾ ਗਿਆ ਸੀ, ਦੇ ਪਹੁੰਚ ਜਾਣ ਤੇ ਮੰਨੂੰ ਨੇ ਸ਼ਾਹ ਨੂੰ ਟਾਲਵਾਂ ਜਿਹਾ ਉਤਰ ਭੇਜ ਦਿੱਤਾ। ਉਸਨੇ ਸ਼ਾਹ ਨੂੰ ਇਕ ਧਮਕੀ ਵੀ ਦਿੱਤੀ ਕਿ ਮਾਮਲਾ ਹੁਣ ਸਿਰਫ ਤਲਵਾਰ ਨਾਲ ਹੀ ਨਜਿੱਠਿਆ ਜਾ ਸਕਦਾ ਹੈ। ਮੀਰ ਮੰਨੂੰ ਨੇ ਆਪਣਾ ਪਰਿਵਾਰ ਜੰਮੂ ਭੇਜ ਦਿੱਤਾ ਅਤੇ 50,000 ਘੋੜ ਸਵਾਰ ਅਤੇ ਪੈਦਲ ਫੌਜ ਅਤੇ 45 ਤੋਪਾਂ ਲੈ ਕੇ ਸ਼ਾਹ ਦੋਲਾ ਪੁਲ ਵੱਲ ਵਧਿਆ। ਅਬਦਾਲੀ ਵੀ ਉਥੇ ਪਹੁੰਚ ਗਿਆ। ਇਕ ਦਿਨ ਅਬਦਾਲੀ ਨੇ ਚਲਾਕੀ ਕੀਤੀ ਅਤੇ ਮੰਨੂੰ ਨੂੰ ਧੋਖਾ ਦੇ ਕੇ ਲਾਹੌਰ ਪਹੁੰਚ ਗਿਆ। ਉਸ ਨੇ ਸ਼ਾਹ ਬਿਲਾਵਲ ਦੇ ਡੇਰੇ ਤੇ ਪੜਾਅ ਕੀਤਾ ਅਤੇ ਇਲਾਕੇ ਨੂੰ ਲੁੱਟਣਾ ਅਤੇ ਉਜਾੜਨਾ ਸ਼ੁਰੂ ਕਰ ਦਿੱਤਾ। ਇਸ ਦੀ ਖਬਰ ਸੁਣਕੇ ਮੰਨੂੰ ਤੇਜ਼ੀ ਨਾਲ ਵਾਪਸ ਆਇਆ ਅਤੇ ਸ਼ਹਿਰ ਦੇ ਅੰਦਰ ਮੋਰਚਾਬੰਦੀ ਕਰ ਲਈ ਤੇ ਉਸ ਨੂੰ ਘੇਰ ਲਿਆ ਗਿਆ। ਆਲੇ ਦੁਆਲੇ ਦੇ ਇਲਾਕੇ ਤਬਾਹ ਕਰ ਦਿੱਤੇ ਗਏ। ਦੀਵਾਨ ਕੌੜਾ ਮਲ ਨੇ 20,000 ਸਿੱਖਾਂ ਦੀ ਸਹਾਇਤਾ ਇਸ ਸ਼ਰਤ ਤੇ ਪ੍ਰਾਪਤ ਕੀਤੀ ਕਿ ਹਮਲਾਵਰ ਦੇ ਪਰਤ ਜਾਣ ਤੇ ਪਹਾੜੀ ਇਲਾਕੇ ਉਨ੍ਹਾਂ ਨੂੰ ਦੇ ਦਿੱਤੇ ਜਾਣਗੇ। ਇਸ ਇਲਾਕੇ ਵਿਚ ਕਠੂਹਾ, ਬਸੌਲੀ ਅਤੇ ਆਲੇ ਦੁਆਲੇ ਦੀਆਂ ਘਾਟੀਆਂ ਸ਼ਾਮਲ ਸਨ। ਸਿੱਖਾਂ ਨੇ ਸ਼ਾਲੀਮਾਰ ਬਾਗ਼ ਲਾਹੌਰ ਨੇੜੇ ਸੰਗਤ ਸਿੰਘ ਅਤੇ ਸੁੱਖਾ ਸਿੰਘ ਦੀ ਕਮਾਨ ਹੇਠ ਮੋਰਚੇ ਸੰਭਾਲ ਲਏ। ਤਦ ਉਹ ਯਾਕੀ ਦਰਵਾਜੇ ਪਹੁੰਚੇ। ਕੁਝ ਛੋਟੀਆਂ ਮੋਟੀਆਂ ਝੜੱਪਾਂ ਹੋਈਆਂ ਜਿਨ੍ਹਾਂ ਵਿਚ ਕੁਝ ਸਿੱਖ ਅਤੇ ਸੁੱਖਾ ਸਿੰਘ ਮਾਰਿਆ ਗਿਆ। ਬਾਕੀ ਦੇ ਨਿਹੰਗ ਉਸ ਸਮੇਂ ਪਿੱਛੇ ਮੁੜ ਪਏ ਜਦੋਂ ਕਿਸੇ ਗਲਤ ਫਹਿਮੀ ਕਾਰਨ ਉਨ੍ਹਾਂ ਵੱਲ ਸ਼ਹਿਰ ਦੀ ਦੀਵਾਰ ਵਲੋਂ ਗੋਲੀਆਂ ਚਲਾਈਆਂ ਜਿਨ੍ਹਾਂ ਦੀ ਸੁਰੱਖਿਆ ਲਈ ਉਹ ਆਪਣੀਆਂ ਜਾਨਾਂ ਨੂੰ ਖਤਰੇ ਵਿਚ ਪਾ ਕੇ ਆਏ ਸੀ। ਉਨ੍ਹਾਂ ਦੇ ਇਸ ਤਰ੍ਹਾਂ ਦੇ ਵਤੀਰੇ ਤੋਂ ਨਿਰਾਸ਼ ਹੋ ਕੇ ਨਿਹੰਗ ਅਤੇ ਹੋਰ ਸਿੱਖ ਵਾਪਸ ਆਪਣੇ ਇਲਾਕੇ ਵਿਚ ਚਲੇ ਗਏ। ਇਸ ਦੌਰਾਨ ਆਟਾ ਬਹੁਤ ਮਹਿੰਗਾ ਹੋ ਗਿਆ ਅਤੇ ਚਾਰਾ ਖਤਮ ਹੋ ਗਿਆ। ਮੀਰ ਮੰਨੂੰ ਨੇ ਸਾਰੇ ਜਰਨੈਲਾਂ ਦੀ ਇਕ ਬੈਠਕ ਬੁਲਾਈ। ਭਿਖਾਰੀ ਖਾਨ ਵਰਗੇ ਕੁਝ ਇਕ ਨੇ ਕਿਹਾ ਕਿ ਕਿਸੇ ਵੀ ਸ਼ਰਤ ਤੇ ਕਿਉਂ ਨਾ ਹੋਵੇ, ਸਮਝੌਤਾ ਕਰ ਲੈਣਾ ਚਾਹੀਦਾ ਹੈ। ਅਦੀਨਾ ਬੇਗ ਦੀ ਸਲਾਹ ਸੀ ਕਿ ਦੁਸ਼ਮਣ ਉੱਤੇ ਇਕੋ ਵਾਰ ਵੱਡਾ ਹੱਲਾ ਬੋਲ ਦਿੱਤਾ ਜਾਵੇ। ਕੌੜਾ ਮੱਲ ਨੇ ਸਲਾਹ ਦਿੱਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਗਰਮੀਆਂ ਤੱਕ ਸਮਾਂ ਗੁਜਾਰ ਲੈਣਾ ਚਾਹੀਦਾ ਹੈ ਕਿਉਂਕਿ ਸ਼ਾਹ ਦੀਆਂ ਫੌਜਾਂ ਗਰਮੀ ਬਰਦਾਸ਼ਤ ਨਹੀਂ ਕਰ ਸਕਣਗੀਆਂ। ਪਰ ਇਹ ਸਿਆਣੀ ਸਲਾਹ ਤੇਜ ਤਰਾਰ ਨੌਜਵਾਨ ਸੂਬੇ ਨਾ ਨਾ ਮੰਨੀ ਅਤੇ ਤੁਰੰਤ ਕਾਰਵਾਈ ਕਰਨ ਦੀ ਸਲਾਹ ਬਣਾਈ। ਐਨ.ਕੇ.ਸਿਨਹਾ ਲਿਖਦੇ ਹਨ,ਚਾਰ ਮਹੀਨੇ ਦੀਆਂ ਇੱਕੜ-ਦੁੱਕੜ ਝੜੱਪਾਂ ਨੇ ਮੀਰ ਮੰਨੂੰ ਨੂੰ ਮੋਰਚੇ ਵਿਚੋਂ ਨਿਕਲ ਕੇ ਲੜਨ ਲਈ ਪ੍ਰੇਰਿਤ ਕੀਤਾ ਭਾਵੇਂ ਕਿ ਕੌੜਾ ਮੱਲ ਨੇ ਅਜਿਹਾ ਨਾ ਕਰਨ ਲਈ ਸਲਾਹ ਦਿੱਤੀ ਸੀ। ਮਾਰਚ 1752 ਵਿਚ ਮੀਰ ਮੰਨੂੰ ਦੀਆਂ ਫੌਜਾਂ ਨੇ ਮਹਿਮੂਦ ਬੂਟੀ ਵਿਖੇ ਅਬਦਾਲੀ

ਦੀਆਂ ਫੌਜਾਂ ਤੇ ਹਮਲਾ ਕਰ ਦਿੱਤਾ। ਜੰਗ ਦੇ ਦੌਰਾਨ ਅਦੀਨਾ ਬੇਗ ਨੇ ਮੰਨੂੰ ਨੂੰ ਸਲਾਹ ਦਿੱਤੀ ਕਿ ਕੌੜਾ ਮੱਲ ਦੀ ਟੁਕੜੀ ਨੂੰ ਬੁਲਾਕੇ ਸ਼ਾਹ ਦੀਆਂ ਫੌਜਾਂ ਤੇ ਸਾਂਝਾ ਹਮਲਾ ਬੋਲਿਆ ਜਾਵੇ। ਦੀਵਾਨ ਨੇ ਇਹ ਕਹਿ ਕੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਜੇ ਉਹ ਅਜਿਹਾ ਕਰਦਾ ਹੈ ਤਾਂ ਸ਼ਾਹ ਵਲੋਂ ਇਸ ਨੂੰ ਪਿਛੇ ਹਟਣਾ ਸਮਝਿਆ ਜਾਵੇਗਾ। ਸ਼ਾਹ ਦੀਆਂ ਫੌਜਾਂ ਉਸ ਦੇ ਸਿਪਾਹੀਆਂ ਦੀ ਸਾਰੀ ਮੋਰਚਾਬੰਦੀ ਤੋੜ ਦੇਣਗੀਆਂ। ਅਦੀਨਾ ਬੇਗ ਦੀ ਸਲਾਹ ਤੇ ਮੀਰ ਮੰਨੂੰ ਨੇ ਦੀਵਾਨ ਨੂੰ ਸਖਤ ਹੁਕਮ ਭੇਜਿਆ ਜਿਸ ਤੇ ਦੀਵਾਨ ਨੇ ਆਪਣਾ ਮੋਰਚਾ ਛੱਡ ਦਿੱਤਾ ਅਤੇ ਪਿੱਛੇ ਹਟ ਗਿਆ। ਜਿਸ ਗੱਲ ਦਾ ਡਰ ਸੀ, ਉਹੋ ਹੋਈ। ਸ਼ਾਹ ਦੀਆ ਫੌਜਾਂ ਨੇ ਹੱਲਾ ਬੋਲ ਦਿੱਤਾ ਅਤੇ ਦੀਵਾਨ ਦੀ ਫ਼ੌਜ ਵਿਚ ਭਗਦੜ ਮਚ ਗਈ। ਦੀਵਾਨ ਨੇ ਆਪਣੇ ਸਿਪਾਹੀਆਂ ਦਾ ਹੌਸਲਾ ਵਧਾਇਆ ਜਿਸ ਦੇ ਨਤੀਜੇ ਵਜੋਂ ਉਹ ਜਮ ਗਏ ਤੇ ਉਨ੍ਹਾਂ ਨੇ ਸ਼ਾਹ ਦੀਆਂ ਫੌਜਾਂ ਨੂੰ ਪਿੱਛੇ ਧੱਕਣਾ ਸ਼ੁਰੂ ਕਰ ਦਿੱਤਾ। ਇਸ ਨਾਜ਼ਕ ਮੌਕੇ ਤੇ ਕਿਸੇ ਹਾਦਸੇ ਕਾਰਨ ਦੀਵਾਨ ਦਾ ਹਾਥੀ ਧਰਤੀ ਤੇ ਡਿਗ ਪਿਆ। ਅਦੀਨਾ ਬੇਗ ਵੇਖ ਰਿਹਾ ਸੀ। ਦੀਵਾਨ ਜਦੋਂ ਨਹਿਮਤ ਖਾਨ ਦੇ ਹਾਥੀ ਤੇ ਸਵਾਰ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਅਦੀਨਾ ਬੇਗ ਦੇ ਇਸ਼ਾਰੇ ਤੇ ਉਸ ਦੇ ਇਕ ਸਿਪਾਹੀ ਬਾਜੀਦ ਖਾਨ ਨੇ ਦੀਵਾਨ ਨੂੰ ਗੋਲੀ ਮਾਰ ਦਿੱਤੀ। ਦੀਵਾਨ ਸ਼ਹੀਦ ਹੋ ਗਿਆ। ਇਕ ਦੁਰਾਨੀ ਸਿਪਾਹੀ ਦੀਵਾਨ ਦਾ ਸਿਰ ਵੱਢ ਕੇ ਲੈ ਗਿਆ। ਮੰਨੂੰ ਕਿਲ੍ਹੇ ਅੰਦਰ ਗਿਆ। ਹੋਰ ਮੁਕਾਬਲਾ ਕਰਨ ਵਿਚ ਸਮਰੱਥ ਨਾ ਰਹਿਣ ਤੇ ਮੰਨੂੰ ਨੇ ਸ਼ਾਹ ਸਾਹਮਣੇ ਹਥਿਆਰ ਸੁੱਟ ਦਿੱਤੇ ਅਤੇ ਦੁਰਾਨੀ ਫੌਜਾਂ ਨੇ 1752 ਦੀ ਬਸੰਤ ਰੁੱਤ ਵਿਚ ਸ਼ਹਿਰ ਤੇ ਕਬਜ਼ਾ ਕਰ ਲਿਆ। ਮੰਨੂੰ ਨੂੰ ਕੈਦ ਕਰਕੇ ਦੁਰਾਨੀ ਸਾਹਮਣੇ ਲਿਆਂਦਾ ਗਿਆ। ਇਸ ਮੌਕੇ ਤੇ ਮੀਰ ਮੰਨੂੰ ਅਤੇ ਬਾਦਸ਼ਾਹ ਦਰਮਿਆਨ ਹੋਇਆ ਵਾਰਤਾਲਾਪ ਨੂੰ ਮੁਫ਼ਤੀ ਅਲੀਉਦੀਨ ਨੇ ਆਪਣੀ ਪੁਸਤਕ ਇਬਰਤ ਨਾਮੇ ਵਿਚ ਦਿੱਤਾ ਹੈ। ਮੀਰ ਮੰਨੂੰ ਅਤੇ ਦੁਰਾਨੀ ਦਰਮਿਆਨ ਨਿਮਨ ਵਾਰਤਾਲਾਪ ਹੋਇਆ :

| | | |
|---|---|---|
| ਦੁਰਾਨੀ | – | ਤੂੰ ਇਸ ਤੋਂ ਪਹਿਲਾਂ ਮੈਨੂੰ ਖਿਰਾਜ ਪੇਸ਼ ਕਰਨ ਕਿਉਂ ਨਹੀਂ ਆਇਆ |
| ਮੀਰ ਮੰਨੂੰ | – | ਕਿਉਂਕਿ ਉਸ ਵੇਲੇ ਮੇਰਾ ਮਾਲਕ ਕੋਈ ਹੋਰ ਸੀ। |
| ਦੁਰਾਨੀ | – | ਤੇਰਾ ਉਹ ਮਾਲਕ ਹੁਣ ਤੈਨੂੰ ਛੁਡਾਉਣ ਲਈ ਕਿਉਂ ਨਹੀਂ ਆਉਂਦਾ |
| ਮੀਰ ਮੰਨੂੰ | – | ਇਸ ਲਈ ਕਿ ਉਹ ਸੋਚਦਾ ਹੈ ਕਿ ਉਸਦਾ ਨੌਕਰ ਆਪਣੀ ਹਿਫਾਜ਼ਤ ਖੁਦ ਕਰ ਲਵੇਗਾ। |
| ਦੁਰਾਨੀ | – | ਜੇ ਮੈਂ ਤੇਰੇ ਕਾਬੂ ਆ ਜਾਂਦਾ ਤੂੰ ਕੀ ਕਰਦਾ ? |
| ਮੀਰ ਮੰਨੂੰ | – | ਮੈਂ ਤੇਰਾ ਸਿਰ ਵੱਢ ਕੇ ਆਪਣੇ ਮਾਲਕ ਕੋਲ ਦਿੱਲੀ ਭੇਜ ਦਿੰਦਾ। |
| ਦੁਰਾਨੀ | – | ਹੁਣ ਜਦ ਤੂੰ ਮੇਰੇ ਰਹਿਮ ਤੇ ਹੈਂ ਤੇ ਮੇਰੇ ਪਾਸੋਂ ਕਿਹੋ ਜਿਹੇ ਸਲੂਕ ਦੀ ਆਸ ਰਖਦਾ ਏਂ ? |
| ਮੀਰ ਮੰਨੂੰ | – | ਜੇ ਤੂੰ ਵਪਾਰੀ ਹੈਂ ਤਾਂ ਮੈਨੂੰ ਵੇਚ ਦੇ, ਜੇ ਜ਼ਾਲਮ ਹੈਂ ਤਾਂ ਮਾਰ ਦੇ ਅਤੇ ਜੇ ਬਾਦਸ਼ਾਹ ਹੈਂ ਤਾਂ ਮੁਆਫ਼ ਕਰ ਦੇ। |

ਨੌਜਵਾਨ ਦੁਸ਼ਮਣ ਦੇ ਅਜਿਹੇ ਨਿਧੜਕ ਉੱਤਰ ਤੇ ਸ਼ਾਹ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਨਾ ਸਿਰਫ ਉਸਦੀ ਜਾਨ ਬਖਸ਼ੀ, ਉਸ ਨੂੰ ਫਰਜਿੰਦ ਖਾਨ ਬਹਾਦੁਰ ਰੁਸਤਮੇ ਹਿੰਦ' ਦਾ ਖਿਤਾਬ ਦਿੱਤਾ ਅਤੇ ਉਸ ਨੂੰ ਲਾਹੌਰ ਦੀ ਸੂਬੇਦਾਰੀ ਵੀ ਬਖਸ਼ ਦਿੱਤੀ। ਮੀਰ ਮੰਨੂੰ ਨੇ ਪੰਜਾਬ ਦਾ ਵਾਧੂ ਮਾਲੀਆ ਅਬਦਾਲੀ ਨੂੰ ਭੇਜਣਾ ਸੀ ਅਤੇ ਨਾਲ ਹੀ ਸਾਰੇ ਅਹਿਮ ਮਾਮਲਿਆਂ ਬਾਰੇ ਅਬਦਾਲੀ ਤੇ ਅੰਤਿਮ ਆਦੇਸ਼ ਲੈਣੇ ਸਨ। ਮੁਲਤਾਨ ਵਿਚ ਸਦੋਜ਼ੱਈ ਅਫਗਾਨਾਂ ਦੀ ਇਕ ਬਸਤੀ ਕਾਇਮ ਕੀਤੀ ਗਈ। ਇਸ ਮੁਹਿੰਮ ਦੌਰਾਨ ਅਬਦਾਲੀ ਨੇ ਕਸ਼ਮੀਰ ਵੀ ਜਿੱਤਿਆ ਅਤੇ ਸੁਖ ਜੀਵਨ ਮਲ ਨਾਂ ਦੇ ਇਕ ਖੱਤਰੀ ਨੂੰ ਉਥੋਂ ਦਾ ਸੂਬੇਦਾਰ ਨਿਯੁਕਤ ਕੀਤਾ। ਅਹਿਮਦ ਸ਼ਾਹ ਨੇ ਮੀਰ ਮੰਨੂੰ ਨਾਲ ਇਕ ਸਮਝੌਤਾ ਵੀ ਕੀਤਾ ਜਿਹੜਾ ਬਾਅਦ ਵਿਚ ਦਿੱਲੀ ਦੀ ਹਕੂਮਤ ਨੇ ਪਰਵਾਨ ਕਰ ਲਿਆ। ਇਸ ਤਰ੍ਹਾਂ ਲਾਹੌਰ ਅਤੇ ਮੁਲਤਾਨ ਦੁਰਾਨੀ ਹਕੂਮਤ ਦਾ ਇਕ ਹਿੱਸਾ ਬਣ ਗਏ। ਅਦੀਨਾ ਬੇਗ ਜੇ ਖੁਦ ਸੂਬੇਦਾਰ ਬਣਨਾ ਚਾਹੁੰਦੇ ਸੀ ਉਸ ਨੂੰ ਕੁਝ ਸਮੇ ਂ ਲਈ ਹਿਰਾਸਤ ਵਿਚ ਰੱਖਿਆ। ਮੰਨੂੰ ਨੇ ਸ਼ਾਹ ਨੂੰ 30 ਲੱਖ ਰੁਪਏ ਅਦਾ ਕਰਨੇ ਸਨ। ਉਸ ਦੀ ਜਾਨ ਬਖਸ਼ੀ ਲਈ 10 ਲੱਖ, ਉਸ ਨੂੰ ਦਿੱਤੇ ਗਏ ਇਲਾਕੇ ਲਈ 10 ਲੱਖ ਅਤੇ ਬਾਕੀ ਦੇ ਹਿੰਦੁਸਤਾਨ ਨੂੰ ਛੱਡ ਦੇਣ ਲਈ 10 ਲੱਖ। ਇਸ ਰਕਮ ਵਿਚੋਂ 26 ਲੱਖ ਰੁਪਏ ਤੁਰੰਤ ਅਦਾ ਕਰ ਦਿੱਤੇ ਗਏ ਅਤੇ ਬਾਕੀ ਚਾਰ ਲੱਖ ਰੁਪਏ ਦੁਰਾਨੀ ਦੇ ਹਿੰਦ ਵਿਚੋਂ

ਬਾਹਰ ਨਿਕਲਣ ਤੋਂ ਪਹਿਲਾਂ ਅਦਾ ਕੀਤੇ ਜਾਣੇ ਸਨ।

ਮੰਨੂੰ ਅਤੇ ਅਬਦਾਲੀ ਦਰਮਿਆਨ ਜੰਗ ਦੇ ਦੌਰਾਨ ਪੰਜਾਬ ਵਿਚ ਅਰਾਜਕਤਾ ਅਤੇ ਬਦਅਮਨੀ ਫੈਲ ਗਈ। ਸਿੱਖ ਲੰਮੇ ਸਮੇਂ ਤੋਂ ਅਜਿਹੇ ਮੌਕੇ ਦੀ ਭਾਲ ਵਿਚ ਸਨ। ਸਿੱਖਾਂ ਨੇ ਬਾਰੀ ਦੁਆਬ ਨੂੰ ਲੁੱਟਿਆ। ਉਥੋਂ ਦੇ ਵੱਡੇ ਮੁਸਲਮਾਨ ਘਰਾਣਿਆਂ ਨੂੰ ਸਜ਼ਾ ਦਿੱਤੀ ਜਿਨ੍ਹਾਂ ਨੇ ਪਹਿਲਾਂ ਸਿੱਖਾਂ ਨੂੰ ਪਰੇਸ਼ਾਨ ਕੀਤਾ ਸੀ। ਜਲੰਧਰ ਦੁਆਬ ਨੂੰ ਵੀ ਸਿੱਖਾਂ ਨੇ ਲੁੱਟਿਆ। ਸੱਯਦਾਂ ਅਤੇ ਪੀਰਜਾਦਾਂ ਨੂੰ ਲੁੱਟਿਆ ਗਿਆ। ਆਜ਼ਾਦੀ ਲਈ ਜੰਗ ਹੋ ਗਈ। ਅਦੀਨਾ ਬੇਗ ਦੇ ਲਾਹੌਰ ਵਿਚ ਹੋਣ ਕਰਕੇ ਸਿੱਖਾਂ ਨੂੰ ਮੌਕਾ ਮਿਲ ਗਿਆ। ਉਨ੍ਹਾਂ ਦਰਿਆ ਸਤਲੁਜ ਪਾਰ ਕਰਕੇ ਸਰਹਿੰਦ ਥਾਨੇਸਰ ਅਤੇ ਜੀਂਦ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਦਸੰਬਰ 1752 ਵਿਚ ਸੋਨੀਪਤ ਅਤੇ ਪਾਣੀਪਤ ਦੇ ਸੂਬੇਦਾਰ ਕਾਮਗਰ ਖਾਨ ਨੇ ਵਧਦੇ ਹੋਏ ਸਿੱਖਾਂ ਨੂੰ ਰੋਕਿਆ ਅਤੇ ਉਨ੍ਹਾਂ ਨੂੰ ਪਿੱਛੇ ਧੱਕਿਆ। ਇਸ ਦੌਰਾਨ ਚੜ੍ਹਤ ਸਿੰਘ ਸ਼ੁਕਰਚਕੀਏ ਦੀ ਕਮਾਨ ਹੇਠ ਸਿੱਖ ਉੱਤਰ ਵੱਲ ਜੇਹਲਮ ਪਾਰ ਤਕ ਪਹੁੰਚ ਗਏ। ਗੁਜਰਾਤ ਦੇ ਗੱਖੜ ਸਰਦਾਰ ਮੁਬਾਰਕ ਖਾਨ ਨੇ ਹਥਿਆਰ ਸੁੱਟ ਦਿੱਤੇ। ਚਨਾਬ ਤੋਂ ਪਾਰਲਾ ਇਲਾਕਾ ਸਿੱਖਾਂ ਦੇ ਹਵਾਲੇ ਕਰ ਦਿੱਤਾ। ਇਸ ਤਰ੍ਹਾਂ ਸਿੱਖਾਂ ਨੇ ਚੱਜ ਅਤੇ ਰਚਨਾ ਦੁਆਬ ਵਿਚ ਵੀ ਮਾਰ ਧਾੜ ਆਰੰਭ ਕਰ ਦਿੱਤੀ।

ਕਾਬਲ ਜਾਂ ਦਿੱਲੀ ਵਲੋਂ ਕਿਸੇ ਹਮਲੇ ਆਦਿ ਦਾ ਡਰ ਖਤਮ ਹੋ ਗਿਆ ਤੇ ਮੀਰ ਮੰਨੂੰ ਆਪਣੇ ਇਲਾਕੇ ਵਿਚ ਪਸਰੀ ਹਫੜਾ ਦਫੜੀ ਨੂੰ ਖਤਮ ਕਰਨ ਦੇ ਉਪਾਅ ਕਰਨ ਲੱਗਾ। ਹੁਣ ਉਸ ਨੂੰ ਸਿੱਖਾਂ ਦੀ ਮਦਦ ਦੀ ਲੋੜ ਮਹਿਸੂਸ ਹੋਈ। ਦੀਵਾਨ ਕੌੜਾ ਮੱਲ ਦੀ ਮੌਤ ਕਾਰਨ ਸਰਕਾਰ ਨਾਲ ਸਿੱਖਾਂ ਦਾ ਸੰਪਰਕ ਖਤਮ ਹੋ ਚੁੱਕਾ ਸੀ। ਹੁਣ ਉਸ ਨੇ ਸਿੱਖਾਂ ਵਿਰੁੱਧ ਸਖਤ ਰਵੱਈਆ ਫੇਰ ਅਖਤਿਆਰ ਕਰ ਲਿਆ। ਉਸ ਨੇ ਉਹ ਜਗੀਰ ਸਿੱਖਾਂ ਤੋਂ ਵਾਪਸ ਲੈ ਲਈ ਜਿਹੜੀ 1749 ਤੋਂ ਉਨ੍ਹਾਂ ਪਾਸ ਸੀ। ਪਹਿਲਾਂ ਵਾਂਗ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗ ਪਏ ਅਤੇ ਉਨ੍ਹਾਂ ਨੂੰ ਪਨਾਹ ਦੇਣ ਲਈ ਸਖਤ ਹੁਕਮ ਜਾਰੀ ਕਰ ਦਿੱਤੇ। ਸਿੱਖਾਂ ਨੂੰ ਸੋਧਣ ਲਈ ਅਦੀਨਾ ਬੇਗ ਨੂੰ ਤੈਨਾਤ ਕੀਤਾ ਗਿਆ। ਅਦੀਨਾ ਬੇਗ ਨੇ ਅਜਿਹੇ ਹੁਕਮ ਦਾ ਸੁਆਗਤ ਕੀਤਾ। ਇਸ ਰਾਹੀਂ ਉਹ ਆਪਣੇ ਤੇ ਕੀਤੇ ਗਏ ਪੁਰਾਣੇ ਇਲਜ਼ਾਮ ਨੂੰ ਧੋ ਸਕਦਾ ਸੀ ਜਿਹੜਾ ਕਿ ਉਸ ਉਤੇ ਲਾਹੌਰ ਦੀ ਪਿਛਲੀ ਜੰਗ ਦੌਰਾਨ ਲਗਾਇਆ ਸੀ। ਉਸ ਉਤੇ ਇਹ ਵੀ ਇਲਜ਼ਾਮ ਸੀ ਕਿ ਉਸ ਨੇ ਪੰਜਾਬ ਦੀ ਬਾਕੀ ਕਿਸਾਨਾਂ ਨਾਲ ਵਕਤੀ ਸਮਝੌਤਾ ਕੀਤਾ ਸੀ। ਮਾਖੋਵਾਲ ਅਰਥਾਤ ਆਨੰਦਪੁਰ ਸਾਹਿਬ ਵਿਖੇ ਤਿਉਹਾਰ ਦੇ ਮੌਕੇ ਤੇ ਸਾਦਿਕ ਬੇਗ ਨੇ ਸਿੱਖਾਂ ਤੇ ਹਮਲਾ ਕਰ ਦਿੱਤਾ। ਦੇਸ਼ ਦੇ ਸਾਰੇ ਹਿੱਸਿਆਂ ਤੇ ਸਿੱਖ ਇਥੇ ਇਕੱਤਰ ਹੋਏ ਸਨ। ਉਸ ਨੂੰ ਵੀ ਉਨ੍ਹਾਂ ਬੁਰੀ ਤਰ੍ਹਾਂ ਪਸਤ ਕੀਤਾ, ਪਰ ਉਸ ਦਾ ਮਨੋਰਥ ਸੀ ਕਿ ਉਨ੍ਹਾਂ ਨਾਲ ਮਿੱਤਰਤਾ ਕਰ ਲਵੇ ਅਤੇ ਉਨ੍ਹਾਂ ਉੱਤੇ ਜ਼ੁਲਮ ਨਾ ਕਰੇ, ਜਿਸ ਨਾਲ ਉਸ ਦੀ ਅਹਿਮੀਅਤ ਬਣੀ ਰਹੇ। ਇਸ ਲਈ ਉਨ੍ਹਾਂ ਦਰਮਿਆਨ ਇਹ ਸਮਝੌਤਾ ਹੋ ਗਿਆ ਜਿਸ ਦੇ ਤਹਿਤ ਉਹ ਨਾ-ਮਾਤਰ ਟੈਕਸ ਬਕਾਇਦਾ ਤੌਰ ਤੇ ਅਦਾਇਗੀ ਕਰਨਗੇ। ਮੀਰ ਮੰਨੂੰ ਨੇ ਸਿੱਖਾਂ ਨੂੰ ਖਤਮ ਕਰਨ ਲਈ ਮੀਰ ਮੋਮਿਨ ਨੂੰ ਲੱਖੀ ਜੰਗਲ ਵੱਲ ਭੇਜਿਆ ਪਰ ਇਸ ਕੰਮ ਵਿਚ ਉਹ ਸਫਲ ਨਾ ਹੋ ਸਕਿਆ। ਹੁਸੈਨ ਖਾਨ ਦੀ ਕਮਾਨ ਹੇਠ ਇਕ ਦਸਤਾ ਭੇਜਿਆ ਗਿਆ। ਸਿੱਖਾਂ ਨਾਲ ਉਸ ਦੀ ਆਹਮੋ-ਸਾਹਮਣੇ ਲੜਾਈ ਹੋਈ ਜਿਸ ਵਿਚ ਸਿੱਖਾਂ ਦੀ ਹਾਰ ਹੋਈ ਕਿਉਂਕਿ ਇਕ ਤਾਂ ਉਹ ਗਿਣਤੀ ਵਿਚ ਬਹੁਤ ਥੋੜ੍ਹੇ ਸਨ ਤੇ ਦੂਜੇ ਉਨ੍ਹਾਂ ਪਾਸ ਰਸਦ ਦੀ ਕਮੀ ਹੋ ਗਈ ਸੀ। ਸਿੱਖਾਂ ਦਾ ਮੂਲ ਨਾਸ਼ ਕਰਨ ਲਈ ਮੀਰ ਮੰਨੂੰ ਕੇਂਦਰੀ ਜ਼ਿਲ੍ਹਿਆਂ ਵੱਲ ਵਧਿਆ। ਇਕ ਵਾਰ ਜਦ ਉਸ ਦਾ ਪੜਾਅ ਬਟਾਲੇ ਸੀ ਤਾਂ ਉਸ ਨੂੰ ਪਤਾ ਲੱਗਾ ਕਿ ਸਿੱਖ ਲੋਕਾਂ ਨੂੰ ਤੰਗ ਕਰ ਰਹੇ ਹਨ। ਸੱਯਦ ਜ਼ਮੀਲ-ਉਦੀਨ ਖਾਨ ਅਤੇ ਬਖ਼ਸ਼ੀ ਗਾਜੀ ਬੇਗ ਦੀ ਕਮਾਨ ਥੱਲੇ ਤੁਰੰਤ ਫੌਜ ਭੇਜੀ ਗਈ। ਸਿੱਖਾਂ ਨੇ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਉਨ੍ਹਾਂ ਨੇ ਰਾਮ ਰੌਣੀ ਵਿਚ ਸ਼ਰਨ ਲਈ। 900 ਸਿੱਖ ਸ਼ਹੀਦ ਹੋ ਗਏ। ਲਾਹੌਰ ਪਹੁੰਚ ਕੇ ਉਸ ਨੇ ਸਿੱਖਾਂ ਦਾ ਪਿੱਛਾ ਕਰਨ ਲਈ ਖਵਾਜਾ ਮਿਰਜ਼ਾ ਦੀ ਕਮਾਨ ਤਹਿਤ ਇਕ ਗਸ਼ਤੀ ਦਸਤਾ ਭੇਜਿਆ। ਰੋਜ਼ਾਨਾ ਉਹ ਤੀਹ ਮੀਲ ਦਾ ਸਫਰ ਕਰਦਾ ਅਤੇ ਜਿਹੜਾ ਵੀ ਸਿੱਖ ਉਸ ਨੂੰ ਦਿਸਦਾ ਉਸ ਨੂੰ ਕਤਲ ਕਰ ਦਿੰਦਾ। ਜਿਹੜੇ ਫੜੇ ਜਾਂਦੇ ਉਨ੍ਹਾਂ ਨੂੰ ਚਰਖੀਆਂ ਤੇ ਚੜ੍ਹਾਕੇ ਸ਼ਹੀਦ ਕੀਤਾ ਜਾਂਦਾ ਸੀ। ਅਦੀਨਾ ਬੇਗ ਜਲੰਧਰ ਦੁਆਬ ਤੇ ਰੋਜ਼ ਚਾਲੀ ਜਾਂ ਪੰਜਾਹ ਸਿੱਖ ਲਾਹੌਰ ਭੇਜਦਾ। ਉਨ੍ਹਾਂ ਨੂੰ ਵੀ ਇਸੇ ਢੰਗ ਨਾਲ ਕਤਲ ਕੀਤਾ। ਇਤਨੇ ਸਖਤ ਉਪਾਵਾਂ ਦੇ ਬਾਵਜੂਦ ਵੀ ਮੀਰ ਮੰਨੂੰ ਸਿੱਖਾਂ ਨੂੰ ਲੁਕਵੀਆਂ ਥਾਂਵਾਂ ਤੋਂ ਬਾਹਰ ਨਾ ਕੱਢ ਸਕਿਆ। ਮੀਰ ਮੰਨੂੰ ਨੇ ਕੈਦ ਕੀਤੇ ਹੋਏ 300 ਸਿੱਖ ਇਸਤਰੀਆਂ, ਇਕ ਸੌ ਬੱਚਿਆਂ ਨੂੰ ਇਸਲਾਮ ਕਬੂਲ ਕਰ ਲੈਣ ਲਈ ਕਿਹਾ ਪਰ ਕਿਸੇ ਨੇ ਵੀ ਉਸ ਦੀ ਗੱਲ ਨਾ ਮੰਨੀ।

**ਮੁੱਖ ਵਿਅਕਤੀ ਅਤੇ ਸ਼ਬਦ :**

1) ਮੁਈਨ-ਉਲ-ਮੁਲਕ

2) ਅਹਿਮਦ ਸ਼ਾਹ ਅਬਦਾਲੀ
3) ਦਲ ਖਾਲਸਾ ਦੀ ਸਥਾਪਨਾ
4) ਰਾਮ ਰੌਣੀ ਦਾ ਘੇਰਾ
5) ਦੀਵਾਨ ਕੌੜਾ ਮੱਲ
6) ਜੱਸਾ ਸਿੰਘ ਆਹਲੂਵਾਲੀਆ
7) ਇਬਰਤ ਨਾਮਾ
8) ਲੱਖੀ ਜੰਗਲ

**ਛੋਟੇ ਪ੍ਰਸ਼ਨ :**

1) ਮੀਰ ਮੰਨੂੰ ਦੀ ਸਿੱਖਾਂ ਪ੍ਰਤੀ ਨੀਤੀ ਦਾ ਵਰਨਣ ਕਰੋ।
2) ਅਹਿਮਦ ਸ਼ਾਹ ਅਬਦਾਲੀ ਦੇ ਤੀਸਰੇ ਹਮਲੇ ਦਾ ਕੀ ਪ੍ਰਭਾਵ ਸੀ ?
3) ਦੀਵਾਨ ਕੌੜਾ ਮੱਲ ਤੇ ਸ਼ਾਰਟ ਨੋਟ ਲਿਖੋ।

**ਲੰਮੇ ਪ੍ਰਸ਼ਨ :**

1) ਸਿੱਖ ਰਾਜਸੀ ਤਾਕਤ ਵਿਚ ਕਿਸ ਤਰ੍ਹਾਂ ਆਏ ?
2) ਦਲ ਖਾਲਸਾ ਦੇ ਸੰਗਠਨ ਅਤੇ ਵਿਚਾਰਧਾਰਾ ਦੱਸੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1. Bhagat Singh, A History of the Sikh Misals, pp. 345-366
2. J.S.Grewal, Sikhs of the Punjab, passim.

## ਪਾਠ ਨੰ. 2.4

### ਦਲ ਖਾਲਸਾ : ਉਤਪਤੀ ਅਤੇ ਵਿਕਾਸ

1716 ਈ. ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨਾਲ ਸਿੱਖਾਂ ਲਈ ਸੰਘਰਸ਼ ਕਾਲ ਸ਼ੁਰੂ ਹੋਇਆ ਤੇ ਇਹ ਕਾਲ 1765 ਈ. ਜਾਂ ਰਾਜ ਸਥਾਪਨਾ ਤੱਕ ਜਾਰੀ ਰਿਹਾ – ਇਕ ਪਾਸੇ ਖਾਲਸਾ ਸੀ ਤੇ ਦੂਸਰੇ ਪਾਸੇ ਮੁਗ਼ਲ ਅਤੇ ਅਫਗਾਨ ਜਾਂ ਦੁਰਾਨੀ ਸਨ। 1734 ਈ. ਤੱਕ ਖਾਲਸਾ 5 ਦਲਾਂ 'ਚ ਸੰਗਠਿਤ ਸੀ। ਦਲ ਖਾਲਸਾ ਦਾ ਜਨਮ 1748 ਈ. ਨੂੰ ਹੋਇਆ। ਇਹ ਸਮਾਂ ਅਬਦਾਲੀ-ਹਮਲਿਆਂ ਦਾ ਸੀ।

ਪਾਠ ਦੀ ਬਣਤਰ

- ਖਾਲਸੇ ਦੀ ਵੰਡ ਜਾਂ ਭਾਗ : ਬੁੱਢਾ ਦਲ ਤੇ ਤਰੁਣਾ ਦਲ
- ਖਾਲਸਾ ਦਲ ਦੀ ਸ਼ੁਰੂਆਤ (1748)
- ਵਿਚਾਰਧਾਰਾ
- ਲੜਨ ਦਾ ਅੰਦਾਜ਼ – ਗੁਰੀਲਾ ਤਕਨੀਕ
- ਬਚਾਓ ਵਾਲੀਆਂ ਤਰਕੀਬਾਂ
- ਘੱਲੂਘਾਰੇ
- ਸਿੰਘ ਤੇ ਮਾਲਵਾ
- ਛੋਟੇ ਪ੍ਰਸ਼ਨ ਅਤੇ ਲੰਮੇ ਪ੍ਰਸ਼ਨ
- ਪੁਸਤਕਾਂ

### ਉਦੇਸ਼

(1) ਸਿੱਖਾਂ ਦੀ ਧੜੇਬੰਦੀ ਤੇ ਏਕਤਾ ਦਾ ਗਿਆਨ ਦਿੱਤਾ ਜਾਵੇਗਾ।
(2) ਸਿੰਘਾਂ ਦੇ ਸੰਗਠਨ ਅਤੇ ਲੜਾਈ ਤਕਨੀਕਾਂ ਤੇ ਤਰਕੀਬਾਂ ਦਾ ਵਿਸਥਾਰ ਦੱਸਣਾ।
(3) ਅਹਿਮਦ ਸ਼ਾਹ ਅਬਦਾਲੀ ਦੇ ਪਹਿਲੇ ਤਿੰਨ ਹਮਲਿਆਂ ਦਾ ਪ੍ਰਭਾਵ ਵੇਖਿਆ ਜਾਵੇਗਾ।

### ਦਲ ਖਾਲਸਾ : ਉਤਪਤੀ ਅਤੇ ਵਿਕਾਸ

ਬੰਦਾ ਬਹਾਦਰ ਦੀ 1716 ਵਿਚ ਸ਼ਹੀਦੀ ਤੋਂ ਬਾਦ 1765 ਵਿਚ ਸਿੱਖ ਰਾਜ ਦੀ ਸਥਾਪਨਾ ਤੱਕ ਦਾ ਸਿੱਖ ਇਤਿਹਾਸ ਇਕ ਜ਼ਬਰਦਸਤ ਸੰਘਰਸ਼ ਦਾ ਇਤਿਹਾਸ ਹੈ ਜਿਸ ਵਿਚ ਇਕ ਪਾਸੇ ਖਾਲਸਾ ਅਤੇ ਦੂਜੇ ਪਾਸੇ ਮੁਗ਼ਲ ਅਤੇ ਦੁਰਾਨੀ ਸਨ। ਇਸ ਘੋਲ ਦੇ ਦੌਰਾਨ ਹਰ ਉਹ ਉਪਾਅ ਕੀਤਾ ਗਿਆ ਜਿਸ ਰਾਹੀਂ ਖਾਲਸਾ ਕੌਮ ਨੂੰ ਕੁਚਲਿਆ ਜਾ ਸਕੇ। ਪਰ ਇਸ ਸੰਘਰਸ਼ ਵਿਚੋਂ ਨਾ ਸਿਰਫ ਉਹ ਪੂਰੀ ਤਰ੍ਹਾਂ ਖਤਮ ਹੋ ਜਾਣ ਤੋਂ ਹੀ ਬਚ ਸਕੇ ਬਲਕਿ ਅੱਧੀ ਸਦੀ ਤੱਕ ਤਸੀਹੇ ਸਹਿਣ ਅਤੇ ਕੁਰਬਾਨੀਆਂ ਦੇਣ ਦੇ ਬਾਦ ਸੁਤੰਤਰ ਰਾਜ ਕਾਇਮ ਕਰਨ ਵਿਚ ਸਫਲ ਹੋ ਗਏ। ਨਿਰਸੰਦੇਹ ਇਸ ਸੰਘਰਸ਼ ਵਿਚ ਸਿੱਖਾਂ ਦੀ ਸਹਾਇਤਾ ਕਈ ਤੱਤਾਂ ਨੇ ਕੀਤੀ ਜਿਵੇਂ ਕਿ ਲਾਹੌਰ ਦਰਬਾਰ ਵਿਚਲੀ ਧੜੇਬੰਦੀ, ਆਪਸੀ ਈਰਖਾ, ਦਿੱਲੀ ਦੀ ਕੇਂਦਰੀ ਹਕੂਮਤ ਦਾ ਬਹੁਤ ਕਮਜ਼ੋਰ ਹੋ ਜਾਣਾ, ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਲਿਆਂ ਕਾਰਨ ਪੈਦਾ ਹੋਈ ਗੜਬੜ ਅਤੇ ਹਰ ਹੱਲੇ ਤੋਂ ਬਾਦ ਇਨ੍ਹਾਂ ਦਾ ਕਾਬਲ ਚਲਾ ਜਾਣਾ ਸੀ। ਪਰ ਉਨ੍ਹਾਂ ਦੀ ਫਤਿਹ ਦਾ ਮੁੱਖ ਕਾਰਨ ਉਨ੍ਹਾਂ ਦਾ ਸੰਗਠਨ ਬੁਲੰਦ ਹੌਸਲਾ ਅਤੇ ਲੜਾਈ ਦਾ ਢੰਗ ਸੀ।

ਹਾਕਮਾਂ ਵਿਰੁੱਧ ਜੀਵਨ-ਮੌਤ ਦੇ ਸੰਘਰਸ਼ ਦੀਆਂ ਲੋੜਾਂ ਕਾਰਨ ਸਿੱਖਾਂ ਨੇ ਆਪਣੇ ਛੋਟੇ ਛੋਟੇ ਗੁਰੀਲਾ ਦਸਤੇ ਬਣਾ ਲਏ ਜਿਹੜੇ ਰਲ ਕੇ ਦਲ ਖਾਲਸਾ ਬਣ ਗਏ। ਪਰ ਆਰੰਭ ਵਿਚ ਅਜਿਹਾ ਕੋਈ ਦਲ ਜਾਂ ਦਸਤਾ ਨਹੀਂ ਸੀ। 1716 ਵਿਚ ਦਿੱਲੀ ਵਿਖੇ ਬੰਦਾ ਸਿੰਘ ਦੀ ਸਾਰੀ ਫੌਜ ਜਿਹੜੀ ਵਲੰਟੀਅਰ ਲੜਾਕੂਆਂ ਦੀ ਫੌਜ ਸੀ, ਉਸ ਦੀ ਸ਼ਹੀਦੀ ਉਪਰੰਤ ਖਿੰਡ ਗਈ। ਹਕੂਮਤ ਦੀ ਸਿੱਖਾਂ ਨੂੰ ਕੁਚਲਣ ਅਤੇ ਮਾਰ-ਮੁਕਾਉਣ ਦੀ ਪਾਲਿਸੀ ਕਾਰਨ ਸਿੱਖ ਦੂਰ-ਦਰਾਜ ਥਾਵਾਂ ਤੇ ਜਾ ਕੇ ਛਿਪ ਗਏ। ਇਸ ਤੋਂ ਇਲਾਵਾ ਸਿੱਖਾਂ ਵਿਚ ਵੀ ਫੁੱਟ ਪੈ ਗਈ ਸੀ ਅਤੇ ਇਹ ਦੋ ਹਿੱਸਿਆਂ – ਬੰਦਈ

ਅਤੇ ਤੱਤ ਖਾਲਸਾ ਵਿਚ ਵੰਡੇ ਗਏ ਸਨ। ਹਾਲਾਤ ਤੋਂ ਮਜ਼ਬੂਰ ਹੋ ਕੇ ਅਤੇ ਦਬਾਅ ਪੈਣ ਤੋਂ ਸਿੱਖਾਂ ਦੇ ਗੁਰੀਲਾ ਦਸਤੇ ਬਣ ਗਏ। ਹਕੂਮਤ ਦੀਆਂ ਪਾਲਿਸੀਆਂ ਕਾਰਨ ਸਿੱਖਾਂ ਨੂੰ ਜਿਨ੍ਹਾਂ ਪਹਾੜੀ ਅਤੇ ਜੰਗਲੀ ਥਾਵਾਂ ਤੇ ਰਹਿਣਾ ਪਿਆ ਉਥੇ ਖਾਣੇ ਅਤੇ ਕੱਪੜੇ ਵਰਗੀਆਂ ਜਿਉਣ ਲਈ ਲੋੜੀਂਦੀਆਂ ਵਸਤਾਂ ਦੀ ਬਹੁਤ ਕਮੀ ਸੀ ਇਸ ਲਈ ਇਨ੍ਹਾਂ ਨੇ ਦਸ-ਦਸ, ਵੀਹ-ਵੀਹ ਬੰਦਿਆਂ ਦੇ ਆਪਣੇ ਲੁਟੇਰੇ ਦਸਤੇ ਬਣਾ ਲਏ। ਇਹ ਦਸਤੇ ਜਲਦੀ ਲੜਾਕੂ ਦਸਤਿਆਂ ਵਿਚ ਬਦਲ ਗਏ। ਇਹ ਲੜਨ ਅਤੇ ਲੁੱਟਣ ਦਾ ਦੋਹਰਾ ਕੰਮ ਕਰਦੇ ਸਨ। ਇਹ ਹਕੂਮਤ ਦੇ ਖ਼ਜ਼ਾਨੇ ਦਾ ਜਾਂ ਅਜਿਹੇ ਬੰਦਿਆਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਜਿਨ੍ਹਾਂ ਨੇ ਸਿੱਖਾਂ ਵਿਰੁੱਧ ਕਦੇ ਸਰਕਾਰ ਦੀ ਮਦਦ ਕੀਤੀ ਸੀ ਜਾਂ ਕਰ ਰਹੇ ਸਨ। 1734 ਵਿਚ ਮਹਿਸੂਸ ਕੀਤਾ ਗਿਆ ਕਿ ਇਨ੍ਹਾਂ ਦਸਤਿਆਂ ਦਾ ਚੰਗੀ ਤਰ੍ਹਾਂ ਸੰਗਠਨ ਕਰ ਦਿੱਤਾ ਜਾਵੇ ਤਾਂ ਜੋ ਇਨ੍ਹਾਂ ਨੂੰ ਹੋਰ ਮਜ਼ਬੂਤ ਅਤੇ ਵਧੇਰੇ ਲੜਾਕੂ ਸ਼ਕਤੀ ਵਾਲਾ ਬਣਾਇਆ ਜਾ ਸਕੇ। ਲੜਨ ਵਾਲੇ ਸਾਰੇ ਖਾਲਸੇ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਗਿਆ : (1) ਬੁੱਢਾ ਦਲ, ਜਿਸ ਵਿਚ ਬਜ਼ੁਰਗ ਅਤੇ ਸਿਆਣੇ-ਸਿਆਣੇ ਬੰਦੇ ਸ਼ਾਮਲ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਦਿਨ ਵੇਖੇ ਹੋਏ ਸਨ (2) ਤਰੁਣਾ ਦਲ ਜਾਂ ਨੌਜੁਆਨਾਂ ਦੀ ਫੌਜ ਵੱਡੀ ਗਿਣਤੀ ਕਾਰਨ ਤਰੁਣਾ ਦਲ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ ਗਿਆ। ਇਹ ਜੱਥੇ ਅੰਮ੍ਰਿਤਸਰ ਵਿਖੇ ਪੰਜ ਵੱਖ ਵੱਖ ਕੇਂਦਰਾਂ ਵਿਖੇ ਸਨ। ਹਰ ਜਥੇ ਵਿਚ 1,300 ਤੋਂ 2,000 ਤੱਕ ਜੁਆਨ ਸਨ ਅਤੇ ਹਰ ਇਕ ਦਾ ਵੱਖਰਾ ਨਗਾਰਾ ਸੀ। ਸਾਰਿਆਂ ਦਾ ਲੰਗਰ ਅਤੇ ਕੱਪੜਿਆਂ ਆਦਿ ਦਾ ਭੰਡਾਰ ਸਾਂਝਾ ਸੀ। ਜੋ ਕੁਝ ਵੀ ਬਾਹਰ ਤੋਂ ਲਿਆਂਦਾ ਜਾਂਦਾ, ਇਸ ਸਾਂਝੇ ਭੰਡਾਰ ਵਿਚ ਜਮ੍ਹਾਂ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਦੋਹਾਂ ਦਲਾਂ ਦੇ ਜਥੇਦਾਰ ਨਵਾਬ ਕਪੂਰ ਸਿੰਘ ਸਨ, ਜਿਨ੍ਹਾਂ ਦਾ ਰੂਹਾਨੀ ਅਤੇ ਦੁਨਿਆਵੀ ਤੌਰ ਤੇ ਬਹੁਤ ਸਤਿਕਾਰ ਕੀਤਾ ਜਾਂਦਾ ਸੀ।

1734 ਵਿਚ ਇਨ੍ਹਾਂ ਦੋਹਾਂ ਦਲਾਂ ਦੀ ਸਥਾਪਨਾ ਨੂੰ ਅਸੀਂ ਦਲ ਖਾਲਸਾ ਅਤੇ ਮਿਸਲਦਾਰੀ ਅਹਿਦ ਦੀ ਫੌਜ ਦੀ ਨੀਂਹ ਰੱਖਣਾ ਕਹਿ ਸਕਦੇ ਹਾਂ। ਇਸ ਤੋਂ ਪਹਿਲਾਂ ਛੇਵੇਂ ਅਤੇ ਦਸਵੇਂ ਗੁਰੂ ਸਾਹਿਬ ਅਤੇ ਬੰਦਾ ਸਿੰਘ ਬਹਾਦਰ ਵਲੋਂ ਸਿੱਖ ਫੌਜ ਦੀ ਸਥਾਪਨਾ ਲਈ ਕੀਤੇ ਗਏ ਉਪਰਾਲੇ ਅਸੀਂ, ਆਰਜ਼ੀ ਉਪਰਾਲੇ ਹੀ ਕਹਿ ਸਕਦੇ ਹਾਂ। 1734 ਤੋਂ ਬਾਦ ਕਈ ਕਠਿਨਾਈਆਂ ਦੇ ਬਾਵਜੂਦ ਸਿੱਖ ਫੌਜ ਦੀ ਬਣਤਰ ਵਧੇਰੇ ਮਜ਼ਬੂਤ ਹੁੰਦੀ ਚਲੀ ਗਈ ਅਤੇ ਇਸ ਵਿਚ ਲਗਾਤਾਰ ਪੂਰਤੀ ਹੁੰਦੀ ਗਈ।

1734 ਵਿਚ ਦਲਾਂ ਦੀ ਸਥਾਪਨਾ ਨਾਲ ਸਿੱਖ ਹੁਣ ਵਧੇਰੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਅਤੇ ਵੱਡੇ ਪੈਮਾਨੇ ਤੇ ਕਾਰਵਾਈ ਕਰ ਸਕਦੇ ਸਨ। ਇਸ ਤੋਂ ਲਾਹੌਰ ਦਾ ਨਵਾਬ ਜ਼ਕਰੀਆ ਖਾਨ ਬਹੁਤ ਚੌਕਸ ਹੋ ਗਿਆ। ਅਗਲੇ ਲਗਭਗ ਦਸ ਸਾਲ ਲਾਹੌਰ ਹਕੂਮਤ ਨੇ ਸਿੱਖਾਂ ਨੂੰ ਖਿੰਡਾਉਣ ਦੇ ਬਹੁਤ ਯਤਨ ਕੀਤੇ। ਇਨ੍ਹਾਂ ਦਲਾਂ ਦੇ ਖਿੰਡ ਜਾਣ ਤੇ ਖਾਲਸੇ ਨੇ ਫੇਰ ਪੁਰਾਣਾ ਰਵੱਈਆ ਅਖ਼ਤਿਆਰ ਕਰ ਲਿਆ ਅਤੇ ਛੋਟੇ ਛੋਟੇ ਲੁਟੇਰੇ ਜਥਿਆਂ ਵਿਚ ਵੰਡੇ ਗਏ। ਉਨ੍ਹਾਂ ਵਿਚੋਂ ਹਰ ਇਕ ਆਪਣੀ ਇੱਛਾ ਅਨੁਸਾਰ ਕਾਰਵਾਈਆਂ ਕਰਨ ਲੱਗਾ। 1739 ਵਿਚ ਨਾਦਰ ਸ਼ਾਹ ਦੀਆਂ ਫੌਜਾਂ ਦੀ ਵਾਪਸੀ ਸਮੇਂ ਇਨ੍ਹਾਂ ਨੇ ਫੇਰ ਰਲ ਕੇ ਕਾਰਵਾਈ ਕੀਤੀ। ਨਵਾਬ ਜ਼ਕਰੀਆ ਖਾਨ ਦੀ 1 ਜੁਲਾਈ 1745 ਨੂੰ ਮੌਤ, ਨਵਾਬ ਦੇ ਪੁੱਤਰਾਂ ਵਿਚਕਾਰ ਘਰੋਗੀ ਜੰਗ, ਲਾਹੌਰ ਦੇ ਨਵਾਬ ਵਜੋਂ ਯਾਹੀਆ ਖਾਨ ਦੀ ਨਿਯੁਕਤੀ ਵਿਚ ਦੇਰੀ ਅਤੇ 1748 ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹੱਲੇ ਨੇ ਪੰਜਾਬ ਵਿਚ ਸਿੱਖਾਂ ਵਾਸਤੇ ਸਾਜ਼ਗਾਰ ਮਾਹੌਲ ਪੈਦਾ ਕਰ ਦਿੱਤਾ। ਸਿੱਖਾਂ ਨੇ ਮਹਿਸੂਸ ਕੀਤਾ ਕਿ ਰਾਜਸੀ ਤਾਕਤ ਹਾਸਲ ਕਰਨ ਲਈ ਉਨ੍ਹਾਂ ਨੂੰ ਇਕ ਵੱਡਾ ਸਾਂਝਾ ਤੇ ਮਜ਼ਬੂਤ ਸੰਗਠਨ ਬਣਾਉਣਾ ਪਵੇਗਾ ਜਿਸ ਦੀ ਸਰਪ੍ਰਸਤੀ ਸਰਬੱਤ ਖਾਲਸਾ ਕਰੇਗਾ। 1745 ਵਿਚ ਜ਼ਕਰੀਆ ਖਾਨ ਦੀ ਮੌਤ ਤੋਂ ਬਾਅਦ ਇਸ ਸਬੰਧ ਵਿਚ ਕੁਝ ਕਾਰਵਾਈਆਂ ਕੀਤੀਆਂ ਗਈਆਂ ਸਨ ਪਰ ਦਲ ਖਾਲਸਾ ਨਾਂ ਦਾ ਨਵਾਂ ਸੰਗਠਨ 1748 ਵਿਚ ਹੀ ਹੋਂਦ ਵਿਚ ਆ ਸਕਿਆ ਜਦ ਉਸੇ ਸਾਲ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਵਿਖੇ ਇਸ ਬਾਰੇ ਗੁਰਮਤਾ ਪਾਸ ਕੀਤਾ ਗਿਆ। ਇਸ ਤੋਂ ਪਹਿਲਾਂ 65 ਛੋਟੇ ਦਸਤੇ ਸਨ। ਹੁਣ ਇਨ੍ਹਾਂ ਸਾਰੇ ਦਸਤਿਆਂ ਨੂੰ ਮਿਲਾ ਕੇ ਇਕ ਸੰਗਠਨ ਬਣਾ ਦਿੱਤਾ ਗਿਆ ਜਿਸ ਨੂੰ ਪ੍ਰਬੰਧਕੀ ਅਤੇ ਤਕਨੀਕੀ ਲਿਹਾਜ਼ ਨਾਲ ਯਾਰਾਂ ਵੱਡੇ ਦਲਾਂ ਵਿਚ ਵੰਡ ਦਿੱਤਾ ਗਿਆ। ਇਨ੍ਹਾਂ ਦੇ ਵੱਖ ਵੱਖ ਨਾਂ ਰੱਖੇ ਗਏ। ਇਨ੍ਹਾਂ ਦੇ ਆਪਣੇ ਆਪਣੇ ਝੰਡੇ ਸਨ। ਇਸੇ ਸੰਗਠਨ ਨੇ ਲੰਮੇ ਸਮੇਂ ਤੱਕ ਮੁਗ਼ਲਾਂ ਅਤੇ ਅਫ਼ਗਾਨਾਂ ਨਾਲ ਸੰਘਰਸ਼ ਕੀਤਾ ਅਤੇ ਅੰਤ ਵਿਚ 1765 ਵਿਚ ਪੰਜਾਬ ਤੇ ਸਿਆਸੀ ਸੱਤਾ ਹਾਸਲ ਕਰ ਲਈ।

ਦਲ ਖਾਲਸਾ ਸਿੱਖਾਂ ਦੀ ਸਥਾਈ ਕੌਮੀ ਸੈਨਾ ਸੀ ਜਿਸ ਦੀ ਬਣਤਰ ਇਸ ਤਰ੍ਹਾਂ ਸੀ। ਗੁਰੂ ਗੋਬਿੰਦ ਸਿੰਘ ਦੇ ਪੰਥ ਵਿਚ ਵਿਸ਼ਵਾਸ ਰੱਖਣ ਵਾਲਾ ਹਰ ਇਕ ਸਿੱਖ ਇਸ ਦਾ ਮੈਂਬਰ ਸੀ। ਹਰ ਇਕ ਸਿੱਖ ਲਈ ਇਹ ਜ਼ਰੂਰੀ ਸਮਝਿਆ ਗਿਆ ਕਿ ਉਹ ਖਾਲਸਾ ਫੌਜ ਵਿਚ ਭਰਤੀ ਹੋਵੇ ਤਾਂ ਜੋ ਖਾਲਸਾ ਪੰਥ ਦੇ ਦੋਖੀਆਂ ਅਤੇ ਕਾਤਲਾਂ ਵਿਰੁੱਧ

ਜੰਗ ਕੀਤੀ ਜਾ ਸਕੇ। ਇਸ ਲਈ ਅਜਿਹੇ ਸਾਰੇ ਸਿੱਖ ਜਿਹੜੇ ਘੋੜ-ਸਵਾਰੀ ਅਤੇ ਸ਼ਸਤਰ ਚਲਾਣਾ ਜਾਣਦੇ ਸਨ, ਦਲ ਖਾਲਸਾ ਦੇ ਕਿਸੇ ਇਕ ਯੂਨਿਟ ਵਿਚ ਸ਼ਾਮਿਲ ਹੋ ਜਾਂਦੇ। ਬਿਨਾਂ ਕਿਸੇ ਵਿਤਕਰੇ ਦੇ ਸਿੱਖ ਆਪਣੀ ਇੱਛਾ ਅਨੁਸਾਰ ਕਿਸੇ ਵੀ ਦਲ ਵਿਚ ਸ਼ਾਮਿਲ ਹੋ ਸਕਦੇ ਸਨ। ਦਲ ਖਾਲਸਾ ਦੇ ਸਾਰੇ ਮੈਂਬਰ ਵਲੰਟੀਅਰ ਸਨ। ਕਿਸੇ ਇਵਜ਼ਾਨੇ ਜਾਂ ਤਨਖਾਹ ਦੇ ਲਾਲਚ ਕਾਰਨ ਸਿੱਖ ਦਲ ਖਾਲਸਾ ਵਿਚ ਸ਼ਾਮਲ ਨਹੀਂ ਹੁੰਦੇ ਸਨ। ਉਨ੍ਹਾਂ ਦੀ ਸਾਂਝ ਦਾ ਕਾਰਨ ਸੀ ਸਾਂਝੀਆਂ ਸ਼ਿਕਾਇਤਾਂ, ਸਾਂਝੀਆਂ ਉਮੰਗਾਂ, ਸਾਂਝਾ ਦੁੱਖ, ਸਾਂਝੇ ਆਦਰਸ਼ਾਂ, ਸਾਂਝੀਆਂ ਮੁਹਿੰਮਾਂ ਅਤੇ ਸਾਂਝੇ ਧਰਮ ਦੇ ਬੰਧਨ। ਇਸ ਦਲ ਵਿਚ ਭਰਤੀ ਹੋਣ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਸੀ। ਆਲਾ ਸਿੰਘ ਅਬਦਾਲੀ ਨੂੰ ਦੱਸਦਾ ਹੈ ਕਿ ਜੇ ਇਕ ਸਿੱਖ ਮਰਦਾ ਹੈ ਤਾਂ ਦੋ ਹੋਰ ਉਸ ਦੀ ਥਾਂ ਲੈਣ ਵਾਸਤੇ ਆ ਜਾਂਦੇ ਹਨ। ਦੁਸ਼ਮਣਾਂ ਦੇ ਸ਼ਕਤੀਸਾਲੀ ਹੱਲੇ ਵੀ ਉਨ੍ਹਾਂ ਨੂੰ ਕੁਚਲ ਨਾ ਸਕੇ। ਦਲ ਖਾਲਸਾ ਦੀ ਕਮਾਨ ਇਕ ਜਥੇਦਾਰ ਪਾਸ ਹੁੰਦੀ ਜਿਸ ਦੀ ਚੋਣ ਸਰਬਤ ਖਾਲਸਾ ਦੇ ਸਮਾਗਮ ਦੌਰਾਨ ਚੋਣ ਰਾਹੀਂ ਹੁੰਦੀ। ਉਸ ਦੀ ਸਹਾਇਤਾ ਇਕ ਸਲਾਹਕਾਰ ਪਰਿਸ਼ਦ (ਜੰਗੀ ਪਰਿਸ਼ਦ) ਦੁਆਰਾ ਕੀਤੀ ਜਾਂਦੀ ਜਿਸ ਦੇ ਮੈਂਬਰ ਦਲ ਦੇ ਸਾਰੇ ਫੌਜੀ ਜਥਿਆਂ ਦੇ ਜਥੇਦਾਰ ਹੁੰਦੇ।

ਵੱਖ-ਵੱਖ ਜਥਿਆਂ ਦੇ ਜਥੇਦਾਰਾਂ ਨੂੰ ਆਪਣੇ ਦਲ ਦੇ ਮੈਂਬਰਾਂ ਉਤੇ ਪੂਰਾ ਅਖਤਿਆਰ ਨਹੀਂ ਹੁੰਦਾ ਸੀ। ਸਾਰੇ ਸਿੱਖ ਬਰਾਬਰ ਹੁੰਦੇ ਸਨ ਜਿਨ੍ਹਾਂ ਦਾ ਨਿਸ਼ਾਨਾ ਇਕ ਸੀ, ਜਿਹੜੇ ਇਕੋ ਪੰਥ ਦੇ ਸੇਵਕ ਸਨ ਅਤੇ ਸਾਰਿਆਂ ਦਾ ਰੁਤਬਾ ਸਰਬੱਤ ਖਾਲਸਾ ਦੇ ਮੈਂਬਰਾਂ ਵਜੋਂ ਇਕੋ ਸਮਾਨ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਖਤਿਆਰ ਸੀ ਕਿ ਉਹ ਦਲ ਖਾਲਸਾ ਅਧੀਨ ਕਿਸੇ ਵੀ ਜਥੇਦਾਰ ਅਧੀਨ ਆਪਣੀ ਇੱਛਾ ਨਾਲ ਰਹਿ ਸਕਦੇ ਸਨ। ਇਸ ਤੋਂ ਇਲਾਵਾ ਜਥੇਦਾਰ ਦੇ ਰਿਸ਼ਤੇਦਾਰ ਅਤੇ ਮਿੱਤਰ ਜਾਂ ਜਾਣਨ ਵਾਲੇ ਸ਼ਾਮਲ ਹੁੰਦੇ ਸਨ ਅਤੇ ਨਾਲ ਹੀ ਜਥੇਦਾਰ ਆਪਣੇ ਸਿਪਾਹੀਆਂ ਨਾਲ ਚੰਗੇ ਸਲੂਕ ਲਈ ਵੀ ਜਿੰਮੇਵਾਰ ਹੁੰਦੇ ਸਨ। ਪਰ ਦਲ ਖਾਲਸਾ ਦੇ ਸਾਰੇ ਮੈਂਬਰਾਂ ਦਾ ਸਮਾਨਤਾ ਵਾਲਾ ਵਿਵਹਾਰ ਦਲ ਦੇ ਅਨੁਸ਼ਾਸਨ ਉਤੇ, ਕੋਈ ਬੁਰਾ ਪ੍ਰਭਾਵ ਨਹੀਂ ਪਾਉਂਦਾ ਸੀ। ਇਸ ਦਾ ਕਾਰਨ ਇਹ ਸੀ ਕਿ ਉਹ ਆਪਣੇ ਜਥੇਦਾਰ ਦੇ ਹੁਕਮ ਦੀ ਪਾਲਣਾ ਆਪਣਾ ਧਾਰਮਿਕ ਫ਼ਰਜ਼ ਸਮਝਦੇ ਸਨ ਜਿਹੜਾ ਕਿ ਪੰਥ ਦੁਆਰਾ ਉਨ੍ਹਾਂ ਨੂੰ ਦਿੱਤਾ ਜਾਂਦਾ ਸੀ। ਪੰਥ ਉਨ੍ਹਾਂ ਲਈ ਗੁਰੂ ਰੂਪ ਸੀ। ਅਜਿਹੇ ਲੋਕਤੰਤਰ ਢਾਂਚੇ ਵਿਚ ਜੇ ਕਿਸੇ ਕੋਲੋਂ ਕੋਈ ਗ਼ਲਤੀ ਹੋ ਵੀ ਜਾਂਦੀ ਤਾਂ ਉਸ ਨੂੰ ਸਾਰੇ ਮਿਲ ਪੂਰੀ ਸ਼ਰਧਾ ਅਤੇ ਵਿਸ਼ਵਾਸ ਨਾਲ ਆਪਣੇ ਧਰਮ ਅਤੇ ਦੇਸ਼ ਪ੍ਰਤੀ ਪਿਆਰ ਸਦਕਾ ਸੋਧ ਲੈਂਦੇ।

ਕਈ ਗੱਲਾਂ ਵਿਚ ਦਲ ਖਾਲਸਾ ਗੁਰੂ ਸਾਹਿਬਾਨ ਅਤੇ ਬੰਦਾ ਸਿੰਘ ਦੀਆਂ ਫੌਜਾਂ ਨਾਲ ਮਿਲਦਾ-ਜੁਲਦਾ ਸੀ। ਇਸ ਦੇ ਸਿਪਾਹੀ ਧਾਰਮਿਕ ਜੋਸ਼ ਵਾਲੇ ਵਧੇਰੇ ਕਰਕੇ ਪੰਜਾਬ ਦੇ ਕਿਸਾਨ ਜੱਟ ਹੁੰਦੇ ਸਨ। ਪਹਿਲਾਂ ਵਾਂਗ ਹੀ ਪੈਦਲ ਫੌਜ ਅਤੇ ਤੋਪਖਾਨਾ ਘੱਟ ਸੀ। ਪੈਦਲ ਫੌਜ ਘਟੀਆ ਸਮਝੀ ਜਾਂਦੀ ਸੀ ਅਤੇ ਤੋਪਖਾਨਾ ਮਹਿੰਗਾ ਅਤੇ ਤਕਨੀਕੀ ਕਿਸਮ ਦਾ ਸੀ। ਪਰ ਹਵਾਲੇ ਅਧੀਨ ਸਮੇਂ ਦੇ ਦੌਰਾਨ ਕੁਝ ਵਿਕਾਸ ਹੋ ਰਿਹਾ ਸੀ ਜਿਸ ਕਾਰਨ ਖਾਲਸਾ ਫੌਜ ਦੀ ਬਣਤਰ ਵਿਚ ਅੰਤਰ ਆਇਆ। ਸਭ ਤੋਂ ਪਹਿਲੀ ਤਬਦੀਲੀ ਤਾਂ ਇਹ ਸੀ ਕਿ ਵਲੰਟੀਅਰ ਸਿਪਾਹੀਆਂ ਦੀ ਬਜਾਏ ਹੁਣ ਤਨਖਾਹ ਲੈਣ ਵਾਲੇ ਸਿਪਾਹੀ ਰੱਖੇ ਜਾਣ ਲੱਗੇ। ਇਸ ਦਾ ਆਰੰਭ ਇਵੇਂ ਹੋਇਆ ਕਿ ਜੰਗ ਦੌਰਾਨ ਪ੍ਰਾਪਤ ਕੀਤੇ ਗਏ ਲੁੱਟ ਦੇ ਮਾਲ ਦੇ ਕੁਝ ਹਿੱਸੇ ਨੂੰ ਸੰਭਾਲ ਕੇ ਰੱਖਣ ਦੀ ਆਗਿਆ ਦੇ ਦਿੱਤੀ ਗਈ। ਬਾਅਦ ਵਿਚ ਨਕਦ ਅਦਾਇਗੀ, ਜ਼ਮੀਨ ਦੇਣ ਅਤੇ ਫਸਲ ਦੇ ਮੌਕੇ ਜਿਣਸ ਰੂਪ ਵਿਚ ਮੁਆਵਜ਼ਾ ਦਿੱਤਾ ਜਾਣ ਲੱਗਾ। ਪ੍ਰਤੀਤ ਹੁੰਦਾ ਹੈ ਕਿ ਵਿਚਾਰ ਅਧੀਨ ਇਸ ਕਾਲ ਦੇ ਅੰਤਲੇ ਸਾਲਾਂ ਵਿਚ ਕਾਰਜ ਵਿਚ ਤੇਜੀ ਆਈ ਕਿਉਂਕਿ 1765 ਵਿਚ ਖਾਲਸਾ ਫੌਜ ਵਲੰਟੀਅਰਾਂ ਦੀ ਸੈਨਾ ਨਹੀਂ ਰਹਿ ਗਈ ਸੀ। ਮਾਲਵੇ ਵਿਚ ਇਹ ਤਬਦੀਲੀ ਪਹਿਲਾਂ ਅਤੇ ਅਠਾਰਵੀਂ ਸਦੀ ਦੇ ਦੂਜੇ ਦਹਾਕੇ ਵਿਚ ਹੀ ਆ ਗਈ ਸੀ ਕਿਉਂਕਿ ਮਹਾਰਾਜਾ ਆਲਾ ਸਿੰਘ ਨੇ ਆਪਣੀ ਰਿਆਸਤ ਕਾਇਮ ਕਰ ਲਈ ਸੀ। ਉਸ ਦੀ ਤਨਖਾਹਦਾਰ ਘੋੜਸਵਾਰ ਫੌਜ 7000 ਸੀ।

ਫੌਜ ਵਿਚ ਇਕ ਹੋਰ ਸੁਧਾਰ ਇਹ ਹੋਇਆ ਕਿ ਫੌਜਾਂ ਦਾ ਵੱਖ ਵੱਖ ਭਾਗਾਂ ਵਿਚ ਵਿਭਾਜਨ ਹੋ ਗਿਆ। ਪਹਿਲੇ ਸਮੇਂ ਦੇ ਯੂਨਿਟ ਇਤਨੇ ਛੋਟੇ ਹੁੰਦੇ ਸਨ ਉਨ੍ਹਾਂ ਤੋਂ ਵੱਖਰੇ ਤੌਰ ਤੇ ਕਿਸੇ ਮਹੱਤਵਪੂਰਨ ਸਫਲਤਾ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਦੇ ਉਲਟ ਦਲ ਖਾਲਸਾ ਦੇ ਯੂਨਿਟ ਉਨ੍ਹਾਂ ਯੂਨਿਟਾਂ ਤੋਂ ਬਹੁਤ ਜ਼ਿਆਦਾ ਸ਼ਕਤੀਸਾਲੀ ਸਨ ਅਤੇ ਅੱਜ ਕੱਲ੍ਹ ਦੇ ਬਿਰਗੇਡਾਂ ਵਾਂਗ ਉਨ੍ਹਾਂ ਨੂੰ ਵੀ ਲੋੜ ਪੈਣ ਤੇ ਵੱਖਰੀਆਂ ਮੁਹਿੰਮਾਂ ਸੌਂਪੀਆਂ ਜਾ ਸਕਦੀਆਂ ਸਨ। ਪਰ ਮਿਸਲਾਂ ਦੀ ਸਥਾਪਨਾ ਹੋ ਜਾਣ ਤੋਂ ਬਾਦ ਮੁਗਲਾਂ ਅਤੇ ਅਫ਼ਗਾਨਾਂ ਨਾਲ ਸੰਘਰਸ਼ ਸਮੇਂ ਕਾਇਮ ਹੋਏ ਵੱਡੇ ਪੈਮਾਨੇ ਦੇ ਡਵੀਜ਼ਨ ਨੂੰ ਤੋੜ ਦਿੱਤਾ ਗਿਆ।

ਇਸ ਤੋਂ ਇਲਾਵਾ ਫੌਜ ਤੇ ਨਿਯੰਤਰਨ ਕਰਨ ਵਾਲੇ ਵੀ ਤਬਦੀਲ ਹੋ ਗਏ। ਪਹਿਲਾਂ ਫੌਜ ਉਤੇ ਕੰਟਰੋਲ ਗੁਰੂ

ਸਾਹਿਬਾਨ ਦਾ ਜਾਂ ਬੰਦਾ ਸਿੰਘ ਦੇ ਰੂਪ ਵਿਚ ਗੁਰੂ ਸਾਹਿਬ ਦੁਆਰਾ ਨਿਯੁਕਤ ਕਿਸੇ ਹੋਰ ਵਿਅਕਤੀ ਦਾ ਹੁੰਦਾ ਸੀ। ਗੁਰੂ ਸਾਹਿਬ ਅਤੇ ਬੰਦਾ ਸਿੰਘ ਦੋਵੇਂ ਹੀ ਅਜਿਹੀਆਂ ਸ਼ਖਸੀਅਤਾਂ ਸਨ ਜਿਨ੍ਹਾਂ ਨੂੰ ਆਪਣੇ ਸ਼ਰਧਾਲੂਆਂ ਤੋਂ ਪੂਰਾ ਮਾਣ ਅਤੇ ਆਦਰ ਮਿਲਦਾ ਸੀ ਅਤੇ ਸਾਰੇ ਕਾਰ ਵਿਹਾਰ ਨੂੰ ਚਲਾਉਣ ਦੀ ਉਨ੍ਹਾਂ ਦੀ ਹੀ ਜ਼ਿੰਮੇਵਾਰੀ ਸੀ। ਪਰ ਉਹ ਸਦਾ ਇਹ ਕੋਸ਼ਿਸ਼ ਕਰਦੇ ਕਿ ਸਾਰੇ ਅਹਿਮ ਮਾਮਲਿਆਂ ਵਿਚ ਸਿਆਣੇ ਵਿਅਕਤੀਆਂ ਤੋਂ ਸਲਾਹ ਲੈਣ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਕੰਮ ਕਰਨ। ਪਰ ਇਸ ਸਮੇਂ ਦੇ ਹਾਲਾਤ ਕੁਝ ਵੱਖਰੇ ਹੀ ਸਨ। ਹਕੂਮਤ ਵੱਲੋਂ ਕੀਤੇ ਗਏ ਹਮਲਿਆਂ ਨੇ ਸਿੱਖਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਦੂਰ ਕਰ ਦਿੱਤਾ ਅਤੇ ਉਹ ਦੂਰ ਦਰਾਜ ਥਾਵਾਂ ਤੇ ਖਿੰਡ ਗਏ ਅਤੇ ਉਹ ਲੀਡਰ ਰਹਿਤ ਹੋ ਗਏ। ਕਿਸੇ ਇਕ ਨਿਸ਼ਚਿਤ ਲੀਡਰ ਦੀ ਅਣਹੋਂਦ ਕਾਰਨ ਸਾਰੇ ਹੀ ਲੀਡਰ ਬਣ ਗਏ। ਇਸ ਧਾਰਨਾ ਨੇ ਕਿ ਗੁਰੂ ਹਰ ਇਕ ਸਿੱਖ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ ਇਸ ਕਠਿਨ ਸਮੇਂ ਵਿਚ ਸਿੱਖ ਪੰਥ ਦੀ ਬੜੀ ਸਹਾਇਤਾ ਕੀਤੀ। ਸਾਲ ਵਿਚ ਇਕ ਜਾਂ ਦੋ ਵਾਰ ਅੰਮ੍ਰਿਤਸਰ ਵਿਖੇ ਸਰਬੱਤ ਖਾਲਸਾ ਦਾ ਦੀਵਾਨ ਹੁੰਦਾ ਜਿਥੇ ਸਰਬਸੰਮਤੀ ਨਾਲ ਗੁਰਮਤਾ ਪਾਸ ਕੀਤਾ ਜਾਂਦਾ ਸੀ।

ਪੰਥ ਸਾਹਮਣੇ ਦਰਪੇਸ਼ ਕਠਿਨਾਈਆਂ ਬਾਰੇ ਵਿਚਾਰ ਕਰਨ ਉਪਰੰਤ ਸਰਬ-ਸੰਮਤੀ ਨਾਲ ਗੁਰਮਤਾ ਪਾਸ ਕੀਤਾ ਜਾਂਦਾ। ਸਰਬੱਤ ਖਾਲਸਾ ਦੇ ਦੀਵਾਨ ਵਿਚ ਅਨੁਸ਼ਾਸਨ ਭੰਗ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਕੇ ਉਨ੍ਹਾਂ ਨੂੰ ਦੰਡ ਦਿੱਤਾ ਜਾਂਦਾ ਅਰਥਾਤ ਤਨਖਾਹ ਲਗਾਈ ਜਾਂਦੀ। ਸਰਬੱਤ ਖਾਲਸਾ ਪੂਰੀ ਬਰੀਕੀ ਅਤੇ ਵਿਸਤਾਰ ਨਾਲ ਹਰ ਤਰ੍ਹਾਂ ਦਾ ਕੰਟਰੋਲ ਨਹੀਂ ਕਰ ਸਕਦਾ ਸੀ। ਕੇਵਲ ਮੋਟੇ ਮੋਟੇ ਫੈਸਲੇ ਲਏ ਜਾਂਦੇ। ਇਨ੍ਹਾਂ ਦੀ ਪਾਲਣਾ ਦਲ ਦੇ ਪ੍ਰਮੁੱਖ ਜਥੇਦਾਰ ਅਤੇ ਉਸ ਦੇ ਸਲਾਹਕਾਰਾਂ ਤੇ ਛੱਡ ਦਿੱਤੀ ਜਾਂਦੀ। ਇਸ ਤਰ੍ਹਾਂ ਸਰਬੱਤ ਖਾਲਸਾ ਦਾ ਕੰਟਰੋਲ ਬਹੁਤਾ ਪ੍ਰਭਾਵਕਾਰੀ ਨਹੀਂ ਹੁੰਦਾ ਸੀ। ਇਸ ਲਈ ਲੰਮੇ ਸਮੇਂ ਤੱਕ ਸਾਰੇ ਪੰਥ ਵਿਚ ਕੇਂਦਰਕ੍ਰਿਤ ਏਕਤਾ ਨਾ ਰਹਿ ਸਕਦੀ।

ਇਸ ਸਮੇਂ ਦੌਰਾਨ ਖਾਲਸਾ ਸੈਨਾ ਦੀ ਸ਼ਕਤੀ ਵਿਚ ਬਹੁਤਾ ਵਾਧਾ ਹੋਇਆ। ਬੰਦਾ ਸਿੰਘ ਬਹਾਦਰ ਅਧੀਨ ਥੋੜ੍ਹੇ ਸਮੇਂ ਲਈ ਜਿਹੜੀ ਵੱਧ ਤੋਂ ਵੱਧ ਸੈਨਾ ਇਕੱਠੀ ਹੋਈ ਉਹ ਸਰਹਿੰਦ ਦੀ ਜੰਗ ਸਮੇਂ ਸੀ ਜਿਸ ਦੀ ਗਿਣਤੀ ਚਾਲੀ ਹਜ਼ਾਰ ਸੀ, ਵਰਨਾ ਆਮ ਤੌਰ ਤੇ ਫੌਜ ਦੀ ਨਫ਼ਰੀ ਇਸ ਤੋਂ ਕਾਫੀ ਥੋੜ੍ਹੀ ਯਾਨੀ ਦਸ ਵੀਹ ਹਜ਼ਾਰ ਤੱਕ ਹੀ ਹੁੰਦੀ ਸੀ ਪਰ ਵਿਚਾਰ ਅਧੀਨ ਸਮੇਂ ਦੌਰਾਨ, ਹਾਕਮਾਂ ਦੇ ਜ਼ੁਲਮ ਅਤੇ ਜ਼ਬਰ ਵਿਰੁੱਧ ਸਮੁੱਚਾ ਸਿੱਖ ਪੰਥ ਉਠ ਖੜੋਤਾ ਅਤੇ ਹਰ ਇਕ ਬੰਦਾ ਜਿਹੜਾ ਦਸਤਾਰ ਸਜਾਉਂਦਾ ਸੀ, ਸਿਪਾਹੀ ਬਣ ਗਿਆ। ਖਾਲਸਾ ਫੌਜ ਦੀ ਕੁੱਲ ਗਿਣਤੀ ਬਾਰੇ ਅੰਦਾਜ਼ਾ ਕੁਝ ਇਕ ਉਦਾਹਰਣ ਤੋਂ ਲਗਾਇਆ ਜਾ ਸਕਦਾ ਹੈ। 1764 ਵਿਚ ਸਰਹਿੰਦ ਦੀ ਜੰਗ ਸਮੇਂ ਖਾਲਸਾ ਫੌਜ ਦੀ ਨਫ਼ਰੀ (ਆਲਾ ਸਿੰਘ ਦੇ ਦਸਤੇ ਸਮੇਤ) ਗਿਆਨ ਸਿੰਘ ਅਨੁਸਾਰ 50,000 ਸੀ। ਫਾਰੈਸਟਰ ਅਨੁਸਾਰ ਅਕਤੂਬਰ 1762 ਵਿਚ ਅੰਮ੍ਰਿਤਸਰ ਵਿਖੇ ਹੋਈ ਜੰਗ ਵਿਚ ਦੁਰਾਨੀ ਨੂੰ ਹਰਾਉਣ ਵਾਲੀ ਖਾਲਸਾ ਫੌਜ ਦੀ ਗਿਣਤੀ 60,000 ਸੀ। 1764 ਵਿਚ ਗੰਗਾ ਦੁਆਬ ਤੇ ਅੱਧੀ ਖਾਲਸਾ ਫੌਜ ਨੇ ਹਮਲਾ ਕੀਤਾ ਜਿਸ ਦੀ ਗਿਣਤੀ 40,000 ਸੀ। ਸਾਰੀ ਖਾਲਸਾ ਫੌਜ ਇਕੋ ਸਮੇਂ ਕਾਰਵਾਈ ਨਹੀਂ ਕਰਦੀ ਸੀ। ਮੁਹਿੰਮਾਂ ਸਮੇਂ ਦਲ ਖਾਲਸਾ ਦੀਆਂ 11 ਯੂਨਿਟਾਂ ਜਾਂ ਤਾਂ ਇਕੱਲੇ ਜਾਂ ਕੁਝ ਇਕ ਲੋੜ ਅਨੁਸਾਰ ਮਿਲਕੇ ਕਾਰਵਾਈਆਂ ਕਰਦੀਆਂ ਸਨ। ਕਾਰਵਾਈਆਂ ਕਰਨ ਵਾਲੇ ਯੂਨਿਟਾਂ ਦਾ ਸਭ ਤੋਂ ਚੰਗਾ ਸੁਮੇਲ ਬੁੱਢਾ ਦਲ ਅਤੇ ਤਰੁਨਾ ਦਲ ਦਾ ਹੀ ਪੰਜ ਜਾਂ ਛੇ ਯੂਨਿਟਾਂ ਦੀ ਸਹਾਇਤਾ ਲੈਂਦੇ।

ਖਾਲਸਾ ਫੌਜ ਵਿਚ ਸਭ ਤੋਂ ਮਹੱਤਵਪੂਰਨ ਤਬਦੀਲੀ ਗੁਰੀਲਾ ਫੌਜ ਦੀ ਲੜਾਈ ਦਾ ਅਪਣਾਇਆ ਜਾਣਾ ਸੀ। ਆਪਣੇ ਤੋਂ ਵਡੇਰੀ ਮੁਗ਼ਲਾਂ ਅਤੇ ਅਫਗਾਨਾਂ ਦੀ ਸ਼ਕਤੀ ਨਾਲ ਟਾਕਰਾ ਕਰਨ ਲਈ ਸਿੱਖਾਂ ਨੇ ਲਗਭਗ ਅੱਧੀ ਸਦੀ ਤੱਕ ਕੀਤੇ ਘੋਲ ਦੀਆਂ ਲੋੜਾਂ ਅਨੁਸਾਰ ਲੁਕਵੇਂ ਢੰਗ ਨਾਲ ਜਾਂ ਬੇਤਰਤੀਬ ਲੜਾਈ ਦਾ ਢੰਗ ਅਪਣਾਉਣ ਲਈ ਮਜ਼ਬੂਰ ਹੋਣਾ ਪਿਆ। ਇਸ ਢੰਗ ਨਾਲ ਘੋਲ ਕਰਕੇ ਦਲ ਖਾਲਸਾ ਨੇ ਹੌਲੀ ਹੌਲੀ ਆਪਣੀ ਮੰਜ਼ਿਲ ਵੱਲ ਵਧ ਕੇ ਅੰਤ ਵਿਚ ਪੰਜਾਬ ਤੇ ਆਪਣਾ ਰਾਜ ਕਾਇਮ ਕਰ ਲਿਆ।

ਖਾਲਸਾ ਫੌਜ ਨੇ ਗੁਰੀਲਾ ਲੜਾਈ ਦਾ ਢੰਗ ਹਾਲਾਤ ਦੀ ਲੋੜ ਅਨੁਸਾਰ ਆਪਣੇ ਆਪ ਅਪਣਾ ਲਿਆ ਅਤੇ ਕਿਸੇ ਹੋਰ ਥਾਂ ਇਸ ਨੂੰ ਸਿੱਖਣ ਜਾਂ ਅਪਣਾਉਣ (ਰਾਜਪੂਤਾਂ ਅਥਵਾ ਮਰਹੱਟਿਆਂ ਤੋਂ ਸਿੱਖਣਾ) ਵਰਗੀ ਕੋਈ ਗੱਲ ਨਹੀਂ ਸੀ। ਸਿੱਖਾਂ ਨੂੰ ਇਹ ਢੰਗ ਮਜ਼ਬੂਰੀ ਕਾਰਨ ਅਪਣਾਉਣਾ ਪਿਆ ਜਦ ਉਨ੍ਹਾਂ ਪਾਸ ਹੋਰ ਕੋਈ ਚਾਰਾ ਨਾ ਰਿਹਾ।

18ਵੀਂ ਸਦੀ ਦੇ ਮੁੱਢਲੇ ਸਮੇਂ ਦੌਰਾਨ ਇਸ ਢੰਗ ਦੀ ਲੜਾਈ ਵਿਕਸਤ ਹੋਣ ਅਤੇ ਮਕਬੂਲ ਬਣਨ ਦੇ ਕਈ ਕਾਰਨ ਸਨ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਬੰਦਾ ਸਿੰਘ ਦੀ ਨਾਕਾਮੀ ਸੀ। ਹਾਲਾਂਕਿ ਉਸ ਨੇ ਮੁਗ਼ਲਾਂ ਉਤੇ ਕਈ ਜਿੱਤਾਂ ਹਾਸਲ ਕੀਤੀਆਂ ਪਰ ਉਹ ਸਾਰੀਆਂ ਸਾਜ਼ਗਾਰ ਹਾਲਾਤ ਅਧੀਨ ਹੋਈਆਂ ਅਰਥਾਤ ਜਾਂ ਤਾਂ ਉਸ ਸਮੇਂ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਦੂਰ ਦੱਖਣ ਵਿਚ ਗਿਆ ਹੋਇਆ ਸੀ ਜਾਂ ਫੇਰ 1712 ਵਿਚ ਉਸ ਦੀ ਮੌਤ ਤੋਂ ਤੁਰੰਤ ਬਾਦ

ਜਦੋਂ ਦਿੱਲੀ ਦੇ ਤਖਤ ਲਈ ਘਰੋਗੀ ਲੜਾਈ ਛਿੜ ਜਾਣ ਤੇ ਥੋੜ੍ਹੇ ਸਮੇਂ ਲਈ ਮੁਗ਼ਲ ਹਕੂਮਤ ਬਹੁਤ ਕਮਜ਼ੋਰ ਹੋ ਗਈ। ਬੰਦਾ ਸਿੰਘ ਮੁਗ਼ਲ ਹਕੂਮਤ ਨੂੰ ਇਕ ਜਬਰਦਸਤ ਝਟਕਾ ਦੇਣ ਵਿਚ ਹੀ ਸਫਲ ਹੋਇਆ। ਅੰਤ ਵਿਚ ਸਾਮਰਾਜਵਾਦੀ ਹਕੂਮਤ ਉਸ ਤੇ ਭਾਰੂ ਹੋ ਗਈ। ਸੈਂਕੜੇ ਸਾਥੀਆਂ ਸਹਿਤ ਉਸ ਨੂੰ ਗੁਰਦਾਸ ਨੰਗਲ (ਗੁਰਦਾਸਪੁਰ) ਤੋਂ ਪਕੜ ਕੇ ਜੰਜ਼ੀਰਾਂ ਵਿਚ ਜਕੜ ਕੇ ਦਿੱਲੀ ਲਿਆਂਦਾ ਗਿਆ ਅਤੇ 1716 ਵਿਚ ਉਨ੍ਹਾਂ ਨੂੰ ਜ਼ਾਲਮਾਨਾ ਢੰਗ ਨਾਲ ਕਤਲ ਕੀਤਾ। ਮੁਗ਼ਲ ਹਕੂਮਤ ਨੂੰ ਉਲਟਾਉਣ ਦਾ ਪਹਿਲਾ ਉਪਰਾਲਾ ਇਸ ਢੰਗ ਨਾਲ ਅਸਫਲ ਰਿਹਾ। ਇਸ ਨਾਕਾਮੀ ਤੋਂ ਬਾਦ ਇਹ ਮਹਿਸੂਸ ਕੀਤਾ ਗਿਆ ਕਿ ਖੁਲ੍ਹੀ ਅਤੇ ਘਮਸਾਨ ਦੀ ਲੜਾਈ ਵਿਚ ਸਿੱਖ ਸਾਮਰਾਜੀ ਤਾਕਤ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹਾਦਰ ਸ਼ਾਹ ਅਤੇ ਫਰੁਖਸ਼ੀਅਰ ਦੇ ਸਮੇਂ ਮੁਗ਼ਲ ਹਕੂਮਤ ਕਾਫ਼ੀ ਕਮਜ਼ੋਰ ਹੋ ਗਈ ਪਰ ਜ਼ਕਰੀਆ ਖਾਨ ਵਰਗੇ ਵਾਇਸਰਾਏ ਅਧੀਨ ਅਜੇ ਵੀ ਕਾਫ਼ੀ ਮਜ਼ਬੂਤ ਸੀ। ਬਕਾਇਦਾ ਜੰਗ ਲਈ ਸਿੱਖਾਂ ਨੂੰ ਅਸਮਰਥ ਬਣਾਉਣ ਵਾਲੀ ਦੂਜੀ ਵੱਡੀ ਕਮੀ ਸੀ ਤੋਪਖਾਨੇ ਦੀ ਅਣਹੋਂਦ। ਤੋੜੇ ਵਾਲੀਆਂ ਬੰਦੂਕਾਂ, ਤਲਵਾਰਾਂ ਅਤੇ ਬਹਾਦਰੀ ਦੀ ਕੋਈ ਕਮੀ ਨਹੀਂ ਸੀ। ਪਰ ਫੇਰ ਵੀ ਤੋਪਖਾਨੇ ਦੀ ਘਾਟ ਨੂੰ ਇਹ ਸਭ ਮਿਲਕੇ ਵੀ ਨਹੀਂ ਕਰ ਸਕਦੇ ਸਨ। ਇਸ ਦੇ ਉਲਟ ਮੁਗ਼ਲਾਂ ਪਾਸ ਬਹੁਤ ਚੰਗਾ ਤੋਪਖਾਨਾ ਸੀ।

ਨਵਾਬ ਜ਼ਕਰੀਆ ਖਾਨ ਦੀ ਲੁਕਣ-ਮੀਟੀ ਖੇਡਣ ਵਾਲੀ ਪਾਲਿਸੀ ਕਾਰਨ ਵੀ ਇਹ ਗੁਰੀਲਾ ਢੰਗ ਅਪਣਾਇਆ ਗਿਆ। ਉਹ ਕਦੇ ਤਾਂ ਤਸ਼ੱਦਦ ਤੇ ਉਤਰ ਆਉਂਦਾ ਅਤੇ ਕਦੇ ਨਰਮੀ ਦਾ ਰੁਖ਼ ਅਖਤਿਆਰ ਕਰ ਲੈਂਦਾ। ਉਸ ਨੇ ਸਿੱਖਾਂ ਦੇ ਦਮਨ ਲਈ ਵੱਡੇ ਪੈਮਾਨੇ ਤੇ ਉਪਰਾਲੇ ਕੀਤੇ। ਉਸ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ, ਵੱਡੇ ਪੈਮਾਨੇ ਤੇ ਮਰਦਾਂ, ਔਰਤਾਂ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰਨਾ, ਜਾਇਦਾਦ ਜ਼ਬਤ ਕਰਨਾ ਵੱਖ ਵੱਖ ਤਰੀਕਿਆਂ ਨਾਲ ਤਸੀਹੇ ਦੇ ਕੇ ਕਤਲ ਕਰਨਾ। ਹਕੂਮਤ ਦੀ ਇਸ ਪਾਲਿਸੀ ਨੂੰ ਅਮਲ ਵਿਚ ਲਿਆਉਣ ਲਈ ਗਸ਼ਤੀ ਦਸਤੇ ਤੈਨਾਤ ਕੀਤੇ ਗਏ ਜਿਨ੍ਹਾਂ ਦੀਆਂ ਕਾਰਵਾਈਆਂ ਕਾਰਨ ਸਿੱਖ ਆਪਣੇ ਘਰ-ਘਾਟ ਛੱਡ ਕੇ ਜੰਗਲਾਂ ਅਤੇ ਪਹਾੜਾਂ ਵੱਲ ਚਲੇ ਗਏ। ਉਨ੍ਹਾਂ ਵਿਚੋਂ ਹੌਸਲੇ ਵਾਲੇ ਕੁਝ ਇਕ ਨੇ ਉੜਨ ਦਸਤੇ ਬਣਾ ਲਏ ਜਿਨ੍ਹਾਂ ਨੇ ਕੁਝ ਹੀ ਸਾਲਾਂ ਵਿਚ ਆਪਣੇ ਹਮਲਿਆਂ ਅਤੇ ਕਾਰਵਾਈਆਂ ਸਦਕਾ ਹਕੂਮਤ ਦਾ ਕੰਮ ਇਕ ਢੰਗ ਨਾਲ ਠੱਪ ਕਰ ਦਿੱਤਾ। ਇਸ ਦੇ ਸਿੱਟੇ ਵਜੋਂ 1733 ਵਿਚ ਨਵਾਬ ਨੂੰ ਉਨ੍ਹਾਂ ਨਾਲ ਸੁਲਾਹ ਕਰਨੀ ਪਈ ਅਤੇ ਉਸ ਨੇ ਸਿੱਖਾਂ ਨੂੰ ਇਕ ਜਾਗੀਰ ਦੇਣ ਤੋਂ ਇਲਾਵਾ ਨਵਾਬ ਦਾ ਖਿਤਾਬ ਵੀ ਦਿੱਤਾ। ਸਿੱਖਾਂ ਨੂੰ ਇਸ ਢੰਗ ਨਾਲ ਖੁਸ਼ ਕਰਨ ਦੀ ਨਵਾਬ ਦੀ ਪਾਲਿਸੀ ਨੇ ਸਿੱਖਾਂ ਦੀ ਗੁਰੀਲਾ ਢੰਗ ਦੀ ਲੜਾਈ ਵਿਚ ਪ੍ਰਬੀਨਤਾ ਨੂੰ ਹੋਰ ਵਧਾ ਦਿੱਤਾ ਅਤੇ ਇਹ ਢੰਗ ਇਨ੍ਹਾਂ ਵਿਚ ਹੋਰ ਮਕਬੂਲ ਹੋ ਗਿਆ। 1735 ਵਿਚ ਜਾਗੀਰ ਵਾਪਸ ਲੈ ਲਈ ਗਈ ਅਤੇ ਤਸ਼ੱਦਦ ਤੇ ਜ਼ੁਲਮ ਦੀ ਕਾਰਵਾਈ ਫੇਰ ਆਰੰਭ ਹੋ ਗਈ। ਜ਼ੁਲਮ-ਜਬਰ ਦੀ ਇਹ ਲਹਿਰ ਕਾਮਯਾਬ ਨਾ ਹੋਈ ਤੇ ਇਕ ਵਾਰ ਫੇਰ ਸਿੱਖਾਂ ਨਾਲ ਨਰਮੀ ਵਾਲਾ ਸਲੂਕ ਕੀਤਾ ਜਾਣ ਲੱਗਾ। ਇਸ ਤੋਂ ਕੁਝ ਸਮੇਂ ਬਾਦ ਸੂਬੇਦਾਰ ਦੀ ਮੌਤ ਹੋ ਗਈ। ਇਸ ਤਰ੍ਹਾਂ ਗੁਰੀਲਾ ਜੰਗ ਇਕ ਤੋਂ ਵਧੇਰੇ ਮੌਕਿਆਂ ਤੇ ਬੜੀ ਸਫਲ ਸਾਬਤ ਹੋਈ ਜਿਸ ਦੇ ਨਤੀਜੇ ਵਜੋਂ ਸਰਕਾਰੀ ਵਧੇਰੇ ਚੰਗੀ ਫੌਜ ਨੂੰ ਵੀ ਸੁਲਾਹ ਵਾਲਾ ਰੁਖ ਅਪਣਾਉਣਾ ਪਿਆ। ਇਹ ਗੁਰੀਲਾ ਜੰਗ ਦੀ ਬਹੁਤ ਵੱਡੀ ਜਿੱਤ ਸਾਬਤ ਹੋਈ ਤੇ ਉਸ ਤੋਂ ਬਾਦ ਸਿੱਖਾਂ ਨੇ ਇਸ ਢੰਗ ਨੂੰ ਅਪਣਾ ਲਿਆ।

ਲੜਾਈ ਦਾ ਇਹ ਢੰਗ ਅਪਣਾਉਣ ਦਾ ਇਕ ਕਾਰਨ ਇਹ ਵੀ ਸੀ ਕਿ 1716 ਵਿਚ ਬੰਦਾ ਸਿੰਘ ਦੀ ਸ਼ਹੀਦੀ ਉਪਰੰਤ ਸਿੱਖ ਕੌਮ ਪਾਸ ਕੋਈ ਸਿਆਣਾ ਲੀਡਰ ਨਹੀਂ ਸੀ। ਉਨ੍ਹਾਂ ਪਾਸ ਕੋਈ ਅਜਿਹੀ ਕੇਂਦਰੀ ਸੰਸਥਾ ਵੀ ਨਹੀਂ ਸੀ ਜਿਹੜੀ ਉਨ੍ਹਾਂ ਨੂੰ ਅਜਿਹੇ ਕਠਿਨ ਸਮੇਂ ਵਿਚ ਭਾਰੀ ਔਕੜਾਂ ਸਮੇਂ ਜਥੇਬੰਦ ਕਰ ਸਕੇ ਅਤੇ ਉਨ੍ਹਾਂ ਨੂੰ ਅਗਵਾਈ ਦੇ ਸਕੇ ਅਤੇ ਨਾ ਹੀ ਉਨ੍ਹਾਂ ਕੋਲ ਬੰਦਾ ਸਿੰਘ ਬਹਾਦਰ ਵਰਗਾ ਸੂਝਵਾਨ ਅਤੇ ਬਹਾਦਰ ਜਰਨੈਲ ਹੀ ਸੀ ਜਿਹੜਾ ਉਕਤ ਕੇਂਦਰੀ ਜਥੇਬੰਦੀ ਦੀ ਥਾਂਵੇਂ ਉਨ੍ਹਾਂ ਨੂੰ ਅਗਵਾਈ ਦੇ ਸਕਦਾ। ਇਸ ਲਈ ਕੇਂਦਰੀ ਕੰਟਰੋਲ ਤੋਂ ਵਾਂਝੇ ਹੋ ਜਾਣ ਤੇ ਸਿੱਖਾਂ ਨੇ ਬਕਾਇਦਾ ਲੜਾਈ ਦਾ ਢੰਗ ਤਿਆਗ ਦਿੱਤਾ।

ਗੁਰੀਲਾ ਤਕਨੀਕ ਦਾ ਵਿਕਾਸ ਬਹੁਤ ਧੀਮਾ ਅਤੇ ਤਰਤੀਬਵਾਰ ਸੀ। 1716 ਤੋਂ 1721 ਦੇ ਸਮੇਂ ਦੌਰਾਨ ਸਿੱਖਾਂ ਵਲੋਂ ਹਕੂਮਤ ਵਿਰੁੱਧ ਕੋਈ ਕਾਰਵਾਈ ਨਾ ਹੋਈ। ਇਸ ਸਮੇਂ ਦੌਰਾਨ ਉਹ ਦਿੱਲੀ ਵਿਚ ਹੋਏ ਕਤਲੇਆਮ ਅਤੇ ਜ਼ੁਲਮ ਅਤੇ ਤਸ਼ੱਦਦ ਹੇਠ ਲਤਾੜੇ ਅਤੇ ਕ੍ਰੋਧ ਦੀ ਅੱਗ ਵਿਚ ਜਲਦੇ ਰਹੇ ਸਨ ਅਤੇ ਗੁੱਸੇ ਵਿਚ ਦੰਦ ਕਰੀਚ ਰਹੇ ਸਨ। ਐਪਰ 1721 ਵਿਚ ਗੁਰੂ ਗੋਬਿੰਦ ਸਿੰਘ ਦੀ ਧਰਮ ਪਤਨੀ ਮਾਤਾ ਸੁੰਦਰੀ ਵਲੋਂ ਹੌਸਲਾ ਬਣਾਉਣ ਤੇ ਉਨ੍ਹਾਂ ਦੀ ਪੀੜਾ ਕੁਝ ਸ਼ਾਂਤ ਹੋਈ। ਕੇਂਦਰੀ ਸੈਨਾ ਭੰਗ ਕਰ ਦਿੱਤੇ ਜਾਣ ਤੇ ਸਿੱਖਾਂ ਦੀਆਂ ਕਾਰਵਾਈਆਂ ਮਾਝੇ (ਕੇਂਦਰੀ ਪੰਜਾਬ, ਖਾਸ ਤੌਰ ਤੇ ਲਾਹੌਰ, ਅੰਮ੍ਰਿਤਸਰ ਦੇ ਜ਼ਿਲ੍ਹੇ) ਵਿਚ ਆਰੰਭ ਹੋ ਗਈਆਂ। ਇਸ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਸਾਰੇ ਕਰਮਚਾਰੀਆਂ ਸਮੇਤ ਸਾਰੀ ਫੌਜ ਨੂੰ ਸਿੱਖਾਂ ਦੇ ਖਾਤਮੇ ਤੇ ਲਾ ਦਿੱਤਾ। ਇਨ੍ਹਾਂ ਨੇ ਸਿੱਖਾਂ ਨੂੰ ਸ਼ਿਵਾਲਕ

ਪਹਾੜੀਆਂ, ਲੱਖੀ ਜੰਗਲਾਂ ਅਤੇ ਕਾਹਨੂਵਾਨ ਦੇ ਜੰਗਲਾ ਵਰਗੇ ਦੂਰ-ਦੁਰਾਡੇ ਇਲਾਕਿਆਂ ਵੱਲ ਧੱਕ ਦਿੱਤਾ। ਇਥੇ ਪੁੱਜ ਕੇ ਸਿੱਖਾਂ ਨੇ ਆਪਣੇ ਛੋਟੇ ਛੋਟੇ ਦਸਤੇ ਬਣਾ ਲਏ ਜਿਹੜੇ ਸਰਕਾਰੀ ਖਜ਼ਾਨੇ ਲੁੱਟਦੇ, ਬਦਨਾਮ ਸਰਕਾਰੀ ਕਾਰਕੁੰਨਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵਿਰੁੱਧ ਕਾਰਵਾਈ ਕਰਦੇ। ਜਿਸ ਦੇ ਨਤੀਜੇ ਵਜੋਂ ਹਕੂਮਤ ਨੂੰ ਉਨ੍ਹਾਂ ਨਾਲ ਕਈ ਵਾਰ ਸੁਲਾਹ ਕਰਨੀ ਪਈ।

1745 ਵਿਚ ਨਵਾਬ ਜ਼ਕਰੀਆ ਖਾਨ ਦੀ ਮੌਤ ਹੋ ਜਾਣ ਤੇ ਪੰਜਾਬ ਵਿਚੋਂ ਮੁਗ਼ਲ ਹਕੂਮਤ ਦੇ ਪੈਰ ਉਖੜ ਗਏ। ਨਵਾਬ ਦੇ ਪੁੱਤਰਾਂ ਯਾਹੀਆ ਖਾਨ ਅਤੇ ਸ਼ਾਹ ਨਵਾਜ਼ ਖਾਨ ਦਰਮਿਆਨ, ਘਰੇਲੂ ਲੜਾਈ ਲਾਹੌਰ ਦੇ ਸੂਬੇਦਾਰ ਅਤੇ ਦਿੱਲੀ ਦੀ ਹਕੂਮਤ ਦੇ ਕਠੋਰ ਰਵੱਈਏ ਅਤੇ 1747-48 ਅਤੇ 1748-49 ਅਤੇ 1751-52 ਦੇ ਅਫ਼ਗਾਨਾਂ ਦੇ ਹਮਲਿਆਂ ਨੇ ਮੁਗ਼ਲ ਹਕੂਮਤ ਨੂੰ ਕਮਜ਼ੋਰ ਕਰ ਦਿੱਤਾ ਜਿਸ ਕਾਰਨ ਪੰਜਾਬ ਅਫ਼ਗਾਨ ਸਲਤਨਤ ਦਾ ਹਿੱਸਾ ਬਣ ਗਿਆ। ਅਜਿਹੀ ਸਥਿਤੀ ਤੋਂ ਲਾਭ ਉਠਾਉਂਦੇ ਹੋਏ ਸਿੱਖਾਂ ਨੇ 1748 ਵਿਚ ਖਿਲਰੇ ਹੋਏ ਜਥਿਆਂ ਨੂੰ ਸੰਗਠਿਤ ਕਰਕੇ ਇਕ ਜਥੇਬੰਦੀ ਕਾਇਮ ਕਰ ਲਈ। ਦਲ ਖਾਲਸਾ ਦੇ ਰੂਪ ਵਿਚ ਜਥੇਬੰਦ ਹੋ ਕੇ ਉਨ੍ਹਾਂ ਦੀ ਸ਼ਕਤੀ ਅਤੇ ਆਤਮ-ਵਿਸ਼ਵਾਸ ਵਿਚ ਚੌਖਾ ਵਾਧਾ ਹੋਇਆ ਅਤੇ ਉਨ੍ਹਾਂ ਨੇ ਵੱਡੇ ਪੈਮਾਨੇ ਤੇ ਆਪਣੀਆਂ ਕਾਰਵਾਈਆਂ ਆਰੰਭ ਕਰ ਦਿੱਤੀਆਂ। ਕਈ ਵਾਰ ਉਨ੍ਹਾਂ ਦਾ ਕਾਫੀ ਨੁਕਸਾਨ ਵੀ ਹੋਇਆ ਜਿਵੇਂ ਕਿ 1746 ਦੇ ਪਹਿਲੇ ਘੱਲੂਘਾਰੇ ਸਮੇਂ ਅਤੇ 1753 ਵਿਚ ਮੀਰ ਮੰਨੂੰ ਨੇ ਵੱਡੇ ਪੈਮਾਨੇ ਤੇ ਉਨ੍ਹਾਂ ਦਾ ਕਤਲੇਆਮ ਕੀਤਾ। ਪਰ ਇਸ ਸਭ ਕੁਝ ਦੀ ਪਰਵਾਹ ਨਾ ਕਰਦੇ ਹੋਏ ਉਨ੍ਹਾਂ ਨੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਅਤੇ ਆਪਣੇ ਦੁਸ਼ਮਣਾਂ ਨੂੰ ਸੋਧਦੇ ਰਹੇ ਅਤੇ ਅੰਤ ਵਿਚ ਆਪਣੇ ਦੇਸ਼ ਨੂੰ ਜ਼ਾਲਮਾਂ ਦੇ ਜੂਲੇ ਤੋਂ ਆਜ਼ਾਦ ਕਰਵਾ ਲਿਆ। ਮੀਰ ਮੰਨੂੰ ਨੂੰ ਆਰੰਭ ਵਿਚ ਪੇਸ਼ ਆਈਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਦੀਵਾਨ ਕੌੜਾ ਮੱਲ ਦੀ ਸਲਾਹ ਨਾਲ ਸਿੱਖਾਂ ਦੀ ਸਹਾਇਤਾ ਲੈਣੀ ਪਈ। ਇਸ ਦੌਰਾਨ ਸਿੱਖਾਂ ਨੂੰ ਮੁਗ਼ਲ ਹਕੂਮਤ ਦੀ ਅੰਦਰੂਨੀ ਕਾਰਜ ਪ੍ਰਣਾਲੀ ਦੀ ਨਜਦੀਕ ਤੋਂ ਘੋਖ ਕਰਨ ਦਾ ਸੁਨਹਿਰੀ ਮੌਕਾ ਮਿਲ ਗਿਆ ਜਿਸ ਕਾਰਨ ਉਹ ਹਕੂਮਤ ਦੇ ਹਮਲਿਆਂ ਤੋਂ ਬਾਦ ਵਿਚ ਆਪਣੇ ਆਪ ਨੂੰ ਕਾਫੀ ਹੱਦ ਤੱਕ ਬਚਾ ਸਕਣ ਵਿਚ ਕਾਮਯਾਬ ਨਾ ਹੋ ਸਕੇ।

1745 ਤੋਂ 1765 ਦੇ ਸਮੇਂ ਦੌਰਾਨ ਗੁਰੀਲਾ ਤਕਨੀਕ ਆਪਣੀ ਸਿਖਰ ਤੇ ਪੁੱਜੀ ਹੋਈ ਸੀ। ਇਸ ਸਮੇਂ ਦੌਰਾਨ ਪੰਜਾਬ ਵਿਚ ਆਪਣੀ ਹਕੂਮਤ ਕਾਇਮ ਕਰਨ ਲਈ ਅਹਿਮਦ ਸ਼ਾਹ ਅਬਦਾਲੀ ਨੇ ਕਈ ਹੱਲੇ ਕੀਤੇ। ਸਿੱਖਾਂ ਨੇ ਉਸ ਦੀਆਂ ਸਾਰੀਆਂ ਵਿਉਂਤਾਂ ਨੂੰ ਬੇਕਾਰ ਕਰ ਦੇਣ ਦਾ ਦ੍ਰਿੜ ਨਿਸ਼ਚਾ ਧਾਰਿਆ ਹੋਇਆ ਸੀ ਜਿਸ ਵਾਸਤੇ ਉਨ੍ਹਾਂ ਨੇ ਗੁਰੀਲਾ ਤਕਨੀਕ ਨੂੰ ਅਪਣਾਇਆ। ਹਰ ਇਕ ਵਿਦੇਸ਼ੀ ਹਮਲੇ ਵਿਰੁੱਧ ਉਨ੍ਹਾਂ ਨੇ ਅਨੇਕ ਢੰਗਾਂ ਨਾਲ ਕਾਰਵਾਈਆਂ ਕੀਤੀਆਂ ਜਿਵੇਂ ਦੁਸ਼ਮਣ ਦੀ ਸਪਲਾਈ ਲਾਈਨ ਕੱਟ ਦੇਣਾ, ਉਸ ਦਾ ਮਾਲ ਅਸਬਾਬ ਲੁੱਟਣਾ, ਦੁਸ਼ਮਣ ਅਤੇ ਟੁਕੜੀਆਂ ਤੇ ਉਸ ਦੀ ਫੌਜ ਦੇ ਪਿਛਲੇ ਅਤੇ ਅਗਲੇ ਹਿੱਸੇ ਤੇ ਹੱਲੇ ਕਰਨਾ, ਫੌਜ ਤੇ ਅੱਗੇ ਜਾਂਦੀਆਂ ਟੁਕੜੀਆਂ ਤੇ ਹੱਲੇ ਕਰਨਾ, ਲਗਾਤਾਰ ਦੁਸ਼ਮਣ ਦੀ ਫੌਜ ਦੇ ਆਲੇ-ਦੁਆਲੇ ਮੰਡਰਾਂਦੇ ਰਹਿਣਾ, ਪੜਾਅ ਸਮੇਂ ਅਤੇ ਮਾਰਚ ਸਮੇਂ ਉਨ੍ਹਾਂ ਨੂੰ ਤੰਗ ਕਰਨਾ, ਵਾਪਸੀ ਸਮੇਂ ਉਨ੍ਹਾਂ ਦਾ ਪਿੱਛਾ ਕਰਨਾ, ਵੱਖਰੀਆਂ ਹੋਈਆਂ ਟੁਕੜੀਆਂ ਤੇ ਹੱਲਾ ਕਰਨਾ, ਦਰਿਆਵਾਂ ਦੇ ਪੱਤਣਾਂ ਤੇ ਰੁਕਾਵਟਾਂ ਖੜੀਆਂ ਕਰ ਦੇਣਾ ਅਤੇ ਲਗਾਤਾਰ ਛੋਟੀਆਂ ਮੋਟੀਆਂ ਲੜਾਈਆਂ ਕਰਦੇ ਰਹਿਣਾ ਆਦਿ। ਸਿੱਖ ਹਮੇਸ਼ਾ ਵਿਦੇਸ਼ੀਆਂ ਨਾਲ ਘਮਸਾਨ ਅਤੇ ਬਕਾਇਦਾ ਲੜਾਈ ਤੋਂ ਬਚਦੇ। ਪਰ ਉਹ ਦੁਸ਼ਮਣ ਦੀ ਫੌਜ ਦੇ ਮੁੱਖ ਹਿੱਸੇ ਤੇ ਹਮਲੇ ਤੋਂ ਵੀ ਗੁਰੇਜ਼ ਨਾ ਕਰਦੇ ਪਰ ਅਜਿਹਾ ਕਰਨ ਸਮੇਂ ਉਹ ਪੂਰੀ ਤਰ੍ਹਾਂ ਸੁਚੇਤ ਰਹਿੰਦੇ ਅਤੇ ਦੁਸ਼ਮਣ ਦੇ ਸੰਭਲਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦੇ। ਸਿੱਖਾਂ ਦੀ ਵੀਰਤਾ ਦੀਆਂ ਅਜਿਹੀਆਂ ਸਭ ਤੋਂ ਚੰਗੀਆਂ ਮਿਸਾਲਾਂ ਅਬਦਾਲੀ ਦੇ ਆਖਰੀ ਤਿੰਨ ਹਮਲਿਆਂ ਸਮੇਂ ਮਿਲਦੀਆਂ ਹਨ। ਜਿਨ੍ਹਾਂ ਦੌਰਾਨ ਸਿੱਖਾਂ ਦੇ ਵਿਰੋਧ ਕਾਰਨ 1764 ਵਿਚ ਉਸ ਨੂੰ ਲਾਹੌਰ ਤੋਂ ਮੁੜਨਾ ਪਿਆ। 1764 ਵਿਚ ਉਸ ਨੂੰ ਸਰਹਿੰਦ ਤੋਂ ਪਰਤ ਜਾਣਾ ਪਿਆ ਅਤੇ 1766 ਵਿਚ ਉਹ ਅੰਬਾਲੇ ਤੋਂ ਅੱਗੇ ਨਾ ਵਧ ਸਕਿਆ, ਜਦ ਕਿ ਹਰ ਵਾਰ ਉਹ ਇਹ ਸੋਚ ਕੇ ਆਉਂਦਾ ਸੀ ਕਿ ਦਿੱਲੀ ਤੱਕ ਮਾਰ ਕਰੇਗਾ।

ਸਿੱਖਾਂ ਦੀ ਜੰਗੀ ਤਕਨੀਕ ਦਾ ਇਕ ਮੁੱਖ ਪਹਿਲੂ ਇਹ ਸੀ ਕਿ ਉਹ ਅਫ਼ਗਾਨ ਹਮਲਾਵਰ ਦੀ ਵਾਪਸੀ ਤੋਂ ਬਾਅਦ ਉਸ ਦੇ ਹਾਕਮਾਂ, ਨੌਕਰਾਂ, ਹਮਾਇਤੀਆਂ ਅਤੇ ਹਮਦਰਦਾਂ ਵਿਰੁੱਧ ਬਹੁਤ ਤੇਜ਼ੀ ਨਾਲ ਕਾਰਵਾਈ ਕਰਦੇ। ਉਨ੍ਹਾਂ ਵਿਰੁੱਧ ਵੱਡੇ ਪੈਮਾਨੇ ਤੇ ਕਾਰਵਾਈ ਕੀਤੀ ਜਾਂਦੀ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਕੇ ਹੀ ਦਮ ਲਿਆ ਜਾਂਦਾ। ਜਦੋਂ ਉਨ੍ਹਾਂ ਨੂੰ ਇਹ ਕੰਮ ਬਹੁਤ ਕਠਿਨ ਲਗਦਾ ਤਾਂ ਉਹ ਉਨ੍ਹਾਂ ਨਾਲ ਸੁਲਾਹ ਕਰ ਲੈਂਦੇ ਜਿਵੇਂ ਕਿ ਉਨ੍ਹਾਂ ਨੇ 1757 ਵਿਚ ਅਦੀਨਾ ਬੇਗ ਅਤੇ 1758 ਵਿਚ ਮਰਹੱਟਿਆਂ ਨਾਲ ਕੀਤੀ। ਪੰਜਾਬ ਅੰਦਰ ਅਫ਼ਗਾਨਾਂ ਦੀ

ਤਾਕਤ ਦੇ ਮੁੱਖ ਕੇਂਦਰ ਲਾਹੌਰ, ਜਲੰਧਰ, ਸਰਹਿੰਦ ਆਦਿ ਸਿੱਖਾਂ ਦੇ ਹਮਲਿਆਂ ਦਾ ਮੁੱਖ ਨਿਸ਼ਾਨਾ ਬਣਦੇ। ਸਿੱਖ ਹਮਲੇ ਤੋਂ ਤੁਰੰਤ ਬਾਦ ਦੁਬਾਰਾ ਆਪਣੀ ਥਾਂ ਤੇ ਆ ਕਾਬਜ਼ ਹੁੰਦੇ। ਇਸ ਤਰ੍ਹਾਂ ਉਨ੍ਹਾਂ ਨੇ ਅਫ਼ਗਾਨ ਹਕੂਮਤ ਨੂੰ ਪੰਜਾਬ ਅੰਦਰ ਆਪਣੀਆਂ ਜੜ੍ਹਾਂ ਨਾ ਜਮਾਣ ਦਿੱਤੀਆਂ।

ਮੁਗ਼ਲਾਂ ਅਤੇ ਅਫ਼ਗਾਨਾਂ ਵਿਰੁੱਧ ਲੰਮੇ ਰਾਜਸੀ ਘੋਲ ਵਿਚ ਸਿੱਖਾਂ ਦੀਆਂ ਸ਼ਾਨਦਾਰ ਕਾਮਯਾਬੀਆਂ ਦਾ ਮੁੱਖ ਕਾਰਨ ਉਨ੍ਹਾਂ ਦੀ ਗੁਰੀਲਾ ਜੰਗੀ ਤਕਨੀਕ ਸੀ। ਜੇਕਰ ਉਹ ਇਹ ਤਕਨੀਕ ਨਾ ਅਪਣਾਂਦੇ ਤਾਂ ਉਹ ਪੰਜਾਬ ਉਤੇ ਆਪਣਾ ਰਾਜ ਕਾਇਮ ਕਰਨ ਵਿਚ ਸਫਲ ਨਾ ਹੁੰਦੇ। ਸਿੱਖਾਂ ਦੀ ਗੁਰੀਲਾ ਤਕਨੀਕ ਕਾਮਯਾਬ ਵੀ ਹੋਈ ਕਿਉਂਕਿ ਹਾਲਾਤ ਹੀ ਅਜਿਹੇ ਸਨ ਕਿ ਕੋਈ ਹੋਰ ਢੰਗ ਅਪਣਾਉਣਾ ਠੀਕ ਵੀ ਨਹੀਂ ਸੀ। ਸਿੱਖਾਂ ਕੋਲ ਸ਼ਿਵਾਲਕ ਪਹਾੜੀਆਂ ਲੱਖੀ ਜੰਗਲ ਅਤੇ ਦਲਦਲ ਇਲਾਕਾ ਅਜਿਹੀਆਂ ਥਾਂਵਾਂ ਸਨ ਜਿਥੇ ਦੁਸ਼ਮਣਾਂ ਦਾ ਪਹੁੰਚ ਸਕਣਾ ਮੁਸ਼ਕਲ ਸੀ। ਇਲਾਕੇ ਦੇ ਲੋਕਾਂ ਦੀ ਉਨ੍ਹਾਂ ਨਾਲ ਪੂਰੀ ਹਮਦਰਦੀ ਸੀ। ਲੋਕਾਂ ਦੀ ਹਮਦਰਦੀ ਹਾਸਲ ਕਰਨ ਲਈ ਲਗਾਤਾਰ ਯਤਨ ਕੀਤੇ ਜਾਂਦੇ। ਪਰ ਲੋਕਾਂ ਦੀ ਹਮਦਰਦੀ ਅਤੇ ਓਨ੍ਹਾਂ ਪ੍ਰਤੀ ਹਿੱਤ ਨੂੰ ਪ੍ਰਗਟ ਨਹੀਂ ਕੀਤਾ ਜਾਂਦਾ ਸੀ ਤਾਂ ਜੋ ਦੁਸ਼ਮਣ ਉਨ੍ਹਾਂ ਲੋਕਾਂ ਤੇ ਆਪਣਾ ਗੁੱਸਾ ਨਾ ਕੱਢੇ। ਲਗਭਗ ਸਾਰੀ ਗੈਰ-ਮੁਸਲਮਾਨੀ ਆਬਾਦੀ ਦੀ ਹਮਦਰਦੀ ਉਨ੍ਹਾਂ ਨਾਲ ਸੀ। ਉਹ ਲੋਕ ਦੁਸ਼ਮਣਾਂ ਪਾਸੋਂ ਉਨ੍ਹਾਂ ਦੀ ਹਰਕਤ ਨੂੰ ਨਾ ਕੇਵਲ ਲੁਕਾਂਦੇ ਬਲਕਿ ਲੋੜ ਪੈਣ ਤੇ ਉਨ੍ਹਾਂ ਨੂੰ ਸ਼ਰਨ ਵੀ ਦਿੰਦੇ। ਮੁਸਲਮਾਨ ਆਬਾਦੀ ਉਨ੍ਹਾਂ ਪ੍ਰਤੀ ਬਿਲਕੁਲ ਹਮਦਰਦ ਨਹੀਂ ਸੀ ਕਿਉਂਕਿ ਉਹ ਸਿੱਖਾਂ ਤੋਂ ਡਰਦੀ ਸੀ ਇਸ ਲਈ ਉਨ੍ਹਾ ਵਿਰੁੱਧ ਕੁਝ ਵੀ ਕਰਨ ਤੋਂ ਡਰਦੀ ਸੀ ਕਿ ਬਾਅਦ ਵਿਚ ਉਹ ਉਸਦਾ ਬਦਲਾ ਲੈਣਗੇ। ਸਿੱਖਾਂ ਵਿਚ ਫੁਰਤੀ ਬਰਦਾਸ਼ਤ ਅਤੇ ਹਰ ਥਾਂ ਪੁਜ ਜਾਣ ਦੀ ਸਮਰੱਥਾ ਦੇ ਗੁਣ ਦਾ ਮਾਦਾ ਕੁੱਟ-ਕੁੱਟ ਕੇ ਭਰੇ ਹੋਏ ਸਨ। ਉਹ ਥੋੜ੍ਹੇ ਜਿਹੇ ਭੁਜੇ ਹੋਏ ਛੋਲੇ ਖਾ ਕੇ ਇਕ ਵਾਰ ਵਿਚ 20 ਤੋਂ 30 ਮੀਲ ਤੱਕ ਮਾਰਚ ਕਰ ਸਕਦੇ ਸਨ। ਉਨ੍ਹਾਂ ਪਾਸ ਤੰਬੂ ਜਾਂ ਹੋਰ ਕੋਈ ਲੰਬਾ ਚੌੜਾ ਸਮਾਨ ਨਹੀਂ ਹੁੰਦਾ ਸੀ। ਹਥਿਆਰਾਂ ਤੋਂ ਇਲਾਵਾ ਸਿੱਖ ਸਿਪਾਹੀ ਪਾਸ ਘੋੜੇ ਦਾ ਸਾਜ਼ੋ-ਸਮਾਨ, ਖਾਣਾ ਪਕਾਉਣ ਦੇ ਬਹੁਤ ਸਾਦਾ ਥੋੜ੍ਹੇ ਜਿਹੇ ਬਰਤਨ ਅਤੇ ਦੋ ਕੰਬਲ ਇਕ ਉਸਦਾ ਆਪਣਾ ਅਤੇ ਦੂਜਾ ਉਸਦੇ ਘੋੜੇ ਦਾ ਹੁੰਦਾ ਸੀ। ਹਲ ਵਾਹ-ਵਾਹ ਕੇ ਹਾਸਲ ਕੀਤਾ ਹੋਇਆ ਬਰਦਾਸ਼ਤ ਦਾ ਮਾਦਾ, ਸਿੱਖਾਂ: ਨੂੰ ਅਜਿਹੇ ਮੌਕੇ ਬਹੁਤ ਕੰਮ ਆਉਂਦਾ। ਖਾਣ-ਪੀਣ ਲਈ ਉਨ੍ਹਾਂ ਕੋਲ ਕੁਝ ਨਾ ਹੁੰਦਾ ਅਤੇ ਉਨ੍ਹਾਂ ਦੇ ਦੁੱਖਾਂ ਅਤੇ ਪੀੜਾਂ ਦੀ ਇੰਤਹਾ ਨੇ ਉਨ੍ਹਾਂ ਵਿਚ ਖੁਸ਼ੀ ਦਾ ਅਹਿਸਾਸ ਖਤਮ ਕਰ ਦਿੱਤਾ। ਉਨ੍ਹਾਂ ਕੋਲ ਬਹੁਤ ਥੋੜ੍ਹੇ ਕੱਪੜੇ ਅਤੇ ਬਹੁਤ ਥੋੜ੍ਹਾ ਜ਼ਰਾ-ਬਖਤਰ ਹੁੰਦਾ। ਉਨ੍ਹਾਂ ਦੀ ਫੁਰਤੀ ਅਤੇ ਨਫ਼ਰੀ ਕਾਰਨ ਦੁਸ਼ਮਣ ਪ੍ਰੇਸ਼ਾਨ ਹੋ ਜਾਂਦਾ। ਉਨ੍ਹਾਂ ਤੇ ਕਿਤਨੇ ਜ਼ਬਰਦਸਤ ਹਮਲੇ ਹੋਏ (1746 ਅਤੇ 1762 ਦੇ ਘੱਲੂਘਾਰੇ) ਪਰ ਉਨ੍ਹਾਂ ਨੂੰ ਸੰਭਲਣ ਵਿਚ ਦੇਰੀ ਨਹੀਂ ਲਗਦੀ ਸੀ ਅਤੇ ਦੁਸ਼ਮਣ ਦੇ ਪਰਤ ਜਾਣ ਤੋਂ ਤੁਰੰਤ ਬਾਦ ਅਤੇ ਬਹੁਤ ਤੇਜ਼ੀ ਨਾਲ ਉਹ ਆਪਣੀ ਪਹਿਲੀ ਸਥਿਤੀ ਵਿਚ ਆ ਜਾਂਦੇ ਅਤੇ ਕਈ ਵਾਰ ਤਾਂ ਦੁਸ਼ਮਣ ਦੇ ਵੇਖਦੇ ਵੇਖਦੇ ਉਹ ਅੰਮ੍ਰਿਤਸਰ ਵਿਚ ਇਕੱਤਰ ਹੁੰਦੇ ਅਤੇ ਗੁਰਮਤਾ ਸੋਧ ਕੇ ਬਿਜਲੀ ਦੀ ਤੇਜ਼ੀ ਨਾਲ ਸਾਰੇ ਇਲਾਕੇ ਵਿਚ ਫੈਲ ਜਾਂਦੇ। ਇਲਾਕੇ ਵਿਚ ਮੁਹਿੰਮ ਦੌਰਾਨ ਉਨ੍ਹਾਂ ਨੂੰ ਕਿਸੇ ਸਪਲਾਈ ਲਾਈਨ ਦੀ ਪਰਵਾਹ ਨਹੀਂ ਸੀ ਹੁੰਦੀ ਜਿਥੇ ਵੀ ਉਹ ਹੁੰਦੇ ਉਥੋਂ ਆਪਣਾ ਭੋਜਨ ਆਦਿ ਪ੍ਰਾਪਤ ਕਰ ਲੈਂਦੇ। ਇਸ ਲਈ ਕਿਸੇ ਕੇਂਦਰੀ ਥਾਂ ਤੋਂ ਉਨ੍ਹਾਂ ਦੀ ਮੁਹਿੰਮ ਵਾਲੀ ਥਾਂ ਤੱਕ ਕਿਸੇ ਸਪਲਾਈ ਪ੍ਰਣਾਲੀ ਦੀ ਲੋੜ ਨਹੀਂ ਹੁੰਦੀ ਸੀ। ਇਸ ਤੋਂ ਇਲਾਵਾ ਉਹ ਕਿਤਨੇ ਸ਼ਕਤੀਸ਼ਾਲੀ ਸਨ ਕਿ ਅਲੱਗ-ਅਲੱਗ ਪੈ ਗਈਆਂ ਦੁਸ਼ਮਣਾਂ ਦੀਆਂ ਟੁਕੜੀਆਂ ਨੂੰ ਉਹ ਭਾਂਜ ਦੇ ਦਿੰਦੇ। ਕਈ ਵਾਰ ਉਹ ਦੁਸ਼ਮਣ ਦੀ ਗਿਣਤੀ ਵਿਚ ਉਸ ਉੱਤੇ ਹੱਲੇ ਕਰਕੇ ਉਸ ਨੂੰ ਹਰਾ ਦਿੰਦੇ। ਇਲਾਕੇ ਦੇ ਉਹ ਚੰਗੀ ਤਰ੍ਹਾਂ ਜਾਣੂ ਸਨ, ਜਿਸ ਕਾਰਨ ਉਨ੍ਹਾਂ ਨੂੰ ਆਪਦੇ ਦੁਸ਼ਮਣ ਖਾਸ ਕਰਕੇ ਅਫ਼ਗਾਨਾਂ ਤੇ ਇਸ ਪੱਖੋਂ ਬੇਹਤਰੀ ਹਾਸਲ ਸੀ। ਉਹ ਉਸ ਧਰਤੀ ਦੇ ਬੇਟੇ ਸਨ, ਉਥੋਂ ਦੇ ਜੰਮਪਲ ਸਨ ਜਿਸ ਦੇ ਚੱਪੇ-ਚੱਪੇ ਦੇ ਉਹ ਵਾਕਫ਼ ਸਨ ਅਤੇ ਇਸ ਦਾ ਕਾਰਨ ਗੁਰੀਲਾ ਜੰਗ ਉਨ੍ਹਾਂ ਲਈ ਬਹੁਤ ਹੀ ਠੀਕ ਸੀ। ਇਸ ਤੋਂ ਇਲਾਵਾ ਗੈਰ-ਮੁਲਕੀ ਹਮਲਾਵਰ ਨੂੰ ਆਮ ਲੋਕਾਂ ਦੀ ਹਮਦਰਦੀ ਵੀ ਹਾਸਲ ਨਹੀਂ ਸੀ। ਲੋਕਾਂ ਦਾ ਇਕ ਵਰਗ ਅਰਥਾਤ ਕਿਸਾਨ ਤਬਕਾ ਆਪਣਾ ਧੰਦਾ ਛੱਡ ਕੇ ਸਿੱਖ ਸੈਨਾ ਵਿਚ ਸ਼ਾਮਲ ਹੋਣ ਲੱਗਾ। ਦੁਸ਼ਮਣ ਦੀ ਸੈਨਿਕ ਸ਼ਕਤੀ ਇਤਨੀ ਜ਼ਿਆਦਾ ਨਹੀਂ ਸੀ ਕਿ ਉਹ ਹਰ ਥਾਂ ਕਿਲ੍ਹੇਬੰਦੀ ਕਰ ਸਕਣ। ਦੁਸ਼ਮਣ ਦੀ ਗਿਣਤੀ ਥੋੜ੍ਹੀ ਸੀ ਅਤੇ ਸਾਰੇ ਇਲਾਕੇ ਨੂੰ ਕਾਬੂ ਵਿਚ ਰੱਖਣ ਦੀ ਸਥਿਤੀ ਵਿਚ ਨਹੀਂ ਸੀ। ਅਫ਼ਗਾਨਾਂ ਦੀ ਇਸ ਕਮਜ਼ੋਰੀ ਤੋਂ ਸਿੱਖਾਂ ਨੇ ਲਾਭ ਉਠਾਇਆ। ਦੁਸ਼ਮਣਾਂ ਦੀਆਂ ਫੌਜਾਂ ਨਾਲ ਜਮ ਕੇ ਲੜਨ ਦੀ ਥਾਂਵੇਂ ਸਿੱਖ ਦੁਸ਼ਮਣ ਨਾਲ ਕਮਜ਼ੋਰ ਥਾਂਵਾਂ ਤੇ ਹਮਲੇ ਕਰਦੇ। ਇਸ ਤਰ੍ਹਾਂ ਉਨ੍ਹਾਂ ਨੇ ਹਕੂਮਤ ਨੂੰ ਨਕਾਰਾ ਬਣਾ ਦਿੱਤਾ ਅਤੇ ਚਾਰੇ ਪਾਸੇ ਲਾਕਾਨੂੰਨੀ ਅਤੇ ਬਦ-ਅਮਨੀ ਪਸਰ ਗਈ, ਜਿਸ ਦਾ ਲਾਭ ਸਿੱਖਾਂ ਨੇ ਉਠਾਇਆ।

ਉੱਤੇ ਅਸੀਂ ਸਿੱਖਾਂ ਦੀ ਗੁਰੀਲਾ ਯੁੱਧ ਨੀਤੀ ਦਾ ਸੰਖੇਪ ਵਿਚ ਵਰਣਨ ਕੀਤਾ ਹੈ। ਉਨ੍ਹਾਂ ਦਾ ਲੜਾਈ ਦਾ ਇਕ

ਹੋਰ ਢੰਗ ਗੁਰੀਲਾ ਤਕਨੀਕ ਸੀ ਜਿਸ ਦੀਆਂ ਕੁਝ ਇਕ ਉਦਾਹਰਣਾਂ ਥੱਲੇ ਦਿੱਤੀਆਂ ਜਾਂਦੀਆਂ ਹਨ :

(ੳ) 40 ਜਾਂ 50 ਘੋੜਸਵਾਰਾਂ ਦਾ ਇਕ ਦਸਤਾ ਤੇਜ਼ੀ ਨਾਲ ਦੁਸ਼ਮਣ ਦੀ ਫੌਜ ਵੱਲ ਵਧਦਾ ਅਤੇ ਅਚਾਨਕ ਆਪਣੇ ਘੋੜੇ ਇਕ ਦਮ ਰੋਕ ਲੈਂਦਾ। ਉਨ੍ਹਾਂ ਨੇ ਆਪਣੇ ਘੋੜੇ ਇਤਨੇ ਸਿਖਾਏ ਹੁੰਦੇ ਕਿ ਹੱਥ ਦੀ ਇਕ ਥਪਕੀ ਦੇਣ ਤੇ ਪੂਰੀ ਰਫ਼ਤਾਰ ਤੋਂ ਇਕ ਦਮ ਰੁਕ ਜਾਂਦੇ। ਘੋੜੇ ਰੁਕਦੇ ਸਾਰ ਹੀ ਉਹ ਆਪਣੀਆਂ ਬੰਦੂਕਾਂ ਫੇਰ ਭਰ ਲੈਂਦੇ ਅਤੇ ਫੇਰ ਉਸੇ ਤਰ੍ਹਾਂ ਨਿਸ਼ਾਨੇ ਲਗਾ ਕੇ ਬੰਦੂਕਾਂ ਚਲਾਉਂਦੇ। ਕਈ ਵਾਰ ਇਸ ਪ੍ਰਕਿਰਿਆ ਵਿਚ ਵਕਫ਼ਾ ਨਾ ਦਿੱਤਾ ਜਾਂਦਾ ਅਤੇ ਇਕ ਤੋਂ ਵਧੇਰੇ ਦਲ ਇਸ ਤਰ੍ਹਾਂ ਦੇ ਹਮਲੇ ਤੇਜ਼ੀ ਨਾਲ ਕਰਦੇ। ਉਹ ਸਿਲਸਿਲੇ ਵਾਰ ਹਮਲੇ ਕਰਦੇ ਇਕ ਦਲ ਜਦ ਨਿਸ਼ਾਨੇ ਲਗਾ ਰਿਹਾ ਹੁੰਦਾ ਤਾਂ ਦੂਜਾ ਆਪਣੀਆਂ ਬੰਦੂਕਾਂ ਭਰ ਰਿਹਾ ਹੁੰਦਾ ਤਾਂ ਜੋ ਜਦੋਂ ਪਹਿਲਾ ਦਲ ਵਾਪਸ ਆ ਕੇ ਬੰਦੂਕਾਂ ਭਰਦਾ ਤਾਂ ਦੂਜਾ ਤਿਆਰ ਹੋ ਕੇ ਹਮਲਾ ਕਰ ਦਿੰਦੇ। ਇਸ ਨਾਲ ਦੁਸ਼ਮਣ ਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਅਤੇ ਉਨ੍ਹਾਂ ਵਿਰੁੱਧ ਕੁਝ ਨਾ ਕਰ ਸਕਦਾ।

(ਅ) ਦੂਜੀ ਤਕਨੀਕ ਸੀ ਦੁਸ਼ਮਣ ਨਾਲ ਨੇੜੇ ਹੋ ਕੇ ਲਗਾਤਾਰ ਝੜੱਪਾਂ ਵਿਚ ਲੜਨਾ ਜਾਂ ਦੌੜ-ਦੌੜ ਕੇ ਲੜਨਾ ਅਰਥਾਤ ਇਤਨੀ ਫੁਰਤੀ ਅਤੇ ਜੋਸ਼ ਨਾਲ ਅੱਗੇ ਜਾ ਕੇ ਲੜਨਾ ਅਤੇ ਪਿੱਛੇ ਪਰਤ ਆਉਣਾ ਅਤੇ ਉਸੇ ਤੇਜ਼ੀ ਨਾਲ ਹੱਲਾ ਕਰ ਦੇਣਾ ਜਿਸ ਨਾਲ ਪੈਰੀ ਅਕਸਰ ਬੌਂਦਲ ਜਾਂਦਾ। ਜੁਆਨਾਂ ਅਤੇ ਘੋੜਿਆਂ ਦੇ ਥੱਕ ਜਾਣ ਤੱਕ ਇਹ ਕਾਰਵਾਈ ਜਾਰੀ ਰੱਖੀ ਜਾਂਦੀ। ਝੜੱਪਾਂ ਤੋਂ ਬਾਦ ਉਹ ਆਪਣੇ ਘੋੜੇ ਖੁੱਲ੍ਹੇ ਚਰਨ ਲਈ ਛੱਡ ਕੇ ਖੁਦ ਭੁੱਜੇ ਛੋਲੇ ਖਾ ਕੇ ਅਤੇ ਪਾਣੀ ਪੀ ਕੇ ਫੇਰ ਤਾਜ਼ਾ ਦਮ ਹੋ ਜਾਂਦੇ। ਤਾਜ਼ਾ ਦਮ ਹੋ ਕੇ ਉਹ ਫੇਰ ਕਾਰਵਾਈ ਆਰੰਭ ਕਰ ਦਿੰਦੇ। ਅਜਿਹੀਆਂ ਲਗਾਤਾਰ ਝੜੱਪਾਂ ਜਾਂ ਦੌੜਵੀਆਂ ਲੜਾਈਆਂ ਲੜੀਆਂ ਜਾਂਦੀਆਂ ਅਤੇ ਕਈ ਵਾਰ ਤਾਂ ਇਹ ਕਈ ਦਿਨ ਜਾਰੀ ਰਹਿੰਦੀਆਂ। ਅਜਿਹੇ ਮੌਕਿਆਂ ਤੇ ਦੁਸ਼ਮਣ ਨੂੰ ਪ੍ਰੇਸ਼ਾਨ ਕਰਨ ਅਤੇ ਉਸਦੇ ਹੌਸਲੇ ਪਸਤ ਕਰਨ ਲਈ ਹਰ ਇਕ ਢੰਗ ਅਪਣਾਇਆ ਜਾਂਦਾ। ਸਿੱਖ ਲੜਦੇ ਲੜਦੇ ਤੁਰਨ ਅਤੇ ਤੁਰਦੇ ਤੁਰਦੇ ਲੜਨ ਲਈ ਮਸ਼ਹੂਰ ਹੋ ਗਏ ਸਨ। ਸਿੱਖਾਂ ਵਲੋਂ ਕੀਤੇ ਜਾਂਦੇ ਛੋਟੇ ਹਮਲਿਆਂ ਦੀ ਗਿਣਤੀ ਕੋਈ ਖਿਆਲ ਨਹੀਂ ਰੱਖਿਆ ਜਾਂਦਾ ਸੀ। ਕਦੇ ਤਾਂ ਕੁਝ ਹੀ ਬੰਦੇ ਹਮਲਾ ਕਰਦੇ ਅਤੇ ਕਦੇ ਦਲ ਖਾਲਸਾ ਦੀ ਪੂਰੀ ਡਵੀਜ਼ਨ ਅਤੇ ਕਦੇ ਪੂਰਾ ਦਲ ਖਾਲਸਾ ਇਸ ਕਾਰਜ ਵਿਚ ਸ਼ਾਮਲ ਹੋ ਜਾਂਦਾ। ਜਦ ਹੱਲਾ ਵੱਡੇ ਪੈਮਾਨੇ ਤੇ ਕੀਤਾ ਜਾਂਦਾ ਤਾਂ ਫੌਜ ਨੂੰ ਮੁਸਲਮਾਨ ਵਿਰੋਧੀਆਂ ਦੀ ਫੌਜੀ ਤਰਤੀਬ ਵਾਂਗ ਕੇਂਦਰੀ ਸੱਜੇ ਅਤੇ ਖੱਬੇ ਪੱਖਾ ਅਤੇ ਰਾਖਵੀਂ ਟੁਕੜੀ ਵਿਚ ਵੰਡ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਝੜੱਪ ਕਦੇ ਤਾਂ ਵੈਰੀ ਦੀ ਪੂਰੀ ਫੌਜ ਨਾਲ ਅਤੇ ਕਦੇ ਉਸਦੇ ਕਿਸੇ ਹਿੱਸੇ ਨਾਲ ਲਾਈ ਜਾਂਦੀ। ਆਮ ਤੌਰ ਤੇ ਅਜਿਹੀਆਂ ਝੜੱਪਾਂ ਦੁਸ਼ਮਣ ਉਤੇ ਅਚਾਨਕ ਹਮਲਾ ਕਰਦੀਆਂ ਸਨ ਜਦੋਂ ਕਿ ਉਨ੍ਹਾਂ ਦੀਆਂ ਫੌਜਾਂ ਕੂਚ ਕਰਦੀਆਂ ਹੁੰਦੀਆਂ। ਦੁਸ਼ਮਣ ਉਤੇ ਪੂਰੇ ਪੈਮਾਨੇ ਤੇ ਹੱਲੇ ਇਸ ਲਈ ਬਹੁਤ ਘੱਟ ਕੀਤੇ ਜਾਂਦੇ ਕਿਉਂਕਿ ਉਨ੍ਹਾਂ ਦੀ ਸੁਰੱਖਿਆ ਵਿਵਸਥਾ ਕਾਫ਼ੀ ਮਜ਼ਬੂਤ ਹੁੰਦੀ।

(ੲ) ਇਕ ਹੋਰ ਤਰੀਕਾ ਇਹ ਸੀ ਕਿ ਦੁਸ਼ਮਣਾਂ ਉਤੇ ਗੋਲੀਆਂ ਦੀ ਵਾਛੜ ਮਾਰੀ ਜਾਂਦੀ ਅਤੇ ਉਸ ਨਾਲ ਇਕ ਘੰਟੇ ਦੇ ਲਗਭਗ ਲੜਾਈ ਕੀਤੀ ਜਾਂਦੀ ਅਤੇ ਫੇਰ ਇਕ ਦਮ ਮੈਦਾਨ ਵਿਚੋਂ ਪਿਛੇ ਆ ਜਾਂਦੇ ਤਾਂ ਜੋ ਦੁਸ਼ਮਣ ਨੂੰ ਭੁਲੇਖਾ ਪਾ ਦਿੱਤਾ ਜਾਵੇ। ਦੁਸ਼ਮਣ ਫੌਜ ਦੀ ਇਕ ਟੁਕੜੀ ਉਨ੍ਹਾਂ ਦਾ ਪਿੱਛਾ ਕਰਦੀ। ਜਦ ਸਿੱਖ ਵੇਖਦੇ ਕਿ ਉਨ੍ਹਾਂ ਦਾ ਪਿੱਛਾ ਕਰਨ ਵਾਲੀ ਟੁਕੜੀ ਆਪਣੀ ਸੈਨਾ ਤੋਂ ਕਾਫੀ ਦੂਰ ਆ ਗਈ ਤਾਂ ਉਹ ਇਕ ਦਮ ਰੁਕ ਕੇ ਪਰਤ ਪੈਂਦੇ ਅਤੇ ਉਸ ਉਤੇ ਜਬਰਦਸਤ ਹੱਲਾ ਕਰ ਦਿੰਦੇ ਅਤੇ ਜਾਂ ਤਾਂ ਉਸਨੂੰ ਖਤਮ ਕਰ ਦਿੰਦੇ ਜਾਂ ਭਜਾ ਦਿੰਦੇ। ਸਿੱਖਾਂ ਵਲੋਂ ਵਰਤੀਆਂ ਜਾਂਦੀਆਂ ਅਜਿਹੀਆਂ ਤਕਨੀਕਾਂ ਕਾਰਨ ਉਨ੍ਹਾਂ ਦੇ ਦੁਸ਼ਮਣ ਸਿੱਖਾਂ ਤੋਂ ਇਤਨਾ ਡਰਦੇ ਕਿ ਉਹ ਕਦੇ ਉਨ੍ਹਾਂ ਦਾ ਪਿੱਛਾ ਨਾ ਕਰਦੇ। ਅਹਿਮਦ ਸ਼ਾਹ ਅਬਦਾਲੀ ਆਪਣੇ ਸਾਰੇ ਅਫਸਰਾਂ ਅਤੇ ਆਦਮੀਆਂ ਨੂੰ ਇਹ ਹਦਾਇਤਾਂ ਜਾਰੀ ਕਰਦਾ ਰਹਿੰਦਾ ਕਿ ਉਹ ਆਪਣੀ ਨਿਸ਼ਚਿਤ ਥਾਂਵਾਂ ਤੋਂ ਨਾ ਹਟਣ ਅਤੇ ਛੋਟੀਆਂ ਛੋਟੀਆਂ ਟੁਕੜੀਆਂ ਵਿਚ ਸਿੱਖਾਂ ਦਾ ਪਿੱਛਾ ਨਾ ਕਰਨ।

(ਸ) ਤੋਪਾਂ ਦੀ ਕਮੀ ਨੂੰ ਪੂਰਾ ਕਰਨ ਲਈ ਕਿਲ੍ਹੇਬੰਦ ਥਾਂਵਾਂ ਤੇ ਹਮਲੇ ਕਰਨ ਲਈ ਸਿੱਖਾਂ ਨੇ ਕਈ ਤਰਕੀਬਾਂ ਕੀਤੀਆਂ ਹੋਈਆਂ ਸਨ। ਕਈ ਵਾਰ ਉਹ ਭੇਸ ਬਦਲ ਕੇ ਅੰਦਰ ਦਾਖਲ ਹੋ ਜਾਂਦੇ ਅਤੇ ਅੰਦਰ ਜਾ ਕੇ ਪਹਿਰੇਦਾਰਾਂ ਨੂੰ ਮਾਰ ਦਿੰਦੇ, ਉਨ੍ਹਾਂ ਦੀ ਥਾਂਵੇਂ ਦਰਵਾਜਿਆਂ ਤੇ ਆਪਣੇ ਬੰਦੇ ਤਾਇਨਾਤ ਕਰ ਦਿੰਦੇ ਤਾਂ ਜੋ ਲੋੜ ਪੈਣ ਤੇ ਆਸਾਨੀ ਨਾਲ ਬਾਹਰ ਨਿਕਲਿਆ ਜਾ ਸਕੇ। ਕਈ ਵਾਰ ਉਸ ਇਲਾਕੇ ਦੇ ਪਹਿਰੇ ਤੇ ਲੱਗੇ ਬੰਦਿਆਂ ਨੂੰ ਰਿਸ਼ਵਤ ਦੇ ਕੇ ਦਰਵਾਜ਼ੇ ਖੋਲ੍ਹਣ ਲਈ ਮਨਾ ਲਿਆ ਜਾਂਦਾ। ਜਦ ਅਜਿਹੀ ਕੋਈ ਜੁਗਤ ਨਾ ਚਲਦੀ ਤਾਂ ਪੌੜੀਆਂ ਦੀ ਮਦਦ ਨਾਲ ਕੰਧਾਂ ਟੱਪ ਕੇ ਅੰਦਰੋਂ ਦਰਵਾਜੇ ਖੋਲ੍ਹ ਕੇ ਆਪਣੀ ਫੌਜ ਅੰਦਰ ਦਾਖਲ ਕਰ ਲਈ ਜਾਂਦੀ। ਅਜਿਹੀ ਹੀ ਇਕ ਤਰਕੀਬ

1761 ਵਿਚ ਚੜ੍ਹਤ ਸਿੰਘ ਨੇ ਰੋਹਤਾਸ ਦੇ ਕਿਲ੍ਹੇ ਦੀ ਘੇਰਾਬੰਦੀ ਸਮੇਂ ਵਰਤੀ ਸੀ। ਹਮਲਾ ਕਰਕੇ ਕਿਲ੍ਹਾ ਫ਼ਤਿਹ ਕਰਨ ਵਿਚ ਕਾਮਯਾਬ ਨਾ ਹੋ ਸਕਣ ਤੇ ਉਸ ਨੇ ਅਚਾਨਕ ਘੇਰਾਬੰਦੀ ਖਤਮ ਕਰਕੇ ਪਿੱਛੇ ਹਟ ਜਾਣ ਦਾ ਬਹਾਨਾ ਕੀਤਾ। ਪਿਛੇ ਹਟਦੀ ਫੌਜ ਉਤੇ ਅਫ਼ਗਾਨ ਫੌਜ ਨੇ ਹਮਲਾ ਕਰ ਦਿੱਤਾ। ਚੜ੍ਹਤ ਸਿੰਘ ਨੇ ਪਰਤ ਕੇ ਉਨ੍ਹਾਂ ਦਾ ਮੁਕਾਬਲਾ ਕੀਤਾ ਅਤੇ ਕਿਲ੍ਹੇ ਵਿਚ ਬੈਠੀ ਸੈਨਾ ਨੂੰ ਹਥਿਆਰ ਸੁੱਟਣ ਲਈ ਮਜ਼ਬੂਰ ਕੀਤਾ ਗਿਆ। ਚੜ੍ਹਤ ਸਿੰਘ ਨੇ ਅਬਦਾਲੀ ਦੇ ਜਰਨੈਲ – ਨੂਰਦੀਨ ਨੂੰ ਮੁਲਤਾਨ ਦਾ ਕਿਲ੍ਹਾ ਇਸ ਢੰਗ ਨਾਲ ਉਸ ਦੇ ਸਪੁਰਦ ਕਰ ਦੇਣ ਲਈ ਮਜ਼ਬੂਰ ਕਰ ਦਿੱਤਾ।

(ਹ) ਉਪਰੋਕਤ ਤਰਕੀਬਾਂ ਤੋਂ ਇਲਾਵਾ ਕੁਝ ਇਕ ਬਚਾਓ ਵਾਲੀਆਂ ਤਰਕੀਬਾਂ ਵੀ ਸਨ ਜਿਨ੍ਹਾਂ ਦਾ ਸਿੱਖਾਂ ਨੇ ਲੋੜ ਪੈਣ ਤੇ ਇਸਤੇਮਾਲ ਕੀਤਾ। ਆਮ ਤੌਰ ਤੇ ਜਦੋਂ ਉਨ੍ਹਾਂ ਨੇ ਕਿਸੇ ਹਮਲੇ ਦਾ ਖਤਰਾ ਮਹਿਸੂਸ ਹੁੰਦਾ ਤਾਂ ਉਥੋਂ ਤੁਰੰਤ ਕੂਚ ਕਰਕੇ ਦੁਸ਼ਮਣਾਂ ਦੀ ਪਹੁੰਚ ਤੋਂ ਬਾਹਰ ਹੋ ਕੇ ਠੀਕ ਮੌਕੇ ਦੀ ਇੰਤਜ਼ਾਰ ਕਰਦੇ। ਫੇਰ ਵੀ ਕਈ ਵਾਰ ਬੇਖਬਰ ਘੇ ਰ ਲਏ ਜਾਂਦੇ। ਇਸ ਤਰ੍ਹਾਂ ਦੇ ਮੌਕਿਆਂ ਤੇ ਉਨ੍ਹਾਂ ਦਾ ਸਭ ਤੋਂ ਪਹਿਲਾ ਮਨਸੂਬਾ ਤੁਰੰਤ ਬਚ ਕੇ ਨਿਕਲ ਜਾਣ ਦਾ ਹੁੰਦਾ ਤਾਂ ਜੋ ਉਹ ਲੰਮੇ ਸਮੇਂ ਤੱਕ ਘਿਰੇ ਰਹਿ ਕੇ ਦੁੱਖਾਂ ਵਿਚ ਨਾ ਪਏ ਰਹਿਣ। ਜੇ ਉਹ ਕਿਸੇ ਕਿਲ੍ਹੇ ਅੰਦਰ ਹੁੰਦਾ ਜਿਵੇਂ ਕਿ ਮੀਰ ਮੰਨੂੰ ਅਤੇ ਅਦੀਨਾ ਬੇਗ ਸਮੇਂ ਹੋਇਆ ਉਹ ਪਹਿਲਾਂ ਤਾਂ ਉਨ੍ਹਾਂ ਨਾਲ ਜੰਗ ਕਰਦੇ ਤਾਂ ਕਿ ਉਨ੍ਹਾਂ ਦੀ ਤਾਕਤ ਦਾ ਅੰਦਾਜ਼ਾ ਲਗਾ ਸਕਣ ਅਤੇ ਫੇਰ ਬਾਦ ਵਿਚ ਮੌਕਾ ਮਿਲਣ ਤੇ ਦੁਸ਼ਮਣਾਂ ਦੀਆਂ ਸਫ਼ਾਂ ਨੂੰ ਚੀਰਦੇ ਹੋਏ ਹਨੇਰੀ ਵਾਂਗ ਉਥੋਂ ਨਿਕਲ ਜਾਂਦੇ। ਖੁੱਲ੍ਹੀ ਥਾਂ ਤੇ ਘੇਰੇ ਵਿਚ ਆ ਜਾਣ ਦੀ ਸੂਰਤ ਵਿਚ ਉਹ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰਦੇ ਜਿਵੇ ਂ ਕਿ 1746 ਵਿਚ ਪਹਿਲੇ ਘੱਲੂਘਾਰੇ ਦੌਰਾਨ ਕੀਤਾ ਗਿਆ ਜਦੋਂ ਕਾਹਨੂੰਵਾਨ ਦੇ ਛੰਭ ਵਿਖੇ ਉਨ੍ਹਾਂ ਨੂੰ ਨਵਾਬ ਯਾਹੀਆ ਖਾਨ ਅਤੇ ਦੀਵਾਨ ਲਖਪਤ ਰਾਏ ਦੀਆਂ ਫੌਜਾਂ ਨੇ ਘੇਰ ਲਿਆ। ਪਰ ਇਸ ਢੰਗ ਨਾਲ ਉਨ੍ਹਾਂ ਦਾ ਭਾਰੀ ਨੁਕਸਾਨ ਹੋਇਆ ਅਤੇ ਦੁਸ਼ਮਣ ਨੇ ਉਨ੍ਹਾਂ ਵਿਚੋਂ 7,000 ਨੂੰ ਸ਼ਹੀਦ ਕਰ ਦਿੱਤਾ। 1762 ਵਿਚ ਜਦੋਂ ਅਹਿਮਦ ਸ਼ਾਹ ਅਬਦਾਲੀ ਅਤੇ ਸਰਹਿੰਦ ਦੇ ਸੂਬੇਦਾਰ ਜ਼ੈਨਖਾਨ ਅਤੇ ਮਲੇਰਕੋਟਲੇ ਦੇ ਨਵਾਬ ਨੇ ਉਨ੍ਹਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਤਾਂ ਉਹ ਆਪਣੇ ਪਰਿਵਾਰਾਂ ਨਾਲ ਹੋਣ ਕਾਰਨ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰ ਕੇ ਬਚ ਨਿਕਲਣ ਯੋਗ ਨਹੀਂ ਸਨ। ਇਹ ਬੜੀ ਕਠਿਨ ਸਥਿਤੀ ਸੀ। ਪਰ ਉਨ੍ਹਾਂ ਦੀ ਹਾਜ਼ਰ ਦਿਮਾਗੀ ਉਨ੍ਹਾਂ ਦੇ ਕੰਮ ਆਈ। ਉਨ੍ਹਾਂ ਨੇ ਆਪਣੇ ਪਰਿਵਾਰਾਂ ਦੁਆਲੇ ਮਜ਼ਬੂਤ ਘੇਰਾ ਬਣਾ ਲਿਆ ਤੇ ਇਕ ਪਾਸੇ ਵੱਲ ਵਧਣਾ ਆਰੰਭ ਕਰ ਦਿੱਤਾ। ਲੜਦੇ ਹੋਏ ਉਹ ਅੱਗੇ ਵਧਦੇ ਹੋਏ ਲੜਦੇ ਜਾਂਦੇ। ਕਦੇ ਕਦੇ ਉਹ ਮੁੜ ਕੇ ਦੁਸ਼ਮਣ ਤੇ ਹਮਲਾ ਕਰਕੇ ਉਸ ਨੂੰ ਨੁਕਸਾਨ ਪਹੁੰਚਾਉਂਦੇ। ਸ਼ਾਹ ਉਨ੍ਹਾਂ ਨਾਲ ਜਮ ਕੇ ਲੜਨਾ ਚਾਹੁੰਦਾ ਸੀ ਪਰ ਉਹ ਉਸ ਨੂੰ ਮੌਕਾ ਨਹੀਂ ਦਿੰਦੇ ਸਨ। ਲੜਦੇ ਹੋਏ ਉਹ ਇਕ ਤੋਂ ਬਾਦ ਦੂਜੇ ਪਿੰਡ ਵੱਲ ਵਧਦੇ ਜਾਂਦੇ ਪਰ ਦੁਸ਼ਮਣ ਵੀ ਨਫ਼ਰੀ ਵਿਚ ਬਹੁਤ ਜ਼ਿਆਦਾ ਸੀ। ਆਖਰਕਾਰ ਅਫ਼ਗਾਨਾਂ ਨੇ ਘੇਰਾਬੰਦੀ ਤੋੜ ਦਿੱਤੀ ਅਤੇ ਕਤਲੇਆਮ ਸ਼ੁਰੂ ਕਰ ਦਿੱਤਾ। ਕਹਿੰਦੇ ਹਨ ਦੂਜੇ ਘੱਲੂਘਾਰੇ ਵਿਚ ਘੱਟੋ ਘੱਟ ਦਸ ਹਜ਼ਾਰ ਸਿੱਖ ਸ਼ਹੀਦ ਹੋਏ। ਪਿਛੇ ਹਟਦੇ ਹੋਏ ਲੜਨ ਦੀ ਇਹ ਇਕ ਮਿਸਾਲ ਹੈ। ਅਜਿਹੀ ਇਕ ਹੋਰ ਮਿਸਾਲ ਦਸੰਬਰ 1765 ਵਿਚ ਦਿੱਲੀ ਦੇ ਪ੍ਰਧਾਨ ਮੰਤਰੀ ਨਜੀਬੁਦੌਲਾ ਅਤੇ ਸਿੱਖਾਂ ਦਰਮਿਆਨ ਇਕ ਜੰਗ ਹੈ। ਉਹ ਕਈ ਦਿਨ ਤੱਕ ਇੱਕਾ-ਦੁੱਕਾ ਲੜਾਈਆਂ ਕਰਦੇ ਰਹੇ। ਉਹ ਪ੍ਰਧਾਨ ਮੰਤਰੀ ਦੀ ਪੇਸ਼ ਕਦਮੀਂ ਰੋਕਣ ਵਿਚ ਕਾਮਯਾਬ ਨਹੀਂ ਹੋ ਰਹੇ ਸਨ। ਜਦ ਕਿ ਜਮਨਾ ਦਰਿਆ ਕਿਨਾਰੇ ਉਨ੍ਹਾਂ ਦੇ ਮਾਲ ਅਸਬਾਬ ਦੀ ਵਹੀਰ ਖਤਰੇ ਵਿਚ ਸੀ। ਇਸ ਤੇ ਉਨ੍ਹਾਂ ਦੇਰੀ ਕਰਨ ਦੀਆਂ ਤਰਕੀਬਾਂ ਕਰਨੀਆਂ ਆਰੰਭ ਕਰ ਦਿੱਤੀਆਂ। ਉਹ ਕਦੇ ਦੁਸ਼ਮਣ ਦੀ ਫੌਜ ਦੇ ਪਿਛਲੇ ਹਿੱਸੇ ਤੇ ਹਮਲੇ ਕਰਦੇ ਅਤੇ ਕਦੇ ਕਿਸੇ ਬਾਹੀ ਉਤੇ ਜਿਸ ਰਾਹੀਂ ਉਨ੍ਹਾਂ ਨੇ ਉਸ ਨੂੰ ਕੁਝ ਸਮਾਂ ਉਲਝਾ ਕੇ ਰੋਕ ਰੱਖਿਆ। ਇਸ ਸਮੇਂ ਦੌਰਾਨ ਉਹ ਵਹੀਰ ਨੂੰ ਦਰਿਆ ਪਾਰ ਕਰਾ ਕੇ ਬਚਾ ਕੇ ਲੈ ਗਏ।

ਸੈਨਾ ਦੇ ਸੰਗਠਨ ਵਾਂਗ ਹੀ ਫੌਜੀ ਯੁੱਧ ਨੀਤੀ ਅਤੇ ਤਰਕੀਬਾਂ ਆਲਾ ਸਿੰਘ ਦੀ ਕਮਾਨ ਅਧੀਨ ਮਾਲਵੇ ਦੇ ਸਿੱਖਾਂ ਦੀ ਮਾਝੇ ਦੇ ਸਿੱਖਾਂ ਦੇ ਮੁਕਾਬਲੇ ਵੱਖਰੀਆਂ ਸਨ ਜਿਨ੍ਹਾਂ ਬਾਰੇ ਵੇਰਵਾ ਉਤੇ ਦਿੱਤਾ ਗਿਆ ਹੈ। ਮੁਕਾਬਲਤਨ ਮਾਲਵੇ ਦੇ ਸਿੱਖਾਂ ਦਾ ਵਿਕਾਸ ਵਧੇਰੇ ਅਮਨ ਦੇ ਮਾਹੌਲ ਵਿਚ ਹੋਇਆ। ਇਥੋਂ ਦੇ ਲੋਕਾਂ ਨੇ ਕਦੇ ਸਰਕਾਰ ਦਾ ਵਿਰੋਧ ਨਾ ਕੀਤਾ ਜਿਸ ਕਾਰਨ ਉਨ੍ਹਾਂ ਨੂੰ ਆਪਣਾ ਘਰ ਨਾ ਛੱਡਣਾ ਪਿਆ। ਇਸ ਦੇ ਉਲਟ ਉਹ ਮੌਕੇ ਦੇ ਹਾਕਮਾਂ ਨਾਲ ਸਿਆਸੀ ਸਬੰਧ ਬਣਾ ਕੇ ਰੱਖਦੇ ਜਿਵੇਂ ਕਿ ਆਲਾ ਸਿੰਘ ਨੇ ਵਕਤ ਦੇ ਹਾਕਮਾਂ ਨਾਲ ਚੰਗੇ ਸਬੰਧ ਬਣਾ ਕੇ ਆਪਣੇ ਰਾਜ ਦਾ ਵਿਸਤਾਰ ਕਰ ਲਿਆ। ਇਸ ਲਈ ਇਨ੍ਹਾਂ ਨੂੰ ਗੁਰੀਲਾ ਦੀ ਲੜਾਈ ਦਾ ਢੰਗ ਅਪਨਾਉਣ ਦੀ ਕੋਈ ਲੋੜ ਨਾ ਪਈ। ਉਨ੍ਹਾਂ ਨੇ ਆਪਣੀ ਵੱਖਰੀ ਰਿਆਸਤ ਬਣਾਉਣ ਦੀ ਕੋਸ਼ਿਸ਼ ਕੀਤੀ ਜਿਸ ਕਾਰਜ ਲਈ ਨਾ ਕੇਵਲ ਉਨ੍ਹਾਂ ਨੇ ਆਪਣੀ ਬਕਾਇਦਾ ਫੌਜ ਹੀ ਸੰਗਠਤ ਕੀਤੀ ਬਲਕਿ ਮੁਗ਼ਲਾਂ ਅਤੇ ਅਫ਼ਗਾਨਾਂ ਦੇ ਤਰਜ਼ ਦੀ ਰਵਾਇਤੀ ਕਿਸਮ ਦੀ ਯੁੱਧ ਨੀਤੀ ਵੀ ਅਪਣਾਈ। ਉਹ ਆਪਣੇ ਮਝੈਲ ਭਰਾਵਾਂ ਦੀ ਯੁੱਧ ਨੀਤੀ ਦੇ ਉਲਟ ਬਕਾਇਦਾ ਕਿਸਮ ਦੀ ਲੜਾਈ ਲੜਦੇ। ਪਰ ਕਈ

ਵਾਰ ਜਦ ਉਨ੍ਹਾਂ ਦੀ ਗਿਣਤੀ ਘੱਟ ਹੁੰਦੀ ਤਾਂ ਉਹ ਆਪਣੇ ਮਨੋਰਥ ਵਿਚ ਸਫਲ ਨਾ ਹੁੰਦੇ। ਅਜਿਹੇ ਮੌਕੇ ਤੇ ਆਲਾ ਸਿੰਘ ਦਲ ਖਾਲਸਾ ਨੂੰ ਸਹਾਇਤਾ ਲਈ ਬੁਲਾਉਂਦਾ ਅਤੇ ਇਸ ਤਰ੍ਹਾਂ ਉਸ ਨੇ ਆਪਣੇ ਰਾਜ ਦੀਆਂ ਹੱਦਾਂ ਚੌੜੀਆਂ ਕਰ ਲਈਆਂ। ਜੇਕਰ ਕੋਈ ਛੋਟਾ ਜਿਹਾ ਸਰਦਾਰ ਮੁਸ਼ਕਲਾਂ ਦੇ ਹੁੰਦਿਆਂ ਵੱਡੀ ਸਿਆਸੀ ਤਾਕਤ ਬਣਨਾ ਚਾਹੁੰਦਾ ਹੋਵੇ ਤਾਂ ਉਸ ਵਾਸਤੇ ਬਹੁਤ ਚੰਗੀ ਕਿਸਮ ਦੀ ਕੂਟਨੀਤੀ ਦੀ ਲੋੜ ਹੁੰਦੀ ਹੈ। ਆਲਾ ਸਿੰਘ ਖੁਸ਼ਕਿਸਮਤੀ ਨਾਲ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਸ ਨੇ ਵਕਤ ਦੀ ਹਕੂਮਤ ਨਾਲ ਸਹਿਯੋਗ ਰਾਹੀਂ ਆਪਣੇ ਮੰਤਵ ਦੀ ਪ੍ਰਾਪਤੀ ਦੀ ਨੀਤੀ ਅਪਣਾਈ। ਪਹਿਲਾਂ ਉਸ ਨੇ ਦਿੱਲੀ ਦੀ ਹਕੂਮਤ ਨਾਲ ਮਿਲਵਰਤੋਂ ਕੀਤੀ ਅਤੇ ਜਦ ਬਾਦ ਵਿਚ ਤਾਕਤ ਮਰਹੱਟਿਆਂ ਅਤੇ ਦੁਰਾਨੀਆਂ ਦੇ ਹੱਥ ਵਿਚ ਆ ਗਈ ਤਾਂ ਉਸ ਨੇ ਉਨ੍ਹਾਂ ਨਾਲ ਸਹਿਯੋਗ ਆਰੰਭ ਕਰ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਆਪਣੀ ਵਫ਼ਾਦਾਰੀ ਕਈ ਵਾਰ ਤਬਦੀਲ ਕੀਤੀ ਪਰ ਸਮਾਂ ਬੜਾ ਕਠਿਨ ਸੀ ਅਤੇ ਤੇਜ਼ੀ ਨਾਲ ਹਾਲਾਤ ਬਦਲ ਰਹੇ ਸਨ। ਇਸ ਲਈ ਆਪਣਾ ਰਾਜ ਕਾਇਮ ਕਰਨ ਲਈ ਆਲਾ ਸਿੰਘ ਨੂੰ ਕਈ ਵਾਰ ਆਪਣੀਆਂ ਵਫ਼ਾਦਾਰੀਆਂ ਤਬਦੀਲ ਕਰਨੀਆਂ ਪਈਆਂ।

**ਮੁੱਖ ਵਿਅਕਤੀ ਤੇ ਸ਼ਬਦ :**

1) ਨਾਦਰਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ
2) ਨਵਾਬ ਕਪੂਰ ਸਿੰਘ
3) ਤਨਖਾਹਦਾਰ ਘੋੜ ਸਵਾਰ
4) ਗੁਰੀਲਾ ਢੰਗ
5) ਜ਼ਕਰੀਆ ਖਾਨ ਦੀ ਨੀਤੀ
6) ਘੱਲੂਘਾਰੇ
7) ਚੜ੍ਹਤ ਸਿੰਘ
8) ਕਾਹਨੂੰਵਾਨ ਦਾ ਝੰਬ

**ਅਭਿਆਸ ਲਈ ਛੋਟੇ ਪ੍ਰਸ਼ਨ :**

1) ਖਾਲਸਾ ਦਲ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ?
2) ਘੱਲੂਘਾਰੇ ਕੀ ਸਨ ?
3) ਜ਼ਕਰੀਆ ਖਾਂ ਦੀ ਨੀਤੀ ਦੱਸੋ।
4) ਬੁੱਢਾ ਦਲ ਕੀ ਸੀ ?

**ਵੱਡੇ ਪ੍ਰਸ਼ਨ :**

1) ਖਾਲਸਾ ਦਲ ਦੀ ਉਤਪਤੀ ਦੇ ਕੀ ਕਾਰਨ ਅਤੇ ਮੰਤਵ ਸਨ ?
2) ਖਾਲਸਾ ਰਾਜ ਸ਼ਕਤੀ ਕਿਵੇਂ ਪ੍ਰਾਪਤ ਹੋਈ ?

**ਹੋਰ ਜਾਣਕਾਰੀ ਲਈ ਪੁਸਤਕਾਂ :**

1. Ganda Singh, Sardar Jassa Singh Ahluwalia (Pbi. Univ., Patiala, 1969), passim.
2. Gurbachan Singh Nayyar, Sikh Polity and Political Institutions (New Delhi, 1979), passim.

**ਪਾਠ ਨੰ. 2.5 (ੲ)**

## ਸਿੱਖ ਮਿਸਲਾਂ ਦਾ ਮੁੱਢ ਤੇ ਵਿਕਾਸ

ਮੁਗ਼ਲ ਅਤੇ ਅਫ਼ਗਾਨ ਅਤਿਆਚਾਰਾਂ ਕਾਰਨ ਉੱਤਰੀ ਭਾਰਤ ਤੇ ਪੰਜਾਬ ਦੀ ਗ਼ੈਰ-ਮੁਸਲਮਾਨ ਆਬਾਦੀ ਪ੍ਰੇਸ਼ਾਨ ਸੀ ਅਤੇ ਸੰਘਰਸ਼ ਦੇ ਰਾਹ ਤੁਰ ਪਈ ਸੀ। ਦਲ ਖਾਲਸਾ ਨੇ ਸਿੱਖ ਮਿਸਲਾਂ ਲਈ ਰਾਹ ਖੋਲ੍ਹ ਦਿੱਤਾ ਸੀ। 1765 ਈ. ਤੱਕ ਮਿਸਲਾਂ ਜਨਮ ਲੈ ਚੁੱਕੀਆਂ ਸਨ।

**ਪਾਠ ਦੀ ਬਣਤਰ :**

- ਮੁੱਢ ਤੇ ਵਿਕਾਸ
- ਨਵਾਬ ਕਪੂਰ ਸਿੰਘ ਦੀ ਅਗਵਾਈ
- ਜ਼ਕਰੀਆ ਖਾਂ ਦੀ ਮੌਤ – ਸਿੱਖਾਂ ਦਾ ਪੁਨਰਗਠਨ
- ਦਲ ਖਾਲਸਾ ਦੇ ਭਾਗ ਜਾਂ ਵੰਡ ਤੇ ਵਿਧਾਨ
- ਲੜਾਈ ਦੇ ਢੰਗ
- ਮਿਸਲ ਸ਼ਬਦ ਦਾ ਭਾਵ
- ਮਿਸਲਾਂ ਦਾ ਵਿਕਾਸ ਅਤੇ ਨਾਮ/ਜਾਣ-ਪਛਾਣ
- ਛੋਟੇ ਪ੍ਰਸ਼ਨ ਅਤੇ ਲੰਮੇ ਪ੍ਰਸ਼ਨ
- ਪੁਸਤਕਾਂ

**ਉਦੇਸ਼**

(1) ਸਿੱਖ ਮਿਸਲਾਂ ਦੇ ਜਨਮ ਤੇ ਵਿਕਾਸ ਦੀ ਜਾਣਕਾਰੀ ਦੇਣਾ।
(2) ਮਿਸਲ ਸ਼ਬਦ ਦੇ ਅਰਥ ਅਤੇ ਸਰੂਪ ਦਾ ਵਰਨਣ ਕਰਨਾ।
(3) ਮਿਸਲਾਂ ਦੇ ਆਪਸੀ ਸਬੰਧਾਂ ਦਾ ਜ਼ਿਕਰ ਕੀਤਾ ਜਾਵੇਗਾ।

## ਸਿੱਖ ਮਿਸਲਾਂ ਦਾ ਮੁੱਢ ਤੇ ਵਿਕਾਸ

ਪ੍ਰਵੇਸ਼ : ਮੁਗ਼ਲ ਸਰਕਾਰ ਦੇ ਦਲ ਖਾਲਸਾ ਤੇ ਵਧਦੇ ਅਤਿਆਚਾਰਾਂ ਨੇ ਸਿੱਖਾਂ ਨੂੰ ਘਰ-ਬਾਰ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਿਚ ਸ਼ਰਨ ਲੈਣ ਲਈ ਮਜ਼ਬੂਰ ਕਰ ਦਿੱਤਾ ਸੀ। ਜਿੰਨੀਆਂ ਵੱਧ ਸਖਤੀਆਂ ਸਿੱਖਾਂ ਨਾਲ ਕੀਤੀਆਂ ਗਈਆਂ, ਆਪਣੇ ਆਚਰਣ ਕਰਕੇ ਉਤਨੀ ਹੀ ਵੱਧ ਸਹਿਣ-ਸ਼ਕਤੀ ਨਾਲ ਇਨ੍ਹਾਂ ਨੇ ਖਿੜੇ ਮੱਥੇ ਉਨ੍ਹਾਂ ਮੁਸੀਬਤਾਂ ਦਾ ਟਾਕਰਾ ਕੀਤਾ। ਆਪਣੀ ਜਾਨ ਅਤੇ ਸੁਰੱਖਿਆ ਲਈ ਅਤੇ ਜ਼ਾਲਮ ਸਰਕਾਰ ਦੇ ਵਿਰੁੱਧ ਡਟਣ ਲਈ ਉਨ੍ਹਾਂ ਆਪਣੇ ਆਪ ਨੂੰ ਛੋਟੇ ਛੋਟੇ ਗਸ਼ਤੀ ਦਸਤਿਆਂ ਵਿਚ ਜਥੇਬੰਦ ਕਰਕੇ ਮੁਗ਼ਲ ਸਾਮਰਾਜ ਦੇ ਨੱਕ ਵਿਚ ਦਮ ਕਰ ਦਿੱਤਾ।

1726 ਈ. ਵਿਚ ਅਬਦੁੱਸ ਸਮਦ ਖਾਂ ਦੀ ਥਾਂ ਜ਼ਕਰੀਆ ਖਾਂ ਦੇ ਗਵਰਨਰ ਬਣਦਿਆਂ ਸਾਰ ਹੀ ਸਿੱਖਾਂ ਲਈ ਅਤਿ ਸਖਤੀ ਦਾ ਸਮਾਂ ਆਰੰਭ ਹੋ ਗਿਆ। ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਫੌਜੀ ਪਾਰਟੀਆਂ ਜਥੇਬੰਦ ਕੀਤੀਆਂ। ਇਨ੍ਹਾਂ ਦਾ ਕੰਮ ਸਿੱਖਾਂ ਨੂੰ ਪਹਾੜਾਂ ਅਤੇ ਜੰਗਲਾਂ ਵਿਚੋਂ ਲੱਭ ਕੇ ਮਾਰਨਾ ਸੀ। ਇਥੋਂ ਤੱਕ ਕਿ ਸਿੱਖਾਂ ਦੇ ਸਿਰਾਂ ਦਾ ਮੁੱਲ ਰੱਖਿਆ ਗਿਆ ਤੇ ਉਨ੍ਹਾਂ ਦੀਆਂ ਆਮ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਉਨ੍ਹਾਂ ਨੂੰ ਲਾਹੌਰ ਵਿਚ ਦਿੱਲੀ ਦਰਵਾਜ਼ੇ ਦੇ ਬਾਹਰ ਨਖਸ (ਘੋੜਿਆਂ ਦੀ ਮੰਡੀ) ਨਾਮੀ ਅਸਥਾਨ ਤੇ ਲਿਆਂਦਾ ਜਾਂਦਾ ਸੀ ਅਤੇ ਫਿਰ ਤਸੀਹੇ ਦੇ ਕੇ ਕਤਲ ਕੀਤਾ ਜਾਂਦਾ ਸੀ। ਏਥੇ ਹੀ ਬਸ ਨਹੀਂ ਬਲਕਿ ਪੰਜਾਬ ਦੀ ਮੁਸਲਮਾਨੀ ਵਸੋਂ ਪਾਸੋਂ ਵੀ ਜ਼ਕਰੀਆ ਖਾਂ ਨੇ ਸਿੱਖਾਂ ਦਾ ਖਾਤਮਾ ਕਰਨ ਲਈ ਮਦਦ ਮੰਗੀ ਤੇ ਉਨ੍ਹਾਂ ਇਸਲਾਮ ਦੇ ਨਾਂ ਤੇ ਵੰਗਾਰਿਆ ਤੇ ਉਹ ਸਿੱਖਾਂ ਵਿਰੁੱਧ ਜਹਾਦ (ਧਰਮ ਯੁੱਧ) ਕਰਨ ਲਈ ਇਕੱਠੇ ਹੋ ਗਏ ਪਰ ਸਿੱਖਾਂ ਨੇ ਗਾਜੀਆਂ ਨੂੰ ਜਿਹੜੇ ਹੈਦਰੀ ਝੰਡੇ ਥੱਲੇ ਇਕੱਠੇ ਹੋਏ ਸਨ, ਉਨ੍ਹਾਂ: ਨੂੰ ਹਾਰ ਦਿੱਤੀ ਅਤੇ ਭੀਲੋਵਾਲ ਦੇ ਅਸਥਾਨ ਤੇ ਉਸ ਨੂੰ ਮੁਕੰਮਲ ਤੌਰ ਤੇ ਤਬਾਹ ਕਰ ਦਿੱਤਾ। ਇਸ ਤਰ੍ਹਾਂ ਜ਼ਕਰੀਆ ਖਾਂ ਦੇ ਸਾਰੇ ਉਪਰਾਲੇ ਸਿੱਖਾਂ ਦੇ ਵਿਰੁੱਧ ਅਸਫ਼ਲ ਸਾਬਤ ਹੋਏ ਤਾਂ ਉਸ ਨੇ ਸਿੱਖਾਂ ਵਿਰੁੱਧ ਤਸ਼ੱਦਦ ਦੀ

ਪਾਲਿਸੀ ਛੱਡ ਕੇ ਸਿੱਖਾਂ ਦੇ ਨਾਲ ਸਮਝੌਤਾ ਕਰਨ ਦਾ ਯਤਨ ਕੀਤਾ।

**ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਫੌਜੀ ਜਥੇਬੰਦੀ**

ਸਿੱਖਾਂ ਨਾਲ ਸੁਲਾਹ ਕਰਨ ਲਈ ਜ਼ਕਰੀਆ ਖਾਂ ਨੇ ਸਿੱਖਾਂ ਦੇ ਆਗੂ ਨੂੰ ਨਵਾਬ ਦਾ ਖ਼ਿਤਾਬ ਤੇ ਇਕ ਲੱਖ ਮਾਲੀਏ ਵਾਲੀ ਜਾਗੀਰ ਦੇਣ ਦੀ ਪੇਸ਼ਕਸ਼ ਕੀਤੀ। ਸਿੱਖਾਂ ਨੇ ਇਹ ਸਮਝੌਤਾ ਮੰਨ ਲਿਆ ਤੇ ਇਸੇ ਕਰਕੇ ਇਨ੍ਹਾਂ ਦੇ ਲੀਡਰ ਕਪੂਰ ਸਿੰਘ ਨੂੰ ਨਵਾਬ ਦਾ ਖਿਤਾਬ ਅਤੇ ਇਕ ਲੱਖ ਰੁਪਏ ਸਾਲਾਨਾ ਦੀ ਜਾਗੀਰ ਮੁਗ਼ਲ ਸਰਕਾਰ ਵਲੋਂ ਦਿੱਤੀ ਗਈ। ਇਸ ਤਰ੍ਹਾਂ ਲਗਭਗ 25 ਸਾਲਾਂ ਦੀ ਖਿੱਚੋਤਾਣ ਮਗਰੋਂ ਸਿੱਖਾਂ ਅਤੇ ਮੁਗ਼ਲ ਸਰਕਾਰ ਵਿਚਕਾਰ ਸਮਝੌਤਾ ਹੋ ਗਿਆ। ਜ਼ਕਰੀਆ ਖਾਂ ਦਾ ਵਿਚਾਰ ਸੀ ਕਿ ਇਸ ਸੁਲਾਹ ਪਿਛੋਂ ਸਿੱਖ ਚੈਨ ਨਾਲ ਬੈਠ ਕੇ ਖੇਤੀਬਾੜੀ ਕਰਨ ਵਿਚ ਰੁੱਝ ਜਾਣਗੇ ਪਰ ਉਸ ਦਾ ਖਿਆਲ ਗ਼ਲਤ ਨਿਕਲਿਆ ਕਿਉਂਕਿ ਇਸ ਸਮੇਂ ਤੱਕ ਸਿੱਖ ਪੂਰਨ ਤੌਰ ਤੇ ਸਿਪਾਹੀ ਬਣ ਚੁੱਕੇ ਸਨ। ਜਿਉਂ ਹੀ ਉਨ੍ਹਾਂ ਨੂੰ ਸੁਖ ਦਾ ਸਾਹ ਮਿਲਿਆ ਉਨ੍ਹਾਂ ਨੇ ਆਪਣੇ ਆਪ ਨੂੰ ਹੋਰ ਚੰਗੀ ਤਰ੍ਹਾਂ ਜਥਿਆਂ ਵਿਚ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। 1734 ਈ. ਵਿਚ ਨਵਾਬ ਕਪੂਰ ਸਿੰਘ ਨੇ ਸਿੱਖਾਂ ਨੂੰ ਠੀਕ ਤਰੀਕੇ ਨਾਲ ਜਥੇਬੰਦ ਕਰਨ ਲਈ ਅੰਮ੍ਰਿਤਸਰ ਵਿਖੇ ਇਕੱਤਰ ਕੀਤਾ। ਉਸਨੇ ਉਮਰ ਅਨੁਸਾਰ ਸਿੱਖਾਂ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ, ਬੁੱਢਾ ਦਲ ਤੇ ਤਰੁਣਾ ਦਲ। ਬੁੱਢੇ ਦਲ ਵਿਚ ਵਡੇਰੀ ਉਮ੍ਰਰ ਦੇ ਉਹ ਸਿੱਖ ਸਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਆਪਣੀ ਅੱਖੀਂ ਡਿੱਠਾ ਸੀ ਤੇ ਇਸ ਦਲ ਨੂੰ ਸਿੱਖ ਧਾਰਮਿਕ ਕੇਂਦਰਾਂ ਦੀ ਰਾਖੀ ਦਾ ਕੰਮ ਸੌਂਪਿਆ ਗਿਆ ਤੇ ਨਵਾਬ ਕਪੂਰ ਸਿੰਘ ਨੂੰ ਇਸ ਦਾ ਮੁਖੀ ਥਾਪਿਆ ਗਿਆ। ਤਰੁਣਾ ਦਲ ਵਿਚ ਨੌਜਵਾਨ ਸਿੱਖਾਂ ਦੀ ਫੌਜ ਸੀ ਤੇ ਇਸ ਦੇ ਕੰਮ ਸਿੱਖਾਂ ਦੀ ਜ਼ਿੰਦ-ਜਾਨ ਦੀ ਸੁਰੱਖਿਆ ਕਰਨਾ ਤੇ ਅਤਿਆਚਾਰੀਆਂ ਨਾਲ ਟਾਕਰਾ ਸੀ। ਪਰ ਜਲਦੀ ਹੀ ਤਰੁਣਾ ਦਲ ਦੇ ਮੈਂਬਰਾਂ ਦੀ ਗਿਣਤੀ 12,000 ਤੱਕ ਪਹੁੰਚ ਗਈ। ਇਸ ਲਈ ਪ੍ਰਬੰਧਕ ਸਹੂਲਤਾਂ ਕਾਇਮ ਰੱਖਣ ਲਈ ਇਸ ਨੂੰ ਪੰਜ ਭਾਗਾਂ ਵਿਚ ਵੰਡ ਦਿੱਤਾ ਗਿਆ। ਇਨ੍ਹਾਂ ਦੇ ਲੀਡਰ ਇਹ ਸਨ :

ਪਹਿਲੇ ਜੱਥੇ ਦੇ ਲੀਡਰ ਬਾਬਾ ਦੀਪ ਸਿੰਘ ਸੀ।
ਦੂਜੇ ਜੱਥੇ ਦੇ ਕਰਮ ਸਿੰਘ ਤੇ ਧਰਮ ਸਿੰਘ ਸੀ।
ਤੀਜੇ ਜੱਥੇ ਦੇ ਕਾਹਨ ਸਿੰਘ ਤੇ ਵਿਨੋਦ ਸਿੰਘ ਸੀ।
ਚੌਥੇ ਜੱਥੇ ਦਾ ਦਸੌਂਧਾ ਸਿੰਘ ਅਤੇ
ਪੰਜਵੇਂ ਜੱਥੇ ਦੇ ਵੀਰ ਸਿੰਘ ਤੇ ਜੀਵਨ ਸਿੰਘ ਸੀ।

ਇਸ ਤਰ੍ਹਾਂ ਵੰਡੇ ਹੋਏ ਹਰੇਕ ਭਾਗ ਦਾ ਵੱਖਰਾ ਨਗਾਰਾ ਅਤੇ ਝੰਡਾ ਹੁੰਦਾ ਸੀ। ਅੰਮ੍ਰਿਤਸਰ ਵਿਚ ਇਨ੍ਹਾਂ ਪੰਜ ਜਥਿਆਂ ਦੇ ਪੰਜ ਹੀ ਹੈਡਕੁਆਟਰ ਸਨ – ਰਾਮਸਰ, ਬਿਬੇਕ ਸਰ, ਲਛਮਣ ਸਰ, ਕੌਲ ਸਰ ਅਤੇ ਸੰਤੋਖ ਸਰ। ਨਵਾਬ ਕਪੂਰ ਸਿੰਘ ਦੋਹਾਂ ਦਲਾਂ ਦਾ ਸਾਂਝਾ ਆਗੂ ਸੀ। ਸਾਰੇ ਹੀ ਸਿੱਖ ਉਸ ਦੇ ਬਚਨਾਂ ਦਾ ਸਤਿਕਾਰ ਤੇ ਆਗਿਆ ਦਾ ਪਾਲਣ ਕਰਦੇ ਸਨ। ਗੰਡਾ ਸਿੰਘ ਤੇ ਤੇਜਾ ਸਿੰਘ ਦੇ ਕਥਨ ਅਨੁਸਾਰ ਨਵਾਬ ਕਪੂਰ ਸਿੰਘ ਦੀ ਇਤਨੀ ਇੱਜ਼ਤ ਸੀ ਕਿ ਜੇ ਕੁਝ ਉਸ ਦੇ ਮੂੰਹੋਂ ਨਿਕਲਦਾ, ਸਿੱਖ ਉਸ ਉਤੇ ਫੁੱਲ ਚੜ੍ਹਾਉਣ ਵਿਚ ਫ਼ਖ਼ਰ ਪ੍ਰਤੀਤ ਕਰਦੇ ਸਨ।

**ਦਲ ਖਾਲਸਾ ਦੀ ਮੁਗ਼ਲਾਂ ਵਿਰੁੱਧ ਕਾਰਵਾਈ :**

ਦੋਵੇਂ ਦਲ ਰਲਕੇ – ਸਾਂਝੇ ਵੈਰੀ ਮੁਗ਼ਲਾਂ ਦੇ ਵਿਰੁੱਧ ਕਾਰਵਾਈਆਂ ਕਰਦੇ ਸਨ, ਵਿਸ਼ੇਸ਼ ਕਰਕੇ ਦਲ ਖਾਲਸਾ ਨੇ ਮੁਗ਼ਲਾਂ ਦਾ ਨੱਕ ਵਿਚ ਦਮ ਕਰ ਛੱਡਿਆ ਸੀ। ਉਨ੍ਹਾਂ ਨੇ ਸਾਰਾ ਬਾਰੀ ਦੁਆਬ ਉਜਾੜ ਛੱਡਿਆ ਅਤੇ ਹਿਸਾਰ ਤੱਕ ਜਾ ਪੁੱਜੇ। ਸਿੱਖਾਂ ਦੀਆਂ ਇਨ੍ਹਾਂ ਕਾਰਵਾਈਆਂ ਨੇ ਜ਼ਕਰੀਆ ਖਾਂ ਦੇ ਮਨ ਵਿਚ ਡਰ ਪੈਦਾ ਕਰ ਦਿੱਤਾ। ਉਸ ਨੇ ਫਿਰ ਸਿੱਖਾਂ ਨੂੰ ਕੁਚਲਣ ਲਈ ਦੀਵਾਨ ਲਖਪਤ ਰਾਇ ਦੀ ਅਗਵਾਈ ਹੇਠ ਫੌਜ ਭੇਜੀ। ਅੰਮ੍ਰਿਤਸਰ ਦੇ ਨੇੜੇ ਬਾਸਰਕੇ ਸਥਾਨ ਤੇ ਮੁਗ਼ਲਾਂ ਦੀ ਬੁੱਢੇ ਦਲ ਨਾਲ ਲੜਾਈ ਹੋਈ। ਬੁੱਢਾ ਦਲ ਹਾਰ ਕੇ ਚੂਨੀਆਂ ਵੱਲ ਵਧਿਆ। ਇੰਨੇ ਨੂੰ ਤਰੁਣਾ ਦਲ ਵੀ ਆ ਰਲਿਆ ਅਤੇ ਮੁਗ਼ਲ ਹਾਰ ਗਏ। ਲਖਪਤ ਰਾਇ ਦਾ ਭਤੀਜਾ ਤੇ ਪ੍ਰਸਿੱਧ ਫੌਜਦਾਰ ਜਲਾਲ ਖਾਂ ਅਤੇ ਤਾਤਾਰ ਖਾਂ ਮਾਰੇ ਗਏ। ਇਸ ਲੜਾਈ ਵਿਚ ਸਿੱਖਾਂ ਦੀ ਕਮਾਨ ਕਪੂਰ ਸਿੰਘ ਦੇ ਹੱਥ ਵਿਚ ਸੀ।

ਜ਼ਕਰੀਆ ਖਾਂ ਦੀ ਮੌਤ ਤੇ ਸਿੱਖਾਂ ਦਾ ਪੁਨਰਗਠਨ :

ਜ਼ਕਰੀਆ ਖਾਂ ਦੀ ਮੌਤ ਪਿਛੋਂ ਘਰੋਗੀ ਫੁੱਟ ਤੋਂ ਲਾਭ ਉਠਾਉਂਦਿਆਂ ਸਿੱਖ ਅੰਮ੍ਰਿਤਸਰ ਦੀਵਾਲੀ ਵਾਲੇ ਦਿਨ ਅਕਤੂਬਰ 1745 ਵਿਚ ਇਕੱਠੇ ਹੋਏ ਤੇ ਗੁਰਮਤਾ ਸੋਧ ਕੇ ਸੌ-ਸੌ ਦੇ 25 ਜਥਿਆ ਵਿਚ ਆਪਣੇ ਆਪ ਨੂੰ ਵੰਡ ਲਿਆ। ਇਹ ਗੁਰਮਤਾ ਅਤਿਆਚਾਰਾਂ ਦੇ ਕਾਫੀ ਸਮੇਂ ਪਿਛੋਂ ਸੋਧਿਆ ਗਿਆ ਸੀ। ਇਨ੍ਹਾਂ ਜਥਿਆਂ ਦੀ ਨਾ ਕੇਵਲ ਧਾਰਮਿਕ ਸਾਂਝ ਹੀ ਸੀ ਸਗੋਂ ਜੀਵਨ ਦੀਆਂ ਹੋਰ ਸਾਂਝਾਂ ਵੀ ਸਨ। ਕਿਸੇ ਵੀ ਸਿੱਖ ਜਥੇ ਵਿਚ ਭਰਤੀ ਹੋਣ ਲਈ ਉਸ

ਦਾ ਘੋੜ ਸਵਾਰ ਹੋਣਾ ਤੇ ਲੜ ਸਕਣ ਲਈ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨ ਹੋਣਾ ਦੋ ਮੁੱਖ ਵਿਸ਼ੇਸ਼ਤਾਈਆਂ ਸਨ, ਪਰ ਘੋੜਾ ਅਤੇ ਤੋੜੇ ਵਾਲੀ ਬੰਦੂਕ ਹੋਣੀ ਹੋਰ ਵੱਧ ਵਿਸ਼ੇਸ਼ਤਾਈ ਸੀ। ਜਥੇ ਦੇ ਸਰਦਾਰ ਸਮੂਹਕ ਖਾਲਸਾ ਦਲ ਨਾਲ ਇਕੋ ਜਿਹਾ ਵਰਤਾਰਾ ਕਰਦੇ ਸਨ। ਲੁੱਟ ਮਾਰ ਦਾ ਮਾਲ ਵੀ ਸਭ ਵਿਚ ਬਰਾਬਰ ਵੰਡਿਆ ਜਾਂਦਾ ਸੀ। ਇਸ ਸੰਸਥਾ ਨੇ ਕਈ ਮਹਾਨ ਲੀਡਰ ਪੈਦਾ ਕੀਤੇ। ਕੋਈ ਬੰਦਾ ਜਿਹੜਾ ਨਿਡਰ, ਸੂਰਬੀਰ, ਸਵੈ-ਭਰੋਸੇ ਤੇ ਝੱਟ ਫੈਸਲਾ ਕਰਨ ਵਾਲਾ ਹੁੰਦਾ ਸੀ। ਉਹ ਲੋਕਾਂ ਨੂੰ ਆਪਣੇ ਵੱਲ ਖਿੱਚ ਲੈਂਦਾ ਸੀ। ਇਸ ਤਰ੍ਹਾਂ ਸਿੱਖਾਂ ਦਾ ਫੌਜੀ ਦਸਤਿਆਂ ਵਿਚ ਵੰਡੇ ਜਾਣਾ ਉਨ੍ਹਾਂ ਦੇ ਜੀਵਨ ਦਾ ਇਕ ਮੀਲ ਪੱਥਰ ਸੀ। ਇਨ੍ਹਾਂ ਦਸਤਿਆਂ ਨੇ ਲੜਾਈ ਦੇ ਗੁਰੀਲਾ ਢੰਗ ਅਪਣਾਏ ਜਿਹੜੇ ਲਾਭਦਾਇਕ ਸਿੱਧ ਹੋਏ ਅਤੇ ਇਨ੍ਹਾਂ ਦਾ ਆਪਣਾ ਬਹੁਤ ਨੁਕਸਾਨ ਹੁੰਦਾ ਸੀ। ਇਨ੍ਹਾਂ ਦਸਤਿਆਂ ਦੇ ਵਿਕਾਸ ਨੇ ਹੀ ਕੌਮੀ ਫੌਜ ਦੀ ਨੀਂਹ ਰੱਖੀ।

ਹੌਲੀ ਹੌਲੀ ਸਿੱਖ ਜਥਿਆਂ ਦੀ ਗਿਣਤੀ 65 ਹੋ ਗਈ। ਹੁਣ ਸਿੱਖ ਨੇਤਾਵਾਂ ਦੇ ਸਾਹਮਣੇ ਇਹ ਸਮੱਸਿਆ ਪੈਦਾ ਹੋ ਗਈ ਕਿ ਇਨ੍ਹਾਂ ਦੀ ਅਗਵਾਈ ਕਿਸ ਤਰ੍ਹਾਂ ਕੀਤੀ ਜਾਵੇ। ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਖੁਸ਼ਕਿਸਮਤੀ ਨਾਲ ਉਸ ਸਮੇਂ ਸਿੱਖਾਂ ਵਿਚ ਇਕ ਬੜਾ ਯੋਗ ਲੀਡਰ ਜੱਸਾ ਸਿੰਘ ਆਹਲੂਵਾਲੀਆ ਜਿਸ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਥੱਲੇ ਸਿਖਲਾਈ ਲਈ ਸੀ, ਪੈਦਾ ਹੋ ਚੁੱਕਾ ਸੀ। ਨਵਾਬ ਕਪੂਰ ਸਿੰਘ ਬੁੱਢਾ ਹੋ ਰਿਹਾ ਸੀ। ਉਹ ਦਲ ਖਾਲਸਾ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪਣ ਲਈ ਮੌਕੇ ਦੀ ਭਾਲ ਵਿਚ ਸੀ। ਇਹ ਮੌਕਾ ਅਬਦਾਲੀ ਦੀ ਪੰਜਾਬ ਦੀ ਲੁੱਟ ਮਾਰ ਪਿਛੋਂ ਮਿਲਿਆ। 1748 ਈ. ਵਿਚ ਵਿਸਾਖੀ ਵਾਲੇ ਦਿਨ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ। ਨਵਾਬ ਕਪੂਰ ਸਿੰਘ ਨੇ ਸਿੱਖ ਪੰਥ ਵਿਚ ਏਕਤਾ ਤੇ ਜ਼ੋਰ ਦਿੱਤਾ ਅਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਸਿੱਖ ਫੌਜ ਦਾ ਸਾਂਝਾ ਆਗੂ ਬਣਾ ਦਿੱਤਾ। ਸਿੱਖਾਂ ਦੇ ਪੈਂਹਠ (65) ਜਥਿਆਂ ਨੂੰ ਬਾਰਾਂ (12) ਮੁੱਖ ਭਾਗਾਂ ਵਿਚ ਵੰਡ ਦਿੱਤਾ ਗਿਆ। ਹਰ ਇਕ ਦਾ ਵੱਖਰਾ ਝੰਡਾ ਅਤੇ ਵੱਖਰੀ ਫੌਜ ਸੀ।

ਦਲ ਖਾਲਸਾ ਦੀ ਮੁੱਖ ਭਾਗਾਂ ਵਿਚ ਵੰਡ

(1) ਆਹਲੂਵਾਲੀਆ ਜਥਾ ਜਿਸ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ ਕਰਦਾ ਸੀ। ਲੜਾਈ ਸਮੇਂ ਸਮੁੱਚੀ ਫੌਜ ਦੀ ਅਗਵਾਈ ਕਰਦਾ ਸੀ।

(2) ਫੈਜ਼ਲਪੁਰੀਆ ਜਾਂ ਸਿੰਘਪੁਰੀਆ ਜਥਾ – ਜਿਹੜਾ ਨਵਾਬ ਕਪੂਰ ਫੈਜ਼ਲਪੁਰੀਆ ਦੀ ਕਮਾਨ ਥੱਲੇ ਸੀ।

(3) ਸ਼ੁਕਰਚਕੀਆ ਜਥਾ – ਭਾਈ ਨੋਧ ਸਿੰਘ ਦੀ ਅਗਵਾਈ ਥੱਲੇ ਸੀ, ਜਿਹੜਾ ਸ਼ੁਕਰਚੱਕ ਜ਼ਿਲ੍ਹਾ ਗੁਜਰਾਂਵਾਲਾ ਦਾ ਵਸਨੀਕ ਸੀ।

(4) ਨਿਸ਼ਾਨਵਾਲੀਆ ਜਥਾ – ਇਹ ਭਾਈ ਦਸੌਂਧਾ ਸਿੰਘ ਦੀ ਅਗਵਾਈ ਥੱਲੇ ਸੀ।

(5) ਭੰਗੀ ਜਥਾ – ਹਰੀ ਸਿੰਘ ਭੰਗੀ ਦੀ ਕਮਾਨ ਥੱਲੇ ਸੀ।

(6) ਕਨ੍ਹਈਆ ਜਥਾ – ਜ਼ਿਲ੍ਹਾ ਲਾਹੌਰ, ਪਿੰਡ ਕਾਹਨਾ ਦੇ ਵਸਨੀਕ ਜੈ ਸਿੰਘ ਕਨ੍ਹਈਆ ਦੀ ਅਗਵਾਈ ਹੇਠ ਸੀ।

(7) ਨਕੱਈ ਜਥਾ – ਇਸ ਦਾ ਜਥੇਦਾਰ ਹੀਰਾ ਸਿੰਘ ਨਕੱਈ ਸੀ, ਜੋ ਕਿ ਪਿੰਡ ਭਰਵਾਲ, ਚੂਨੀਆ ਤਸੀਲ ਲਾਹੌਰ ਦਾ ਵਾਸੀ ਸੀ।

(8) ਡੱਲਵਾਲੀਆ ਜਥਾ – ਇਹ ਗੁਲਾਬ ਸਿੰਘ ਦਾ ਜਥਾ ਸੀ।

(9) ਸ਼ਹੀਦ ਜਥਾ – ਸਰਦਾਰ ਦੀਪ ਸਿੰਘ ਦੀ ਅਗਵਾਈ ਥੱਲੇ ਸੀ।

(10) ਕਰੋੜਸਿੰਘੀਆ ਜਥਾ – ਕਰੋੜ ਸਿੰਘ ਪੰਜਗੜ੍ਹ ਦੇ ਵਸਨੀਕ ਦੀ ਅਗਵਾਈ ਹੇਠ ਸੀ।

(11) ਰਾਮਗੜੀਆ ਜਥਾ – ਨੰਦ ਸਿੰਘ ਦੇ ਹੇਠ ਸੀ।

(12) ਫੂਲਕੀਆ ਜੱਥੇ ਦਾ ਮੋਢੀ ਚੌਧਰੀ ਫੂਲ ਸੀ।

**ਨਵੀਂ ਜਥੇਬੰਦੀ ਦਾ ਵਿਧਾਨ :** ਗੁਰੂ ਗੋਬਿੰਦ ਸਿੰਘ ਜੀ ਦੇ ਅਸੂਲਾਂ ਵਿਚ ਵਿਸ਼ਵਾਸ ਰੱਖਣ ਵਾਲਾ ਹਰ ਸਿੱਖ ਦਲ ਖਾਲਸਾ ਦਾ ਮੈਂਬਰ ਗਿਣਿਆ ਜਾਂਦਾ ਸੀ ਤੇ ਹਰ ਇਕ ਸਿੱਖ ਲਈ ਜ਼ਰੂਰੀ ਸੀ ਕਿ ਉਹ ਕਿਸੇ ਵੀ ਜਥੇ ਵਿਚ ਸ਼ਾਮਿਲ ਹੋ ਜਾਵੇ ਅਤੇ ਉਸ ਨੂੰ ਘੋੜ ਸਵਾਰੀ ਅਤੇ ਹਥਿਆਰਾਂ ਦੀ ਵਰਤੋਂ ਦੀ ਜਾਣਕਾਰੀ ਹੋਣੀ ਜ਼ਰੂਰੀ ਸੀ। ਲੜਾਈ ਅਤੇ ਬਚਾਉ ਦੇ ਸਮੇਂ ਸਾਰੇ ਜਥੇ ਇਕ ਹੋ ਕੇ ਸਾਂਝੇ ਲੀਡਰ ਦੀ ਕਮਾਨ ਥੱਲੇ ਲੜਦੇ ਸਨ, ਜਿਹੜਾ ਕਿ ਉਨ੍ਹਾਂ ਨੇ ਪਹਿਲਾਂ ਹੀ ਨਿਯਤ ਕੀਤਾ ਹੁੰਦਾ ਸੀ। ਬਾਕੀ ਦੇ ਗਿਆਰਾਂ ਗਰੁੱਪ ਰਲਕੇ ਸਲਾਹ ਕਮੇਟੀ ਦਾ ਰੂਪ ਧਾਰਨ ਕਰ ਲੈਂਦੇ ਸਨ ਜਿਸ ਨੂੰ ਦੂਜੇ ਸ਼ਬਦਾਂ ਵਿਚ ਯੁੱਧ ਕੌਂਸਲ (ਰੁਗ ਙਰਚਅਫਜ;) ਆਖਿਆ ਂਦਾ ਸੀ। ਇਨ੍ਹਾਂ ਜਥਿਆਂ ਦੀ ਏਕਤਾ ਕਾਇਮ

ਰੱਖਣ ਲਈ ਦੀਵਾਲੀ ਅਤੇ ਵਿਸਾਖੀ ਤੇ ਅੰਮ੍ਰਿਤਸਰ ਵਿਚ ਮੀਟਿੰਗ ਹੁੰਦੀ। ਇਸ ਮੌਕੇ ਤੇ ਸਾਰੇ ਸਿੱਖ ਮੁਖੀ ਆਪਣੇ ਮੁਖੀ ਸਰਦਾਰ ਥੱਲੇ ਇਕ ਸਪੈਸ਼ਲ ਕੌਂਸਲ ਬੁਲਾਕੇ ਪੰਥ ਦੇ ਵਿਸ਼ੇਸ਼ ਮਾਮਲਿਆਂ ਤੇ ਵਿਚਾਰ ਕਰਦੇ ਸਨ ਅਤੇ ਮਤੇ ਪਾਸ ਕਰਦੇ ਸਨ। ਅੰਮ੍ਰਿਤਸਰ ਦੇ ਧਾਰਮਿਕ ਮਾਮਲਿਆਂ ਦੀ ਸਾਰੀ ਕਮਾਂਡ ਉਨ੍ਹਾਂ ਦੇ ਹੱਥ ਸੀ। ਇਹ ਸਿੱਖ ਧਰਮ ਦੇ ਬਹੁਤ ਪੱਕੇ ਸਨ। ਸਿੱਖਾਂ ਵਿਚ ਮਰਯਾਦਾ ਕਾਇਮ ਰੱਖਣੀ ਇਨ੍ਹਾਂ ਦਾ ਮੁੱਖ ਕਰਤਵ ਸੀ। ਕੌਮੀ ਕੌਂਸਲਾਂ ਵਿਚ ਵੀ ਉਹ ਭਾਗ ਲੈਂਦੇ ਸਨ, ਅੰਮ੍ਰਿਤ ਛਕਾਉਂਦੇ ਸਨ। ਜਿਹੜਾ ਗੁਰੂ ਘਰ ਦੇ ਅਸੂਲਾਂ ਦੀ ਉਲੰਘਣਾ ਕਰਦਾ ਸੀ, ਉਸ ਨੂੰ ਜੁਰਮਾਨੇ ਲਾਉਂਦੇ ਸਨ ਅਤੇ ਆਗਿਆ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਦਰਬਾਰ ਸਾਹਿਬ ਆਉਣ ਤੋਂ ਰੋਕ ਦਿੰਦੇ ਸਨ। ਇਸ ਤਰ੍ਹਾਂ ਸਿੱਖਾਂ ਵਿਚ ਇਕ ਤਰ੍ਹਾਂ ਦੀ ਫੈਡਰਲ ਯੂਨੀਅਨ (ਕਦਗ਼; ਓਅਜਰਅ) ਕਾਇਮ ਹੋ ਗਈ। ਦਲ ਖਾਲਸਾ ਦੇ ਲੀਡਰ ਨੂੰ ਕੌਮ ਅਤੇ ਧਰਮ ਦਾ ਮੁਖੀ ਸਮਝਿਆ ਜਾਂਦਾ ਸੀ। ਜਦੋਂ ਕੋਈ ਅਚਾਨਕ ਸੰਕਟ ਨਾ ਹੁੰਦਾ ਤਾਂ ਹਰ ਜਥਾ ਆਪਣੇ ਮੁਆਮਲੇ ਆਪ ਨਜਿੱਠਦਾ ਸੀ ਅਤੇ ਲੜਾਈ ਸਮੇਂ ਜਥੇਦਾਰ ਹੀ ਜਥੇ ਦੀ ਅਗਵਾਈ ਕਰਦਾ ਸੀ। ਉਸ ਦੇ ਸਾਥੀ ਉਸ ਦਾ ਪੂਰਾ ਸਤਿਕਾਰ ਕਰਦੇ ਸਨ ਪਰ ਜੇ ਪੰਥ ਜਾਂ ਜਥੇ ਦੀ ਕੋਈ ਅਵੱਗਿਆ ਹੁੰਦੀ ਜਾਂ ਜਥੇਦਾਰ ਕਿਸੇ ਮੁਆਮਲੇ ਵਿਚ ਬੇਰੁਖੀ ਵਿਖਾਉਂਦਾ ਤਾਂ ਲੋਕੀ ਉਸ ਨੂੰ ਛੱਡ ਕੇ ਦੂਜੇ ਮਿਸਲਦਾਰ ਕੋਲ ਚਲੇ ਜਾਂਦੇ ਸਨ। ਇਸ ਕਾਰਨ ਸਰਦਾਰ ਨੂੰ ਆਪਣੇ ਸਾਥੀਆਂ ਦੀਆਂ ਲੋੜਾਂ ਅਤੇ ਇੱਛਾਵਾਂ ਦਾ ਹਰ ਸਮੇਂ ਖਿਆਲ ਰਹਿੰਦਾ ਸੀ। ਉਨ੍ਹਾਂ ਨਾਲ ਬੜੇ ਪਿਆਰ ਤੇ ਸਤਿਕਾਰ ਵਾਲਾ ਸਲੂਕ ਕਰਦਾ ਸੀ ਤਾਂ ਜੋ ਉਹ ਹਰਮਨ ਪਿਆਰਾ ਹੋ ਸਕੇ। ਇਸ ਕਰਕੇ ਦਲ ਖਾਲਸੇ ਦਾ ਹਰ ਇਕ ਸਿੱਖ (ਸਿਪਾਹੀ) ਖੁਸ਼ ਸੀ ਕਿਉਂਕਿ ਉਸ ਤੇ ਸਰਦਾਰ ਦਾ ਕੋਈ ਜ਼ੁਲਮ ਅਤੇ ਅਤਿਆਚਾਰ ਨਹੀਂ ਸੀ ਚਲ ਸਕਦਾ। ਇਸ ਚੀਜ਼ ਨੇ ਉਨ੍ਹਾਂ ਵਿਚ ਆਜ਼ਾਦੀ ਦੀ ਭਾਵਨਾ ਪੈਦਾ ਕਰ ਦਿੱਤੀ।

ਨਾ ਕੇਵਲ ਉਨ੍ਹਾਂ ਨਾਲ ਸਲੂਕ ਹੀ ਚੰਗਾ ਸੀ ਬਲਕਿ ਜ਼ਮੀਨ ਅਤੇ ਲੁੱਟਮਾਰ ਦਾ ਵੀ ਉਨ੍ਹਾਂ ਨੂੰ ਪੂਰਾ ਪੂਰਾ ਹਿੱਸਾ ਮਿਲਦਾ ਸੀ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਇਨ੍ਹਾਂ ਵਿਚ ਖੰਡੇ ਦਾ ਪਾਹੁਲ ਛਕਣ ਕਾਰਨ ਭਰਾਤਰੀ ਭਾਵ ਤੇ ਏਕਤਾ ਸੀ। ਉਹ ਸਾਂਝੇ ਕਾਰਨਾਂ ਕਰਕੇ ਸਾਂਝੇ ਦੁਸ਼ਮਣ ਨਾਲ ਲੜਾਈ ਲੜਦੇ ਸਨ। ਇਸ ਕਰਕੇ ਉਨ੍ਹਾਂ ਦੇ ਸੁਭਾਅ ਤੇ ਆਚਰਣ ਇਕੋ ਜਿਹਾ ਬਣ ਗਿਆ ਸੀ। ਦਲ ਦੇ ਮੁਖੀਏ ਸਚਮੁਖ ਹੀ ਬੀਰ ਸਿਪਾਹੀ ਅਤੇ ਮਹਾਨ ਸੂਝ-ਬੂਝ ਦੇ ਮਾਲਿਕ ਸਨ। ਇਨ੍ਹਾਂ ਨੇ ਸਿੱਖ ਤਾਕਤ ਨੂੰ ਸੰਗਠਿਤ ਕਰਨ ਵਿਚ ਬੜਾ ਹਿੱਸਾ ਪਾਇਆ।

**ਦਲ ਖਾਲਸਾ ਬਣਨ ਦੇ ਸਿੱਟੇ**

ਵੱਡਾ ਅਤੇ ਵਿਸ਼ੇਸ਼ ਸਿੱਟਾ ਇਹ ਹੋਇਆ ਕਿ 32 ਸਾਲਾਂ ਦੇ ਅਰਸੇ ਮਗਰੋਂ ਸਿੱਖ ਫੇਰ ਇਕਮੁੱਠ ਤੇ ਇਕ ਜਾਨ ਹੋ ਗਏ। ਉਨ੍ਹਾਂ ਨੇ ਕਠਿਨ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕੀਤਾ। ਉਨ੍ਹਾਂ ਨੇ ਸਮਝ ਲਿਆ ਕਿ ਸਰਦਾਰ ਦਾ ਹੁਕਮ ਮੰਨਣਾ ਉਨ੍ਹਾਂ ਦਾ ਧਾਰਮਿਕ ਫ਼ਰਜ਼ ਹੈ ਅਤੇ ਪੰਥ ਵਲੋਂ ਕੀਤਾ ਗਿਆ ਹੁਕਮ ਗੁਰੂ ਦਾ ਫੁਰਮਾਨ ਹੈ। ਪੰਥ ਦੀ ਖਾਤਰ ਕੁਰਬਾਨੀ ਗੁਰੂ ਲਈ ਕੁਰਬਾਨੀ ਹੈ। ਉਹ ਇਕ ਮਹਾਨ ਫੌਜੀ ਤਾਕਤ ਬਣ ਗਏ ਅਤੇ ਇਕ ਰਾਜਸੀ ਤਾਕਤ ਪੈਦਾ ਹੋ ਸਕਣ ਦੀ ਸੰਭਾਵਨਾ ਹੋ ਗਈ।

**ਲੜਾਈ ਦੇ ਢੰਗ**

ਖਾਲਸਾ ਦਲ ਦੇ ਲੜਾਈ ਦੇ ਢੰਗ ਬੜੇ ਹੀ ਹੈਰਾਨੀਜਨਕ ਸਨ। ਲੜਾਈ ਵਿਚ ਉਹ ਆਮ ਤੌਰ ਤੇ ਗੁਰੀਲਾ ਢੰਗ ਵਰਤਦੇ ਸਨ। ਹੱਲਾ ਬੋਲਣ ਦੇ ਸਮੇਂ ਦਲ ਪੂਰੇ ਜੋਸ਼ ਵਿਚ ਹੁੰਦਾ ਸੀ। ਬਿਜਲੀ ਵਰਗੀ ਤੇਜ਼ ਚਾਲ ਅਤੇ ਬੱਦਲ ਵਰਗੀ ਗਰਜ਼ ਹੁੰਦੀ ਸੀ। ਉਨ੍ਹਾਂ ਦਾ ਸ੍ਵੈ-ਭਰੋਸਾ ਅਤੇ ਲੁੱਟ ਮਾਰ ਦਾ ਢੰਗ ਅਜਿਹਾ ਸੀ ਕਿ ਇਸ ਤੋਂ ਲੋਕੀ ਤ੍ਰਹਿ ਉਠਦੇ ਸਨ।

ਸਿੱਖ ਸਿਪਾਹੀਆਂ ਨੂੰ ਡ੍ਰਿਲ ਜਾਂ ਮਾਰਚਿੰਗ ਜਾਂ ਹਮਲੇ ਅਤੇ ਦਬਾਊ ਅਤੇ ਤਰੀਕਿਆਂ ਦੀ ਕੋਈ ਬਕਾਇਦਾ ਸਿਖਲਾਈ ਨਹੀਂ ਸੀ ਦਿੱਤੀ ਜਾਂਦੀ। ਇਸ ਦੇ ਬਾਵਜੂਦ ਵੀ ਉਹ ਲੜਾਈ ਵਿਚ ਨਿਪੁੰਨ ਸਨ। ਇਨ੍ਹਾਂ ਦੇ ਫੌਜੀ ਗਿਆਨ ਦੀ ਜਾਣਕਾਰੀ ਦੀ ਘਾਟ ਨੂੰ ਧਾਰਮਿਕ ਦ੍ਰਿੜ੍ਹਤਾ, ਪੰਥ ਦੀ ਸੇਵਾ, ਬਦਲੇ ਦੀ ਭਾਵਨਾ ਅਤੇ ਸਵੈ-ਮਾਨ ਦਾ ਡੂੰਘਾ ਜਜ਼ਬਾ ਆਦਿ ਨੇ ਪੂਰਾ ਕਰ ਦਿੱਤਾ ਸੀ। ਇਹ ਚੰਗੇ ਘੋੜ ਸਵਾਰ ਸਨ। ਹਰ ਇਕ ਸਿੱਖ ਹਰ ਸਮੇਂ ਆਪਣੀ ਤੇ ਆਪਣੇ ਘੋੜੇ ਦੀ ਖੁਰਾਕ, ਆਪਣਾ ਬੋਰੀ ਬਿਸਤਰਾ ਅਤੇ ਬਚਾਉ ਦੇ ਸ਼ਾਸਤਰਾਂ ਨੂੰ ਆਪਣੇ ਨਾਲ ਰੱਖਦਾ ਸੀ। ਜਥੇ ਰੋਜ਼ 50 ਤੋਂ 100 ਮੀਲ ਤੱਕ ਚਲਕੇ ਵੀ ਦੁਸ਼ਮਣ ਤੇ ਹਮਲਾ ਕਰਨ ਲਈ ਤਿਆਰ ਰਹਿੰਦੇ ਸਨ। ਘੋੜਾ ਅਤੇ ਹਥਿਆਰ ਹਰ ਸਿੱਖ ਦੀ ਸਭ ਤੋਂ ਕੀਮਤੀ ਪੂੰਜੀ ਸੀ।

ਚਾਲੀ ਜਾਂ ਇਸ ਤੋਂ ਵੱਧ ਗਿਣਤੀ ਵਿਚ ਘੋੜ ਸਵਾਰ ਹਨੇਰੀ ਵਾਂਗ ਆਪਣੇ ਦੁਸ਼ਮਣ ਵੱਲ ਵਧਦੇ ਸਨ ਅਤੇ ਦੁਸ਼ਮਣ ਦੇ ਨਜਦੀਕ ਪਹੁੰਚ ਕੇ ਇਕ ਦਮ ਰੁਕ ਜਾਂਦੇ ਤੇ ਆਪਣੀਆਂ ਭਰੀਆਂ ਬੰਦੂਕਾਂ ਇਕ ਦਮ ਦੁਸ਼ਮਣ ਤੇ ਵਰ੍ਹਾ

ਦਿੰਦੇ ਸਨ। ਉਹ ਇਕ ਵੀ ਵਾਰ ਖਾਲੀ ਨਹੀਂ ਜਾਣ ਦਿੰਦੇ ਸਨ। ਇਕ ਦਮ ਸੌ ਕਦਮ ਪਿਛੇ ਹਟ ਕੇ ਦੁਬਾਰਾ ਬੰਦੂਕਾਂ ਭਰ ਕੇ ਫਿਰ ਉਸੇ ਤਰ੍ਹਾਂ ਕਰਦੇ ਸਨ। ਜਿਸ ਤੇਜ਼ੀ ਨਾਲ ਇਹ ਬੰਦੂਕਾਂ ਭਰਦੇ ਸਨ, ਉਸਦੀ ਮਿਸਾਲ ਹਿੰਦੁਸਤਾਨ ਵਿਚ ਹੋਰ ਕਿਤੇ ਨਹੀਂ ਮਿਲਦੀ। ਇੰਜ ਤੇਜ਼ੀ ਦੁਸ਼ਮਣ ਦੇ ਹੱਥ ਪੈਰ ਫੁਲਾ ਦਿੰਦੀ ਸੀ ਤੇ ਉਹ ਬੇਬਸ ਹੋ ਕੇ ਰਹਿ ਜਾਂਦਾ ਸੀ। ਦੂਜਾ ਤਰੀਕਾ ਇਹ ਸੀ ਕਿ ਨੇੜੇ ਦੀਆਂ ਝੜੱਪਾਂ ਵਿਚ ਇਕ ਦਮ ਵਧ ਕੇ ਏਨੀ ਫੁਰਤੀ ਨਾਲ ਪਿਛਾਂਹ ਹਟਦੇ ਸਨ ਕਿ ਦੁਸ਼ਮਣ ਝੁੰਜਲਾ ਜਾਂਦਾ ਸੀ। ਇਹ ਤਰੀਕੇ ਉਨਾ ਚਿਰ ਜਾਰੀ ਸਨ ਜਿੰਨਾ ਚਿਰ ਬੰਦਾ ਤੇ ਘੋੜਾ ਥੱਕ ਨਹੀਂ ਸਨ ਜਾਂਦੇ। ਫਿਰ ਅਗਲੀ ਕਤਾਰਾਂ ਵਾਲੇ ਪਿਛੇ ਆ ਜਾਂਦੇ ਤੇ ਪਿਛਲੇ ਅੱਗੇ ਚਲੇ ਜਾਂਦੇ। ਥੱਕੇ ਘੋੜੇ ਨੂੰ ਘਾਹ ਖੁਆ ਕੇ ਆਪ ਛੋਲੇ ਖਾ ਕੇ ਫਿਰ ਤਿਆਰ ਬਰ ਤਿਆਰ ਹੋ ਜਾਂਦੇ ਸਨ। ਇਕ ਪੁਰਾਣਾ ਢੰਗ ਵੀ ਉਹ ਵਰਤਦੇ ਸਨ ਕਿ ਹੱਲਾ ਕਰਕੇ ਇਕ ਦਮ ਮੈਦਾਨ ਛੱਡ ਕੇ ਭੱਜ ਜਾਂਦੇ ਸਨ। ਦੁਸ਼ਮਣ ਸਮਝਦਾ ਸੀ ਕਿ ਭੱਜ ਗਏ, ਪਰ ਸਿੱਖ ਇਕ ਦਮ ਰੁਕ ਕੇ ਉਨ੍ਹਾਂ ਤੇ ਝੱਟ-ਪਟ ਹਮਲਾ ਕਰ ਦਿੰਦੇ ਸਨ।

ਜਿਵੇਂ ਕਿ ਇਹ ਸਪੱਸ਼ਟ ਕੀਤਾ ਗਿਆ ਹੈ ਕਿ 65 ਜਥਿਆਂ ਨੂੰ ਘੱਟ ਕਰਕੇ ਕੇਵਲ 12 ਵੱਡੀਆਂ ਜਥੇ ਬੰਦੀਆਂ ਬਣਾ ਦਿੱਤੀਆਂ ਗਈਆਂ। ਚਾਹੇ ਹਰ ਜਥੇਬੰਦੀ ਦਾ ਅੱਡ-ਅੱਡ ਸਰਦਾਰ ਤੇ ਚਿੰਨ੍ਹ ਹੁੰਦਾ ਸੀ, ਪਰ ਸ਼ਕਤੀ ਦੇ ਆਧਾਰ ਤੇ ਇਹ ਜਥੇ ਇਕੋ ਜਿਹੇ ਨਹੀਂ ਸਨ। ਕੁਝ ਸਮਾਂ ਲੰਘ ਜਾਣ ਤੋਂ ਬਾਦ ਇਹ ਜਥੇ ਮਿਸਲਾਂ ਅਖਵਾਣ ਲੱਗੇ। ਇਥੇ ਇਹ ਦੱਸਣਾ ਵਾਧੂ ਨਹੀਂ ਹੋਵੇਗਾ ਕਿ ਬਾਰਾਂ ਮਿਸਲਾਂ ਕਿਸੇ ਸੋਚ-ਵਿਚਾਰ ਵਜੋਂ ਜਾਣ ਬੁੱਝ ਕੇ ਇਕੋ ਸਮੇਂ ਨਹੀਂ ਸਨ ਬਣਾਈਆਂ ਗਈਆਂ ਸਗੋਂ ਹਾਲਾਤ ਤੇ ਲੋ ਅਨੁਸਾਰ ਇਹ ਆਪ ਹੀ ਬਣ ਗਈਆਂ। ਹੁਣ ਸਭ ਤੋਂ ਪਹਿਲਾਂ ਅਸੀਂ 'ਮਿਸਲ' ਸ਼ਬਦ ਦੀ ਪਰਿਭਾਸ਼ਾ ਬਾਰੇ ਜਾਣਕਾਰੀ ਦਿੰਦੇ ਹਾਂ।

**'ਮਿਸਲ ਸ਼ਬਦ ਦਾ ਭਾਵ :-** ਕਨਿੰਘਮ ਦੇ ਸ਼ਬਦਾਂ ਅਨੁਸਾਰ ਮਿਸਲ ਅਰਬੀ ਦਾ ਸ਼ਬਦ ਹੈ, ਜਿਸ ਦੇ ਅਰਥ ਹਨ 'ਸਮਾਨ' ਕਿਉਂਕਿ ਸਿੱਖ ਜਥਿਆਂ ਦਾ ਇਕ ਉੱਘਾ ਅੰਗ ਇਹ ਸੀ ਕਿ ਇਸਦੇ ਜਥੇਦਾਰ ਅਤੇ ਉਸਦੇ ਪਿਛੇ ਲੱਗੇ ਸਿਪਾਹੀ ਆਪਣੇ ਆਪ ਨੂੰ ਦੂਜੇ ਜਥਿਆਂ ਦੇ ਜਥੇਦਾਰ ਅਤੇ ਉਸ ਦੇ ਸਿਪਾਹੀਆਂ ਦੇ ਬਰਾਬਰ ਜਾਂ ਉਨ੍ਹਾਂ ਵਰਗੇ ਸਮਝਦੇ ਸਨ। ਇਸ ਤੋਂ ਬਿਨਾਂ ਸਿੱਖ ਧਰਮ ਅਨੁਸਾਰ ਸਾਰੇ ਸਿੱਖ ਪੂਰਨ ਤੌਰ ਤੇ ਸਮਾਨ ਸਨ। ਇਸ ਲਈ ਸ਼ਾਂਤੀ ਦੇ ਸਮੇਂ ਅਤੇ ਸਾਰੇ ਸਮਾਜਿਕ ਮਾਮਲਿਆਂ ਵਿਚ ਇਕ ਵਿਸ਼ੇਸ਼ ਮਿਸਲ ਦੇ ਸਾਰੇ ਮੈਂਬਰ ਆਪਣੇ ਆਪ ਨੂੰ ਜਥੇਦਾਰ ਸਮੇਤ ਬਰਾਬਰ ਸਮਝਦੇ ਸਨ। ਯੁੱਧ ਦੇ ਸਮੇਂ ਜਥੇਦਾਰ ਦਾ ਹੁਕਮ ਜ਼ਰੂਰ ਮੰਨਿਆ ਜਾਂਦਾ ਸੀ, ਪਰ ਇਹ ਔਕੜ ਦੇ ਸਮੇਂ ਤੋਂ ਬਗੈਰ ਇਹੋ ਜਿਹੀ ਕੋਈ ਪਾਬੰਦੀ ਨਹੀਂ ਸੀ। ਇਸ ਵਾਸਤੇ ਇਤਿਹਾਸਕਾਰ ਪੇਨ (Pyne) ਕਹਿੰਦਾ ਹੈ, ਕਿਉਂਕਿ ਅਜਿਹੇ ਜੋੜਿਆ ਜਾਂ ਜਥਿਆਂ ਦੀ ਮੈਂਬਰੀ ਆਪਣੇ ਸਾਰੇ ਮੈਂਬਰਾਂ ਨੂੰ ਰਾਜਸੀ, ਧਾਰਮਿਕ ਅਤੇ ਸਮਾਜਿਕ ਸਮਾਨਤਾ ਦਾ ਹੱਕਦਾਰ ਬਣਾ ਦੇਂਦੀ ਸੀ, ਇਸ ਲਈ ਉਹ ਆਪਣੇ ਆਪ ਨੂੰ ਮਿਸਲਾਂ ਅਖਵਾਉਣ ਲੱਗ ਪਏ।"

ਪਰ ਵਿਚਾਰ ਅਧੀਨ ਸਮੇਂ ਵਿਚ ਮਿਸਲ ਦਾ ਅਰਥ ਉਹੀ ਸੀ ਜੋ ਅੱਜ ਹੈ। ਮਿਸਲ ਸ਼ਬਦ ਦਾ ਪ੍ਰਯੋਗ ਖੁੱਲ੍ਹੇ ਕਾਗਜ਼ਾਂ ਨੂੰ ਇਕੱਠੇ ਸੀਣ ਜਾਂ ਪ੍ਰੋਕੇ ਰੱਖਣ ਵਾਲੀ 'ਫਾਈਲ' ਤੋਂ ਕੀਤਾ ਜਾਂਦਾ ਹੈ। ਜਦੋਂ ਸਿੱਖ ਸਰਦਾਰ ਅਕਾਲ ਤਖਤ ਤੇ ਇਕੱਠੇ ਹੁੰਦੇ ਸਨ ਤਾਂ ਉਹ ਮੁਖ ਸਰਦਾਰ ਨੂੰ ਆਪਣੇ ਕਬਜ਼ੇ ਹੇਠ ਇਲਾਕਿਆਂ ਬਾਰੇ ਵਿਸਤ੍ਰਿਤ ਰਿਪੋਰਟ ਦਿੰਦੇ ਸਨ ਤੇ ਉਹ ਸਰਦਾਰਾਂ ਦੀਆਂ ਵੱਖ ਵੱਖ ਮਿਸਲਾਂ (ਫਾਈਲਾਂ) ਤਿਆਰ ਕਰਦਾ ਸੀ। ਮਿਸਲ ਵਿਚ ਰਿਕਾਰਡ ਕੀਤੇ ਗਏ ਤੱਥਾਂ ਦੇ ਆਧਾਰ ਤੇ ਹੀ ਇਲਾਕਿਆਂ ਬਾਰੇ ਜਦੋਂ ਸਰਦਾਰਾਂ ਵਿਚ ਝਗੜੇ ਹੁੰਦੇ ਸਨ, ਨਿਪਟਾਏ ਜਾਂਦੇ ਸਨ। ਇਸ ਵਿਚਾਰ ਨਾਲ ਕਾਫੀ ਹੱਦ ਤੱਕ ਕਨਿੰਘਮ ਦੇ ਵਿਚਾਰ ਮਿਲਦੇ ਜਾਪਦੇ ਹਨ ਕਿ ਸਰਦਾਰ ਜੱਸੀ ਸਿੰਘ ਆਹਲੂਵਾਲੀਆ ਨੇ ਪਹਿਲੀ ਵਾਰ ਦੱਸਿਆ ਕਿ ਵੱਖ ਵੱਖ ਸਰਦਾਰਾਂ ਦੀਆਂ ਮਿਸਲਾਂ (ਫਾਈਲਾਂ) ਤਿਆਰ ਕੀਤੀਆਂ ਗਈਆਂ ਸਨ। ਸ਼ਾਇਦ ਸਿੱਖ ਸਰਦਾਰਾਂ ਵਿਚ ਜੱਸਾ ਸਿੰਘ ਆਹਲੂਵਾਲੀਆ ਇਕੋ ਇਕ ਸਰਦਾਰ ਸੀ ਜਿਸ ਨੂੰ ਫਾਰਸੀ ਤੇ ਉਰਦੂ ਆਦਿ ਦਾ ਗਿਆਨ ਸੀ। ਬਾਅਦ ਵਿਚ ਮਿਸਲ ਦਾ ਅਰਥ ਸਰਦਾਰ ਅਧੀਨ ਫੌਜਾਂ ਜਾਂ ਇਲਾਕੇ ਹੋ ਗਿਆ।

ਮਿਸਲਾਂ ਦਾ ਮੁੱਢ ਤੇ ਵਿਕਾਸ :- ਇਹਨਾਂ ਮਿਸਲਾਂ ਦਾ ਮੁੱਢ ਕਦੋਂ ਅਤੇ ਕਿਵੇਂ ਬੱਝਾ, ਇਸ ਬਾਰੇ ਇਸ ਪਾਠ ਦੇ ਪਹਿਲੇ ਭਾਗ ਵਿਚ ਕਾਫੀ ਚਰਚਾ ਕੀਤੀ ਗਈ ਹੈ ਪਰ ਕੁਝ ਕੁ ਵਿਆਖਿਆ ਇਥੇ ਵੀ ਦੇਣੀ ਜ਼ਰੂਰੀ ਹੈ।

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਪੰਜਾਬ ਦਾ ਅਮਨ ਚੈਨ ਖਤਮ ਹੋ ਚੁੱਕਾ ਸੀ। ਪਠਾਣਾਂ ਦੇ ਹਮਲਿਆਂ ਨਾਲ ਵੀ ਹੋਰ ਗੜਬੜ ਫੈਲ ਗਈ ਤੇ ਇਸ ਸਮੇਂ ਵਿਚ ਸਿੱਖ ਮਿਸਲਾਂ ਹੋਂਦ ਵਿਚ ਆਈਆਂ ਅਤੇ ਅਬਦਾਲੀ ਦੀ ਮੌਤ ਤੋਂ ਬਾਅਦ ਇਹ ਪੰਜਾਬ ਦੇ ਸਵਾਮੀ ਬਣ ਗਏ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖਾਂ ਨੇ ਮੁਗ਼ਲਾਂ ਵਿਰੁੱਧ ਆਪਣੇ ਬਚਾਉ ਲਈ ਤਲਵਾਰ ਚਲਾਉਣੀ ਸ਼ੁਰੂ ਕੀਤੀ। ਬੰਦਾ ਬਹਾਦਰ ਨੇ ਵੀ ਇਹ ਜਾਰੀ ਰੱਖੀ। ਬੰਦਾ ਬਹਾਦਰ ਨੇ ਬਹੁਤ ਸਾਰੇ ਮੁਗ਼ਲ ਇਲਾਕੇ ਲੁੱਟ-ਮਾਰ ਕਰਕੇ

ਬਰਬਾਦ ਕਰ ਦਿੱਤੇ। ਬੰਦਾ ਬਹਾਦਰ ਨੇ ਅਸਲ ਜਿੱਤਾਂ ਦਾ ਕੰਮ ਸਰਹੰਦ ਤੋਂ ਸ਼ੁਰੂ ਕੀਤਾ। ਸਰਹੰਦ ਵਿਚ ਦੋਨੋਂ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਗਏ ਸਨ ਤੇ ਰਾਜਨੀਤਿਕ ਤੌਰ ਤੇ ਵੀ ਇਹ ਜਗ੍ਹਾ ਬੜੀ ਮਹਾਨਤਾ ਭਰਪੂਰ ਸੀ। ਇਸ ਜਿੱਤ ਤੋਂ ਬਾਅਦ ਸਿੱਖ ਹੁਮ ਹੁਮਾ ਕੇ ਬੰਦੇ ਦੇ ਝੰਡੇ ਥੱਲੇ ਇਕੱਠੇ ਹੋ ਗਏ। ਪੰਜਾਬ ਦੇ ਕਿਸਾਨ ਸਿੱਖ ਸਜ ਗਏ। ਜ਼ਿਮੀਦਾਰੀ ਪ੍ਰਥਾ ਜ਼ਬਰਦਸਤੀ ਖਤਮ ਕਰ ਦਿੱਤੀ ਗਈ। ਜ਼ਿਮੀਦਾਰ ਸਰਕਾਰ ਦੇ ਏਜੰਟ ਹੁੰਦੇ ਸਨ ਜੋ ਲਗਾਨ ਇਕੱਠਾ ਕਰਦੇ ਸਨ। ਜ਼ਿਮੀਦਾਰੀ ਪ੍ਰਥਾ ਨੂੰ ਖਤਮ ਕਰਨਾ ਮੁਗ਼ਲ ਰਾਜਿਆਂ ਦੇ ਸਥਾਪਿਤ ਕੀਤੇ ਢਾਂਚੇ ਵਿਚ ਤੋੜ–ਭੰਨ ਕਰਨਾ ਸੀ। ਸਰਹੰਦ ਤੋਂ ਬਾਅਦ ਬੰਦੇ ਨੇ ਜਲਾਲਾਬਾਦ, ਜਲੰਧਰ, ਸਢੌਰਾ ਆਦਿ ਇਲਾਕੇ ਫਤਿਹ ਕੀਤੇ। ਗੁਰਦਾਸ ਨੰਗਲ ਦੀ ਜਗ੍ਹਾ ਤੇ ਬੰਦਾ ਫੜਿਆ ਗਿਆ ਤੇ ਸ਼ਹੀਦ ਕਰ ਦਿੱਤਾ ਗਿਆ। ਬੰਦਾ ਬਹਾਦਰ ਨੇ ਸਿੱਖਾਂ ਵਿਚ ਕੌਮੀ ਰਾਜ ਬਣਾਉਣ ਦਾ ਸੁਪਨਾ ਜਗਾ ਦਿੱਤਾ ਸੀ। ਸਿੱਖ ਨਿਡਰ ਤੇ ਕੁਰਬਾਨੀ ਦੇਣ ਲਈ ਹਰ ਸਮੇਂ ਤਿਆਰ ਰਹਿੰਦੇ ਸਨ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਬੰਦਾ ਬਹਾਦਰ ਦੀ ਮੌਤ ਤੋਂ ਬਾਅਦ ਸਿੱਖਾਂ ਨੇ ਆਪਣੇ ਆਪ ਹੀ ਜਥਿਆਂ ਵਿਚ ਵੰਡ ਲਿਆ ਸੀ ਜਿਨ੍ਹਾਂ ਦਾ ਨੰਬਰ ਹੌਲੀ ਹੌਲੀ 65 ਤੱਕ ਅੱਪੜ ਗਿਆ ਤੇ ਫਿਰ 65 ਤੋਂ ਘਟ ਕੇ 12 ਹੋ ਗਿਆ। ਇਹਨਾਂ 12 ਵਿਚੋਂ 8 ਜਥੇ ਵਧੇਰੇ ਸ਼ਕਤੀਸ਼ਾਲੀ ਤੇ ਮਸ਼ਹੂਰ ਸਨ ਤੇ ਚਾਰ ਘੱਟ ਸ਼ਕਤੀਸ਼ਾਲੀ ਸਨ। ਇਸ ਲਈ ਸਰ ਲੈਪਲ ਗ੍ਰਿਫਲ ਕਹਿੰਦਾ ਹੈ ਕਿ ਇਹ ਆਖਣਾ ਗਲਤ ਹੈ ਕਿ ਮਿਸਲਾਂ ਬਾਰਾਂ ਸਨ ਕਿਉਂਕਿ ਇਨ੍ਹਾਂ ਵਿਚੋਂ ਕੁਝ ਜਥੇ ਇੰਨੀ ਮਹਾਨਤਾ ਨਹੀਂ ਰੱਖਦੇ ਸਨ ਕਿ ਜਿਨ੍ਹਾਂ ਨੂੰ ਮਿਸਲਾਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਜਾ ਸਕੇ। ਨਿਸ਼ਾਨਵਾਲੀਆ, ਨਕੱਈ, ਕਰੋੜ ਸਿੰਘੀਆ ਜਾਂ ਪੰਜ ਗੜ੍ਹੀਆ ਅਤੇ ਸ਼ਹੀਦ ਮਿਸਲਾਂ ਦੀ ਕਿਸੇ ਸਮੇਂ ਵੀ ਬਹੁਤ ਮਹਾਨਤਾ ਨਹੀਂ ਬਣੀ। ਇਬਟਸਨ ਵੀ ਇਨ੍ਹਾਂ ਨੂੰ ਮਿਸਲਾਂ ਦੀ ਪਦਵੀ ਨਹੀਂ ਦੇਂਦਾ ਤੇ ਡੇਰੇ ਦਾ ਨਾਂ ਦਿੰਦਾ ਹੈ। ਉਸ ਦੇ ਵਿਚਾਰ ਅਨੁਸਾਰ ਅੱਠ ਮਿਸਲਾਂ ਤੇ ਚਾਰ ਡੇਰੇ ਸਨ।

**ਆਹਲੂਵਾਲੀਆ ਮਿਸਲ :–** ਇਸ ਮਿਸਲ ਦਾ ਬਾਨੀ ਜੱਟ ਸਦਾਓ ਸਿੰਘ ਸੀ, ਪਰ ਇਸ ਦਾ ਅਸਲੀ ਤਾਕਤਵਰ ਲੀਡਰ ਜੱਸਾ ਸਿੰਘ ਆਹਲੂਵਾਲੀਆ ਸੀ ਜਿਸ ਨੂੰ ਨਵਾਬ ਕਪੂਰ ਸਿੰਘ ਨੇ ਪਾਲਿਆ ਸੀ। 1747 ਈ. ਵਿਚ ਇਸਨੇ ਕਸੂਰ ਅਤੇ ਜਲੰਧਰ ਤੇ ਹੋਰ ਮੁਗ਼ਲ ਫੌਜਦਾਰਾਂ ਨੂੰ ਲੁੱਟਿਆ। 1748 ਈ. ਵਿਚ ਉਹ ਦਲ ਖਾਲਸਾ ਦਾ ਸਾਂਝਾ ਆਗੂ ਬਣ ਗਿਆ। 1762 ਈ. ਦੇ ਵੱਡੇ ਘੱਲੂਘਾਰੇ ਵਿਚ ਇਸ ਮਿਸਲ ਦਾ ਬਹੁਤਾ ਨੁਕਸਾਨ ਹੋਇਆ। ਪਰੰਤੂ ਜਲਦੀ ਹੀ ਇਸ ਨੇ ਇਸ ਘਾਟੇ ਨੂੰ ਪੂਰਾ ਕਰ ਲਿਆ। ਇਸ ਮਿਸਲ ਦੇ ਸੱਤ ਹਜ਼ਾਰ ਦੇ ਕਰੀਬ ਸਿਪਾਹੀ ਸਨ ਤੇ ਚਾਰ ਲੱਖ ਰੁਪਏ ਮਾਲੀਆ ਆਮਦਨੀ ਸੀ। ਮੁਗ਼ਲ ਅਫ਼ਗਾਨ ਵਿਰੋਧਤਾ ਕਾਰਨ ਸਿੱਖਾਂ ਦੀਆਂ ਘੋਰ ਮੁਸੀਬਤਾਂ ਸਮੇਂ ਇਸ ਨੇ ਸਿੱਖਾਂ ਦੀ ਅਗਵਾਈ ਕੀਤੀ। 1783 ਈ. ਵਿਚ ਇਸ ਦੀ ਮੌਤ ਹੋ ਗਈ। ਉਸਦੇ ਬਾਅਦ ਉਸ ਦਾ ਚਚੇਰਾ ਭਰਾ ਭਾਗ ਸਿੰਘ (1783–1801 ਈ.), ਫਤਿਹ ਸਿੰਘ (ਭਾਗ ਸਿੰਘ ਦਾ ਪੁੱਤਰ) 1801 ਈ. ਤੋਂ 1837 ਈ. ਤੱਕ ਇਸ ਮਿਸਲ ਦੇ ਮਿਸਲਦਾਰ ਬਣੇ।

**ਭੰਗੀ ਮਿਸਲ :–** ਇਸ ਨੂੰ ਭੰਗੀ ਮਿਸਲ ਇਸ ਲਈ ਕਿਹਾ ਜਾਂਦਾ ਸੀ ਕਿ ਇਸ ਦੇ ਸਰਦਾਰ ਭੰਗ ਦੀ ਵਰਤੋਂ ਬਹੁਤ ਕਰਦੇ ਸਨ। ਇਸ ਮਿਸਲ ਦੇ ਇਲਾਕੇ ਸਤਲੁਜ ਦੇ ਉੱਤਰ ਪੱਛਮ ਵਿਚ ਸਨ। ਇਸ ਮਿਸਲ ਦਾ ਬਾਨੀ ਛੱਜਾ ਸਿੰਘ ਸੀ। ਹਰੀ ਸਿੰਘ ਦੀ ਸਰਦਾਰੀ ਹੇਠ ਇਹ ਮਿਸਲ ਜ਼ੋਰ ਫੜ ਗਈ ਤੇ ਗਿਲਵਾਲੀ (ਅੰਮ੍ਰਿਤਸਰ ਵਿਚ) ਨੂੰ ਉਸ ਨੇ ਆਪਣੀ ਕਾਰਜਸ਼ਾਲਾ ਬਣਾ ਲਿਆ। ਜੰਮੂ ਵਿਚ ਲੁੱਟ ਮਾਰ ਕੀਤੀ ਤੇ ਇਥੇ ਦੇ ਰਾਜੇ ਰਣਜੀਤ ਦਿਉ ਨੂੰ ਕਰ ਦੇਣ ਲਈ ਮਜ਼ਬੂਰ ਕੀਤਾ। ਲਾਹੌਰ ਦੇ ਗਵਰਨਰ ਖਵਾਜਾ ਉਬੇਦ ਦਾ ਬਾਰੂਦ ਦਾ ਗਦਾਮ ਲੁੱਟਿਆ। ਭੰਗੀਆਂ ਨੇ ਕਈ ਮਿਸਲਾਂ ਨਾਲ ਰਲਕੇ ਦੋ ਵਾਰੀ ਕਸੂਰ ਲੁੱਟਿਆ। ਹਰੀ ਸਿੰਘ ਤੋਂ ਬਾਅਦ ਝੰਡਾ ਸਿੰਘ ਲੀਡਰ ਬਣਿਆ ਤੇ ਇਸ ਦੇ ਅਧੀਨ ਮਿਸਲ ਦੀ ਸ਼ਾਨ ਸਿਖਰ ਤੇ ਪੁੱਜ ਗਈ। ਇਸ ਨੇ ਮੁਲਤਾਨ ਜਿੱਤਣ ਦੀ ਤਿੰਨ ਵਾਰੀ ਕੋਸ਼ਿਸ਼ ਕੀਤੀ। ਜੈ ਸਿੰਘ ਕਨ੍ਹਈਆ ਨੇ ਇਕ ਮਜ਼੍ਹਬੀ ਕੋਲੋਂ ਇਸ ਨੂੰ ਕਤਲ ਕਰਵਾ ਦਿੱਤਾ। ਝੰਡਾ ਸਿੰਘ ਦੇ ਕਤਲ ਪਿਛੋਂ 1782 ਈ. ਵਿਚ ਗੁਲਾਬ ਸਿੰਘ ਮਿਸਲ ਦਾ ਸਰਦਾਰ ਬਣਿਆ। ਪਰ ਝੰਡਾ ਸਿੰਘ ਦੀ ਮੌਤ ਨਾਲ ਮਿਸਲ ਦੀ ਸ਼ਾਨ ਤੇ ਤਾਕਤ ਖਤਮ ਹੋ ਗਈ। 1805 ਈ. ਤੱਕ ਰਣਜੀਤ ਸਿੰਘ ਨੇ ਭੰਗੀ ਸਰਦਾਰਾਂ ਨੂੰ ਹਰਾ ਕੇ ਲਾਹੌਰ ਅਤੇ ਅੰਮ੍ਰਿਤਸਰ ਤੇ ਕਬਜ਼ਾ ਕਰ ਲਿਆ।

**ਰਾਮਗੜ੍ਹੀਆ ਮਿਸਲ :–** ਇਸ ਮਿਸਲ ਦੀ ਬੁਨਿਆਦ ਰੱਖਣ ਵਾਲਾ ਖੁਸ਼ਹਾਲ ਸਿੰਘ ਸੀ ਜੋ ਅੰਮ੍ਰਿਤਸਰ ਦੇ ਨੇੜੇ ਇਕ ਪਿੰਡ ਦਾ ਰਹਿਣ ਵਾਲਾ ਸੀ। ਇਸ ਮਿਸਲ ਦਾ ਨਾਂ ਰਾਮਰੌਣੀ ਗੜ੍ਹੀ ਤੋਂ ਪਿਆ। ਇਸ ਦਾ ਮਸ਼ਹੂਰ ਲੀਡਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੀ। ਇਸ ਦਾ ਜਨਮ ਇੱਛੋਗਿਲਿਆ ਦੇ ਸਥਾਨ ਤੇ ਭਗਵਾਨ ਸਿੰਘ ਦੇ ਘਰ 1723 ਈ. ਨੂੰ ਹੋਇਆ। ਉਹ ਪੇਸ਼ੇ ਵਜੋਂ ਤਰਖਾਣ ਸੀ ਇਸ ਲਈ ਜੱਸਾ ਸਿੰਘ ਆਪਣੇ ਖਿਤਾਬ ਰਾਮਗੜ੍ਹੀਆ ਦੇ

ਧਾਰਨ ਕਰਨ ਤੋਂ ਪਹਿਲਾਂ ਜੱਸਾ ਸਿੰਘ ਠੋਕਾ ਜਾਂ ਇਛੋਗਿਲੀਆ ਅਖਵਾਂਦਾ ਸੀ ਤਾਂ ਜੋ ਦੂਜੇ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਤੋਂ ਇਸ ਦੇ ਅੰਤਰ ਦਾ ਪਤਾ ਚਲ ਸਕੇ। ਇਸ ਨੂੰ ਰਾਮਰੌਣੀ ਦਾ ਕਿਲ੍ਹਾ ਸਿੱਖਾਂ ਨੇ ਦੇ ਦਿੱਤਾ ਸੀ। ਉਸ ਕਿਲ੍ਹੇ ਦਾ ਨਾਂ ਬਦਲ ਕੇ ਰਾਮਗੜ੍ਹ ਰੱਖਿਆ ਤੇ ਮਿਸਲ ਦਾ ਨਾਮ ਰਾਮਗੜ੍ਹੀਆ ਪੈ ਗਿਆ। ਇਸ ਨੇ ਕਲਾਨੌਰ, ਕਾਦੀਆਂ, ਦੀਨਾ ਨਗਰ, ਹੁਸ਼ਿਆਰਪੁਰ, ਜਲੰਧਰ, ਦੁਆਬ ਆਦਿ ਤੇ ਅਧਿਕਾਰ ਕਰ ਲਿਆ। ਇਸ ਦੀ ਮੌਤ ਤੋਂ ਬਾਅਦ ਇਹ ਮਿਸਲ ਕਮਜ਼ੋਰ ਪੈ ਗਈ ਤੇ ਰਣਜੀਤ ਸਿੰਘ ਨੇ 1814 ਈ. ਵਿਚ ਇਨ੍ਹਾਂ ਇਲਾਕਿਆਂ ਤੇ ਕਬਜ਼ਾ ਕਰ ਲਿਆ।

**ਸ਼ੁਕਰਚਕੀਆ ਮਿਸਲ :–** ਇਸ ਦਾ ਬਾਨੀ ਚੜ੍ਹਤ ਸਿੰਘ ਸੀ ਤੇ ਇਸ ਨੇ ਰਾਵੀ ਚਨਾਬ ਦੇ ਵਿਚਲੇ ਇਲਾਕੇ ਵਿਚ ਆਪਣੀ ਬਾਦਸ਼ਾਹਤ ਸਥਾਪਿਤ ਕਰ ਲਈ। ਗੁਜਰਾਂਵਾਲਾ ਨੂੰ ਹੈਡਕੁਆਟਰ ਬਣਾ ਲਿਆ। ਕਨ੍ਹਈਆ ਮਿਸਲ ਨਾਲ ਵਿਆਹਕ ਸਬੰਧ ਕਾਇਮ ਕਰਕੇ ਰਣਜੀਤ ਸਿੰਘ ਨੇ ਸਦਾ ਕੌਰ ਦੀ ਮਦਦ ਹਾਸਲ ਕੀਤੀ ਤੇ ਪੰਜਾਬ ਵਿਚ ਸਿੱਖ ਰਾਜ ਕਾਇਮ ਕਰ ਲਿਆ।

**ਕਨ੍ਹਈਆ ਮਿਸਲ :–** ਲਾਹੌਰ ਤੋਂ ਦਸ ਮੀਲ ਤੇ ਕਾਹਨਾ ਪਿੰਡ ਦਾ ਜੈ ਸਿੰਘ ਇਸ ਦਾ ਬਾਨੀ ਸੀ। ਇਸ ਨੇ ਰਾਮਗੜ੍ਹੀਆ ਮਿਸਲ ਦੇ ਵਿਰੁੱਧ ਵੀ ਲੜਾਈਆਂ ਕੀਤੀਆਂ। ਸ਼ੁਕਰਚੱਕੀਆ ਮਿਸਲ ਨਾਲ ਵਿਆਹ ਦੇ ਸਬੰਧ ਕਾਇਮ ਕੀਤੇ। ਉਸ ਨੇ ਆਪਣੀ ਪੋਤਰੀ ਦਾ ਵਿਆਹ ਸ਼ੁਕਰਚੱਕੀਆ ਮਿਸਲ ਦੇ ਰਣਜੀਤ ਸਿੰਘ ਨਾਲ ਕੀਤਾ। 1789 ਈ. ਵਿਚ ਜੈ ਸਿੰਘ ਦੀ ਮੌਤ ਹੋ ਗਈ ਅਤੇ ਮਿਸਲ ਦੀ ਸਰਦਾਰੀ ਉਸਦੀ ਨੂੰਹ ਸਦਾ ਕੌਰ ਨੂੰ ਮਿਲੀ। 1822 ਈ. ਵਿਚ ਰਣਜੀਤ ਸਿੰਘ ਨੇ ਇਸ ਮਿਸਲ ਦੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ।

**ਨਕੱਈ ਮਿਸਲ :–** ਹੀਰਾ ਸਿੰਘ ਨੇ ਇਸ ਦੀ ਨੀਂਹ ਰੱਖੀ। ਉਸਨੇ ਮੁਲਤਾਨ ਵੱਲ ਲਾਹੌਰ ਤੇ ਗੋਗੀਰਾ ਦੇ ਵਿਚਲੇ ਨੱਕਾ ਇਲਾਕੇ ਤੇ ਆਪਣਾ ਕਬਜ਼ਾ ਕਰ ਲਿਆ। ਇਸ ਦੀ ਮੌਤ ਬਾਅਦ ਇਹ ਮਿਸਲ ਕਮਜ਼ੋਰ ਪੈ ਗਈ ਤੇ ਰਣਜੀਤ ਸਿੰਘ ਨੇ ਇਸ ਦੇ ਇਲਾਕੇ ਜਿੱਤ ਲਏ।

**ਡੱਲੇਵਾਲੀਆ ਮਿਸਲ :–** ਇਸ ਦਾ ਨਾਮ ਇਸ ਦੇ ਬਾਨੀ ਗੁਲਾਬ ਸਿੰਘ ਦੇ ਪਿੰਡ ਡੱਲੇਵਾਲ ਤੋਂ ਪਿਆ। ਤਾਰਾ ਸਿੰਘ ਘੇਬਾ ਇਸ ਦਾ ਤਾਕਤਵਰ ਸਰਦਾਰ ਸੀ। ਇਸ ਨੇ ਜਲੰਧਰ ਦੁਆਬ ਦਾ ਕੁਝ ਹਿੱਸਾ, ਅੰਬਾਲਾ, ਲੁਧਿਆਣਾ ਤੇ ਫਿਰੋਜ਼ਪੁਰ ਦਾ ਕੁਝ ਹਿੱਸਾ ਵੀ ਕਬਜ਼ੇ ਵਿਚ ਕਰ ਲਿਆ। ਉਹ ਰਣਜੀਤ ਸਿੰਘ ਦਾ ਮਦਦਗਾਰ ਤੇ ਦੋਸਤ ਸੀ। 1807 ਈ. ਵਿਚ ਇਸ ਦੀ ਮੌਤ ਹੋ ਗਈ ਤੇ ਉਸੇ ਵਕਤ ਹੀ ਰਣਜੀਤ ਸਿੰਘ ਨੇ ਇਸ ਦੇ ਇਲਾਕੇ ਆਪਣੇ ਕਬਜ਼ੇ ਵਿਚ ਕਰ ਲਏ।

**ਨਿਸ਼ਾਨਵਾਲੀਆ ਮਿਸਲ :–** ਸੰਗਤ ਸਿੰਘ ਤੇ ਮੋਹਰ ਸਿੰਘ, ਜੋ ਦਲ ਖਾਲਸੇ ਦਾ ਝੰਡਾ (ਨਿਸ਼ਾਨ ਸਾਹਿਬ) ਚੁੱਕਦੇ ਸਨ, ਉਹ ਇਸ ਮਿਸਲ ਦੇ ਬਾਨੀ ਸਨ। ਝੰਡਾ ਚੁੱਕਣ ਤੋਂ ਹੀ ਮਿਸਲ ਦਾ ਨਾਮ ਨਿਸ਼ਾਨਵਾਲੀਆ ਪੈ ਗਿਆ। ਅਬਦਾਲੀ ਦੇ ਹਮਲਿਆਂ ਬਾਅਦ ਇਹਨਾਂ ਨੇ ਸਤਲੁਜ ਤੋਂ ਪੂਰਬ ਵੱਲ ਮੇਰਠ ਤੱਕ ਲੁੱਟਮਾਰ ਕੀਤੀ। ਅੰਬਾਲਾ ਨੂੰ ਆਪਣਾ ਸਦਰ-ਮੁਕਾਮ ਬਣਾ ਲਿਆ। ਮੋਹਰ ਸਿੰਘ ਦੀ ਮੌਤ ਤੋਂ ਰਣਜੀਤ ਸਿੰਘ ਨੇ ਇਸ ਮਿਸਲ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ। ਪਰੰਤੂ 1809 ਈ. ਵਿਚ ਅੰਮ੍ਰਿਤਸਰ ਦੀ ਸੰਧੀ ਅਨੁਸਾਰ ਰਣਜੀਤ ਸਿੰਘ ਨੇ ਇਹ ਇਲਾਕੇ ਵਾਪਸ ਕਰ ਦਿੱਤੇ ਤੇ ਇਹ ਮਿਸਲ ਅੰਗ੍ਰੇਜ਼ਾਂ ਦੇ ਅਧੀਨ ਹੋ ਗਈ।

**ਸ਼ਹੀਦ ਮਿਸਲ :–** ਸੁਧਾ ਸਿੰਘ ਤਲਵੰਡੀ ਸਾਬੋ ਕੀ ਦਾ ਮਹੰਤ ਇਸ ਦਾ ਬਾਨੀ ਸੀ। ਇਸ ਨੂੰ ਜਲੰਧਰ ਦੇ ਮੁਸਲਮਾਨ ਗਵਰਨਰ ਨੇ ਸ਼ਹੀਦ ਕਰ ਦਿੱਤਾ ਸੀ ਤੇ ਇਸ ਦੇ ਪਿਛੋਂ ਇਸ ਜਥੇ ਦੇ ਇਹ ਹੋਰ ਪ੍ਰਸਿੱਧ ਨੇਤਾ ਸਰਦਾਰ ਦੀਪ ਸਿੰਘ ਨੇ ਸਿੱਖ ਧਰਮ ਦੇ ਦੁਸ਼ਮਣਾਂ ਨਾਲ ਲੜਦੇ ਹੋਏ ਸ਼ਹੀਦੀ ਪਾਈ ਸੀ। ਇਸ ਲਈ ਇਸ ਨੂੰ ਸ਼ਹੀਦ ਮਿਸਲ ਕਿਹਾ ਜਾਣ ਲੱਗਾ। ਕਰਮ ਸਿੰਘ ਤੇ ਗੁਰਬਖਸ਼ ਸਿੰਘ ਦੀ ਅਗਵਾਈ ਵਿਚ ਇਸ ਜਥੇ ਨੂੰ ਸਤਲੁਜ ਦਰਿਆ ਦੇ ਪੂਰਬ ਵਿਚ ਕਈ ਇਲਾਕਿਆਂ ਤੇ ਅਧਿਕਾਰ ਕਰ ਲਿਆ ਸੀ। ਇਹ ਗੁਰੂ ਗੋਬਿੰਦ ਸਿੰਘ ਦੇ ਖਾਸ ਉਪਾਸਕ ਸਨ। ਨੀਲਾ ਬਾਣਾ ਪਹਿਨਕੇ ਸਿਰ ਤੇ ਚੱਕਰ ਪਾਉਂਦੇ ਅਤੇ ਪੂਰੇ ਹੌਸਲੇ ਨਾਲ ਲੜਾਈ ਵਿਚ ਹਿੱਸਾ ਲੈਂਦੇ ਸਨ। ਵੱਡੀਆਂ ਮੁਸੀਬਤਾਂ ਵਿਚ ਇਹ ਸਿੱਖਾਂ ਲਈ ਰੀੜ੍ਹ ਦੀ ਹੱਡੀ ਵਾਲਾ ਕੰਮ ਦਿੰਦੇ ਸਨ। ਰਣਜੀਤ ਸਿੰਘ ਵੀ ਇਨ੍ਹਾਂ ਨੂੰ ਸਭ ਤੋਂ ਖਤਰਨਾਕ ਲੜਾਈਆਂ ਵਿਚ ਭੇਜਦਾ ਸੀ।

**ਕਰੋੜ ਸਿੰਘੀਆ ਮਿਸਲ :–** ਕਰੋੜਾ ਸਿੰਘ ਇਸ ਮਿਸਲ ਦਾ ਬਾਨੀ ਸੀ। ਜਮਨਾ ਤੇ ਮਾਰਕੰਡੇ ਦਾ ਵਿਚਲਾ ਇਲਾਕਾ ਇਨ੍ਹਾਂ ਨੇ ਕਬਜ਼ੇ ਵਿਚ ਕਰ ਲਿਆ। ਉਸ ਦਾ ਉਤਰਾਧਿਕਾਰੀ ਬਘੇਲ ਸਿੰਘ, ਇਸ ਮਿਸਲ ਦਾ ਸਭ ਤੋਂ ਯੋਗ ਸ਼ਾਸਕ ਸੀ। ਬਾਅਦ ਵਿਚ ਇਸ ਦੇ ਕੁਝ ਇਲਾਕੇ ਕਲਸੀਆ ਰਿਆਸਤ ਤੇ ਕੁਝ ਰਣਜੀਤ ਸਿੰਘ ਦੇ ਰਾਜ ਵਿਚ ਮਿਲ ਗਏ

। ਇਸ ਮਿਸਲ ਨੂੰ ਪੰਜਗੜੀਆ ਵੀ ਕਿਹਾ ਜਾਂਦਾ ਹੈ।

**ਫੈਜ਼ਲਪੁਰੀਆ ਮਿਸਲ :–** ਇਸ ਦਾ ਬਾਨੀ ਨਵਾਬ ਕਪੂਰ ਸਿੰਘ ਸੀ ਜੋ ਮਿਸਲਾਂ ਦਾ ਬਾਨੀ ਵੀ ਸੀ। ਉਸ ਨੇ ਸਭ ਤੋਂ ਪਹਿਲਾਂ ਫੈਜ਼ਲਪੁਰੀਆ ਪਿੰਡ ਤੇ ਕਬਜ਼ਾ ਕੀਤਾ ਜਿਸ ਦਾ ਨਾਂ ਸਿੰਘਾਪੁਰ ਰੱਖ ਦਿੱਤਾ ਗਿਆ। ਇਸ ਲਈ ਇਸ ਮਿਸਲ ਨੂੰ ਸਿੰਘਪੁਰੀਆ ਮਿਸਲ ਵੀ ਆਖਿਆ ਜਾਂਦਾ ਹੈ। ਇਸ ਮਿਸਲ ਦੇ ਇਲਾਕੇ ਸਤਲੁਜ ਦੇ ਦੋਹਾਂ ਪਾਸਿਆਂ ਵੱਲ ਸਨ। ਪੱਟੀ, ਭਗਤਗੜ੍ਹ, ਜਲੰਧਰ ਆਦਿ ਇਸ ਦੇ ਅਧੀਨ ਸਨ। ਕਪੂਰ ਸਿੰਘ ਤੋਂ ਬਾਅਦ ਬੁੱਧ ਸਿੰਘ ਇਸ ਮਿਸਲ ਦੇ ਸਰਦਾਰ ਬਣੇ। ਬੁੱਧ ਸਿੰਘ ਦੇ ਸਮੇਂ ਤੋਂ ਇਸ ਮਿਸਲ ਦੀ ਗਿਰਾਵਟ ਸ਼ੁਰੂ ਹੋ ਗਈ। ਸਤਲੁਜ ਤੋਂ ਉਰਾਰ ਦਾ ਇਲਾਕਾ ਰਣਜੀਤ ਸਿੰਘ ਨੇ ਮੱਲ ਲਿਆ ਤੇ ਸਤਲੁਜ ਤੋਂ ਪਾਰ ਅੰਗਰੇਜ਼ਾਂ ਨੇ।

**ਫੂਲਕੀਆਂ ਮਿਸਲ :–** ਇਸ ਦਾ ਅਸਲ ਬਾਨੀ ਫੂਲ ਜੈਸਲਮੇਰ ਦਾ ਭੱਟੀ ਰਾਜਪੂਤ ਸੀ, ਜੋ ਬਾਅਦ ਵਿਚ ਸਿੱਖ ਸਜ ਗਿਆ। ਇਸ ਦੇ ਲੜਕਿਆਂ ਨੇ ਅਲੱਗ ਰਿਆਸਤਾਂ ਕਾਇਮ ਕੀਤੀਆਂ। ਇਨ੍ਹਾਂ ਵਿਚੋਂ ਪਟਿਆਲਾ, ਨਾਭਾ, ਜੀਂਦ ਆਦਿ ਮਸ਼ਹੂਰ ਸਨ। ਬਾਬਾ ਆਲਾ ਸਿੰਘ ਪਟਿਆਲਾ ਰਿਆਸਤ ਦੇ ਬਾਨੀ ਸਨ। 1809 ਈ. ਦੀ ਸੰਧੀ ਅਨੁਸਾਰ ਇਸ ਮਿਸਲ ਦੇ ਇਲਾਕੇ ਅੰਗਰੇਜ਼ਾਂ ਦੀ ਸੁਰੱਖਿਆ ਹੇਠ ਆ ਗਏ।

**ਮੁੱਖ ਵਿਅਕਤੀ ਅਤੇ ਸ਼ਬਦ :**

1. ਨਵਾਬ ਕਪੂਰ ਸਿੰਘ
2. ਬਾਬਾ ਦੀਪ ਸਿੰਘ
3. ਕਰਮ ਸਿੰਘ
4. ਭਾਈ ਨੌਧ ਸਿੰਘ
5. ਹਰੀ ਸਿੰਘ ਭੰਗੀ
6. ਚੌਧਰੀ ਫੂਲ
7. ਬਾਰਾਂ ਮਿਸਲਾਂ
8. ਜ਼ਿਮੀਂਦਾਰਾ ਪ੍ਰਥਾ
9. ਸ਼ਹੀਦ ਮਿਸਲ
10. ਜੈ ਸਿੰਘ ਕਨ੍ਹਈਆ

**ਅਭਿਆਸ ਲਈ ਛੋਟੇ ਪ੍ਰਸ਼ਨ :**

1. ਭੰਗੀ ਮਿਸਲ ਦਾ ਵਰਨਣ ਕਰੋ।
2. ਆਹਲੂਵਾਲੀਆ ਮਿਸਲ ਤੇ ਨੋਟ ਲਿਖੋ।
3. ਮਿਸਲ ਸ਼ਬਦ ਦਾ ਭਾਵ ਦੱਸੋ।
4. ਫੂਲਕੀਆ ਮਿਸਲਾਂ ਦੇ ਨਾਮ ਲਿਖੋ।

**ਵੱਡੇ ਪ੍ਰਸ਼ਨ :**

1. ਸਿੱਖ ਮਿਸਲਾਂ ਦੀ ਜਾਣਕਾਰੀ ਦੇਵੋ।
2. ਸ਼ੁਕਰਚਕੀਆ ਮਿਸਲ ਦਾ ਬਾਨੀ ਕੌਣ ਸੀ ਤੇ ਇਸ ਦੀ ਸਫ਼ਲਤਾ ਦੇ ਕਾਰਨ ਦੱਸੋ।

**ਹੋਰ ਜਾਣਕਾਰੀ ਲਈ ਪੁਸਤਕਾਂ :**

1. Bhagat Singh, A History of the Sikh Misals (Patiala, 2009), pp.19-58.

**ਪਾਠ ਨੰ. 2.5 (ਬੀ)**

## ਮਿਸਲਾਂ ਦੀ ਜਥੇਬੰਦੀ ਦਾ ਉਭਾਰ, ਸੁਭਾਅ ਅਤੇ ਪ੍ਰਸ਼ਾਸਨ

ਕਨਿੰਘਮ ਅਨੁਸਾਰ ਮਿਸਲ ਦੀ ਬਣਤਰ ਧਾਰਮਿਕ, ਸੰਘਾਤਮਕ ਅਤੇ ਜਗੀਰਦਾਰੀ ਸੀ। ਪਰੰਤੂ ਏ .ਸੀ.ਬੈਨਰਜੀ ਲਿਖਦੇ ਹਨ ਕਿ ਮਿਸਲਾਂ ਦੀ ਜਥੇਬੰਦੀ ਲੋਕਰਾਜੀ ਜਾਂ ਜਮਹੂਰੀ ਢੰਗ ਤੇ ਸੀ – ਇਨ੍ਹਾਂ ਮਿਸਲਾਂ ਵਿਚਕਾਰ ਪਰਸਪਰ ਏਕਤਾ ਸੀ ਅਤੇ ਏਕਤਾ ਧਾਰਮਿਕ ਸਿਧਾਂਤਾਂ ਉਪਰ ਆਧਾਰਤ ਸੀ। ਪੱਛਮੀ ਲੇਖਕਾਂ ਨੇ ਵੀ ਵੱਖਰੇ ਅਰਥ ਪੇਸ਼ ਕੀਤੇ ਹਨ।

### ਪਾਠ ਦੀ ਬਣਤਰ

- ਮਿਸਲ ਸ਼ਬਦ ਦੇ ਭਿੰਨ ਭਿੰਨ ਭਾਵ
- ਗੁਰਮਤਾ
- ਮਿਸਲਾਂ ਦਾ ਅੰਦਰੂਨੀ ਰਾਜ ਪ੍ਰਬੰਧ
- ਪਿੰਡ ਦੀ ਪੰਚਾਇਤ
- ਆਰਥਿਕ ਪ੍ਰਬੰਧ ਤੇ ਆਮਦਨ ਦੇ ਸਾਧਨ
- ਜ਼ਿਮੀਂਦਾਰੀ ਪ੍ਰਣਾਲੀ
- ਨਿਆਂ ਪ੍ਰਬੰਧ
- ਫੌਜੀ ਪ੍ਰਬੰਧ – ਭਰਤੀ ਤੇ ਸਿਖਲਾਈ
- ਫੌਜੀ ਤਨਖਾਹ
- ਛੋਟੇ ਪ੍ਰਸ਼ਨ – ਲੰਮੇ ਪ੍ਰਸ਼ਨ
- ਪੁਸਤਕਾਂ

### ਉਦੇਸ਼

(1) ਮਿਸਲ ਦਾ ਭਾਵ ਤੇ ਭਿੰਨਤਾ ਬਿਆਨ ਕਰਨੀ
(2) ਮਿਸਲਾਂ ਦੇ ਆਪਸੀ ਸਬੰਧ ਅਤੇ ਮੁਗ਼ਲ/ਪਠਾਨ ਨੀਤੀ ਦੱਸਣਾ
(3) ਮਿਸਲਾਂ ਅਤੇ ਜਗੀਰਦਾਰੀ ਦੇ ਪ੍ਰਭਾਵ ਤੇ ਰੋਸ਼ਨੀ ਪਾਈ ਜਾਵੇਗੀ।

## ਮਿਸਲਾਂ ਦੀ ਜਥੇਬੰਦੀ ਦਾ ਉਭਾਰ, ਸੁਭਾਅ ਅਤੇ ਪ੍ਰਸ਼ਾਸਨ

(ORGANISATION OF THE SIKH MISLS - EMERGENCE, NATURE AND ADMINISTRATION)

### ਮਿਸਲਾਂ ਦੀ ਜਥੇਬੰਦੀ ਦਾ ਸੁਭਾਅ :

ਸਿੱਖ ਮਿਸਲਾਂ ਦੀ ਜਥੇਬੰਦੀ ਦੇ ਸਬੰਧ ਵਿਚ ਵੱਖ ਵੱਖ ਲੇਖਕਾਂ ਦੇ ਵੱਖ ਵੱਖ ਵਿਚਾਰ ਹਨ। ਇਨ੍ਹਾਂ ਵੱਖ ਵੱਖ ਦ੍ਰਿਸ਼ਟੀਕੋਣਾਂ ਵਿਚ ਏਕਤਾ ਨਹੀਂ।

ਕਨਿੰਘਮ ਦਾ ਵਿਚਾਰ :- ਕਨਿੰਘਮ ਦੇ ਵਿਚਾਰ ਅਨੁਸਾਰ ਇਹ ਬਣਤਰ ਧਾਰਮਿਕ, ਸੰਘਾਤਮਕ ਤੇ ਜਾਗੀਰਦਾਰੀ (Theoretic Confederate and Feudalistic) ਸੀ ਅਤੇ ਇਸ ਦੀ ਵਿਆਖਿਆ ਕਰਦਿਆਂ ਉਹ ਦੱਸਦਾ ਸੀ ਕਿਉਂਕਿ ਸਿੱਖ ਲੋਕ ਧਾਰਮਿਕ ਅਸੂਲਾਂ ਦੇ ਪਾਬੰਦ ਰਹਿ ਕੇ ਹੀ ਮਿਸਲਾਂ ਦਾ ਪ੍ਰਬੰਧ ਕਰਦੇ ਸਨ। ਉਹ ਗੁਰੂ ਦੇ ਦੱਸੇ ਹੋਏ ਆਦਰਸ਼ ਤੇ ਚਲਦੇ ਸਨ। ਗੁਰੂ ਦੀ ਤਲਵਾਰ ਰਾਹੀਂ ਹੀ ਸਫਲਤਾ ਪ੍ਰਾਪਤ ਕਰਨ ਦੀ ਆਸ ਰੱਖਦੇ ਸਨ। ਉਨ੍ਹਾਂ ਦਾ ਇਹ ਨਿਸ਼ਚਾ ਸੀ ਕਿ ਵਾਹਿਗੁਰੂ ਹੀ ਉਨ੍ਹਾਂ ਦਾ ਸਹਾਇਕ ਤੇ ਰਖਿਅਕ ਹੈ। ਉਨ੍ਹਾਂ ਦਾ ਇਹ ਨਿਸ਼ਚਾ ਸੀ ਕਿਸੇ ਵੀ ਕੁਰਬਾਨੀ ਦੁਆਰਾ ਆਪਣੇ ਧਰਮ ਨੂੰ ਸਥਾਪਤ ਰੱਖਿਆ ਜਾਵੇ। ਇਸ ਸਾਂਝੇ ਨਿਸ਼ਾਨੇ ਨੇ ਮਿਸਲਾਂ ਦੇ ਸਿੱਖਾਂ ਨੂੰ ਇਕ ਰੱਸੀ ਵਿਚ ਬੰਨਿਆ ਹੋਇਆ ਸੀ। ਇਸ ਤੋਂ ਇਲਾਵਾ ਉਹ ਹਰ ਸਾਲ ਵਿਸਾਖੀ ਤੇ ਦੀਵਾਲੀ ਦੇ ਮੌਕਿਆਂ ਤੇ ਅੰਮ੍ਰਿਤਸਰ ਵਿਚ ਇਕੱਠੇ ਹੁੰਦੇ ਸਨ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਾਂਝੀ ਯੋਜਨਾ ਬਣਾਉਂਦੇ ਸਨ, ਇਸ

ਤਰ੍ਹਾਂ ਹਰ ਕਥਨੀ ਅਤੇ ਕਰਨੀ ਵਿਚ ਧਾਰਮਿਕ ਰੰਗਤ ਬਹੁਤੀ ਸੀ। ਇਸ ਲਈ ਕਨਿੰਘਮ ਦੇ ਵਿਚਾਰ ਵਿਚ ਇਹ ਧਾਰਮਿਕ ਸੀ।

ਸੰਘਾਤਮਕ ਦੀ ਵਿਆਖਿਆ ਕਰਦੇ ਹੋਏ ਉਹ ਕਹਿੰਦਾ ਹੈ ਕਿ ਜਥੇਬੰਦੀ ਸੰਘਾਤਮਕ ਇਸ ਕਰਕੇ ਸੀ ਕਿ ਮਿਸਲਾਂ ਪੂਰਨ ਤੌਰ ਤੇ ਆਜ਼ਾਦ ਨਹੀਂ ਸਨ ਸਗੋਂ ਖੁੱਲ੍ਹੇ ਖੁਲਾਸੇ ਢੰਗ ਨਾਲ ਸਰਬਤ ਖਾਲਸਾ ਦੀ ਸੰਸਥਾ ਰਾਹੀਂ ਆਪਸ ਵਿਚ ਜੁੜੀਆਂ ਹੋਈਆਂ ਸਨ। ਇਸ ਕੇਂਦਰੀ ਸੰਸਥਾ ਅਧੀਨ ਸਾਂਝੇ ਵੈਰੀ ਤੇ ਖਤਰੇ ਦੇ ਸਮੇਂ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਮਿਸਲ ਨੂੰ ਵੱਖ ਵੱਖ ਜਾਂ ਸਮੁੱਚੇ ਰੂਪ ਵਿਚ ਗੁਰਮਤੇ ਦੀ ਪਾਲਣਾ ਕਰਨੀ ਪੈਂਦੀ ਸੀ, ਨਾਲੇ ਸਿੱਖ ਮਿਸਲਾਂ ਦੇ ਲੋਕਾਂ ਨੂੰ ਇਹ ਵੀ ਹੱਕ ਸੀ ਕਿ ਇਕ ਮਿਸਲ ਨੂੰ ਛੱਡ ਕੇ ਦੂਜੀ ਮਿਸਲ ਵਿਚ ਚਲੇ ਜਾਣ। ਇਸ ਤਰ੍ਹਾਂ ਮਿਸਲਾਂ ਦੀ ਹਕੂਮਤ ਇਕ ਹੀ ਸੀ।

ਜਾਗੀਰਦਾਰੀ ਇਸ ਕਰਕੇ ਸੀ ਕਿ ਮਿਸਲ ਜਥੇਬੰਦੀ ਦੇ ਸਾਰੇ ਜਥੇਦਾਰ ਸਾਂਝੀਆਂ ਜਿੱਤਾਂ ਨੂੰ ਆਪਣੇ ਆਪ ਵਿਚ ਬਰਾਬਰ ਵੰਡ ਲੈਂਦੇ ਸਨ ਤੇ ਹਰੇਕ ਜਥੇ ਦਾ ਆਗੂ ਫਿਰ ਸਾਰੀਆਂ ਪ੍ਰਾਪਤ ਕੀਤੀਆਂ ਵਸਤਾਂ ਨੂੰ ਆਪਣੇ ਅਧੀਨ ਸਾਥੀਆਂ ਵਿਚ ਇਕੋ ਜਿਹਾ ਵੰਡਦਾ ਸੀ। ਇਹ ਜਾਗੀਰਦਾਰੀ ਸਿਸਟਮ ਦਾ ਸਿਧਾਂਤ ਸੀ।

ਏ.ਸੀ.ਬੈਨਰਜੀ ਦਾ ਵਿਚਾਰ :- ਏ.ਸੀ.ਬੈਨਰਜੀ ਦੇ ਅਨੁਸਾਰ ਮਿਸਲਾਂ ਦੀ ਜਥੇਬੰਦੀ ਦੀ ਬਣਤਰ ਜਮਹੂਰੀ ਢੰਗ ਤੇ ਸੀ ਪਰ ਇਨ੍ਹਾਂ ਵਿਚ ਪਰਸਪਰ ਏਕਤਾ ਧਾਰਮਿਕ ਸਿਧਾਂਤਾਂ ਤੇ ਆਧਾਰਤ ਸੀ (Democratic in Composition and religious in its cohesive principles)। ਉਸ ਦੇ ਵਿਚਾਰ ਅਨੁਸਾਰ ਇਸ ਦੀ ਬਣਤਰ ਧਾਰਮਿਕ ਇਸ ਲਈ ਨਹੀਂ ਸੀ ਕਿਉਂਕਿ ਮਿਸਲਾਂ ਦੀ ਹਕੂਮਤ ਪੂਰੇ ਤੌਰ ਤੇ ਧਾਰਮਿਕ ਸਿਧਾਂਤਾਂ ਤੇ ਨਿਰਭਰ ਨਹੀਂ ਸੀ ਅਤੇ ਨਾ ਹੀ ਗਰੰਥੀਆਂ ਦਾ ਇਸ ਤੇ ਮੁਕੰਮਲ ਪ੍ਰਭਾਵ ਸੀ। ਇਹ ਜਾਗੀਰੀ ਜਥੇਬੰਦੀ ਵੀ ਨਹੀਂ ਸੀ ਕਿਉਂਕਿ ਜਾਗੀਰਦਾਰੀ ਇਕ ਪੁਰਖ ਰਾਜ ਤੋਂ ਬਿਨਾਂ ਹੋਂਦ ਵਿਚ ਨਹੀਂ ਆ ਸਕਦੀ। ਇਸ ਤੋਂ ਇਲਾਵਾ ਅਧੀਨ ਸਿੱਖ ਸਰਦਾਰਾਂ ਦੀ ਆਪਣੇ ਵੱਡੇ ਜਥੇਦਾਰ ਅੱਗੇ ਕੋਈ ਵੀ ਮਾਲਕ ਜਾਂ ਸੈਨਿਕ ਜ਼ਿੰਮੇਵਾਰੀ ਨਹੀਂ ਸੀ। ਉਹ ਸਹਿਜ ਹੀ ਇਕ ਅਜਿਹਾ ਸੰਗਠਨ ਸੀ ਜਿਹੜਾ ਬਣਤਰ ਵਿਚ ਜਮਹੂਰੀ ਅਤੇ ਜੁੜਵੇਂ ਸਿਧਾਂਤ ਕਰਕੇ ਧਾਰਮਿਕ ਸੀ।

ਇਬਸਟਨ ਦਾ ਵਿਚਾਰ :- ਇਸ ਵਿਚਾਰ ਅਨੁਸਾਰ ਮਿਸਲਾਂ ਦੀ ਜਥੇਬੰਦੀ ਵਿਚ ਧਰਮ ਸਾਪੇਖਤਾ ਜਮਹੂਰੀਅਤ ਅਤੇ ਖੁਦਮੁਖਤਿਆਰੀ ਦੇ ਸਭ ਤੱਤ ਖਿਚੜੀ ਵਾਂਗ ਰਲੇ ਹੋਏ ਸਨ (A curious mixture of theocracy, democracy and absolutism)। ਧਰਮ ਸਾਪੇਖਤਾ (Theocratic) ਦੇ ਅੰਸ਼ ਇਹ ਸਨ ਕਿ ਸਿੱਖ ਸਰਦਾਰ ਦੇ ਸਿਪਾਹੀ ਹੀ ਗੁਰੂ ਲਈ ਯੁੱਧ ਕਰਦੇ ਸਨ ਅਤੇ ਜਦੋਂ ਉਹ ਅੰਮ੍ਰਿਤਸਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕੱਤਰ ਹੁੰਦੇ ਸਨ ਤਾਂ ਉਹ ਧਾਰਮਿਕ ਇਕੱਠ (ਸਰਬਤ ਖਾਲਸਾ) ਦੇ ਫੈਸਲੇ (ਗੁਰਮਤੇ) ਉਤੇ ਫੁੱਲ ਚੜ੍ਹਾਉਂਦੇ ਸਨ। ਜਮਹੂਰੀਅਤ (Democratic) ਅੰਸ਼ ਇਹ ਸਨ ਕਿ ਮਿਸਲਦਾਰ ਅਤੇ ਉਸ ਦੇ ਅਧੀਨ ਫੌਜੀ ਸਿਪਾਹੀ ਸਭ ਧਾਰਮਿਕ, ਰਾਜਸੀ ਅਤੇ ਸਮਾਜਿਕ ਆਧਾਰ ਤੇ ਇਕ ਦੂਜੇ ਦੇ ਬਰਾਬਰ ਸਨ ਤੇ ਖੁਦਮੁਖਤਿਆਰੀ ਜਾਂ ਇਕ ਪੁਰਖੀ ਰਾਜ (Absolutism) ਦਾ ਅੰਸ਼ ਇਹ ਸੀ ਕਿ ਮਿਸਲਦਾਰ ਨੂੰ ਆਪਣੀ ਮਿਸਲ ਦੇ ਮਾਮਲਿਆਂ ਵਿਚ ਖੁਦਮੁਖਤਿਆਰੀ ਸੀ ਅਤੇ ਉਨ੍ਹਾਂ ਉਪਰ ਕੋਈ ਬਾਦਸ਼ਾਹ ਨਹੀਂ ਸੀ।

ਸਿੱਟਾ :- ਮਿਸਲਾਂ ਦੇ ਜਥੇਬੰਦੀ ਦੇ ਸੁਭਾਅ ਬਾਰੇ ਵੱਖ ਵੱਖ ਵਿਚਾਰ ਪ੍ਰਗਟ ਕੀਤੇ ਗਏ ਹਨ। ਸੱਚ ਤਾਂ ਇਹ ਹੈ ਕਿ ਮਿਸਲਾਂ ਨੂੰ ਇਕ ਪੱਕੇ ਸੰਵਿਧਾਨ ਵਿਚ ਬੰਨਣਾ ਮੁਸ਼ਕਲ ਹੈ। ਇਨ੍ਹਾਂ ਸਾਰੇ ਵਿਚਾਰਾਂ ਵਿਚ ਸਾਨੂੰ ਇਬਸਟਨ ਦਾ ਵਿਚਾਰ ਕਿ ਮਿਸਲਾਂ ਦੀ ਜਥੇਬੰਦੀ ਧਰਮ ਸਾਪੇਖਤਾ, ਜਮਹੂਰੀਅਤ ਅਤੇ ਖੁਦਮੁਖਤਿਆਰੀ ਤੇ ਆਧਾਰਤ ਸੀ, ਜ਼ਿਆਦਾ ਮੰਨਣਯੋਗ ਲਗਦਾ ਹੈ।

**ਗੁਰਮਤਾ :**

ਸਿੱਖ ਮਿਸਲਾਂ ਦੀ ਕੇਂਦਰੀ ਜਥੇਬੰਦੀ ਨੂੰ'ਗੁਰਮਤਾ' ਆਖਿਆ ਜਾਂਦਾ ਸੀ। ਇਹ ਸ਼ਬਦ ਪੰਜਾਬੀ ਦੇ ਸ਼ਬਦਾਂ 'ਗੁਰੂ' ਤੇ'ਮਤ' ਤੋਂ ਮਿਲ ਕੇ ਬਣਿਆ ਹੈ ਤੇ ਇਸ ਦਾ ਭਾਵ ਗੁਰੂ ਦੀ ਰਾਇ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਤੋਂ ਬਾਅਦ ਇਹ ਜਥੇਬੰਦੀ ਹੋਂਦ ਵਿਚ ਆਈ ਸੀ। ਗੁਰੂ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਸਾਰੀਆਂ ਮਿਸਲਾਂ ਦੇ ਸਰਦਾਰ ਸਰਬਤ ਖਾਲਸੇ ਦੇ ਰੂਪ ਵਿਚ ਅੰਮ੍ਰਿਤਸਰ ਵਿਚ ਅਕਾਲ ਤਖਤ ਦੇ ਸਾਹਮਣੇ ਇਕੱਠੇ ਹੁੰਦੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਸਾਲ ਵਿਚ ਦੋ ਵਾਰੀ ਵਿਸਾਖੀ ਤੇ ਦੀਵਾਲੀ ਤੇ ਇਕੱਠੇ ਹੁੰਦੇ ਸਨ। ਸਾਰੇ ਫੌਜੀ ਸਰਦਾਰ ਖਾਲਸਾ ਜਾਂ ਸਿੱਖ ਪਾਰਲੀਮੈਂਟ ਦੇ ਰੂਪ ਵਿਚ ਇਕੱਠੇ ਹੁੰਦੇ ਤੇ ਵੱਡੇ ਤੇ ਜ਼ਰੂਰੀ ਕੌਮੀ ਮਾਮਲਿਆਂ ਤੇ ਵਾਦ-ਵਿਵਾਦ ਕਰਦੇ ਤੇ ਇਕ ਫੈਸਲੇ ਤੇ ਪਹੁੰਚਦੇ ਸਨ। ਧਾਰਮਿਕ ਰਸਮ-ਰਿਵਾਜ ਪੂਰੇ ਕਰਨ ਤੋਂ ਬਾਅਦ ਆਪਣਾ

ਪ੍ਰੋਗਰਾਮ ਬਣਾਉਂਦੇ। ਪਿਛਲੀਆਂ ਮੁਸ਼ਕਲਾਂ ਬਾਰੇ ਫੈਸਲੇ ਕਰਦੇ ਤੇ ਨਵੀਆਂ ਫੌਜੀ ਮੁਹਿੰਮਾਂ ਲਿਜਾਣ ਬਾਰੇ ਸਕੀਮਾਂ ਬਣਾਉਂਦੇ ਸਨ। ਕਈ ਵਾਰ ਇਕ ਸਰਦਾਰ ਦੀ ਮੌਤ ਤੋਂ ਬਾਅਦ ਜੇ ਉਸ ਦੇ ਵਾਰਸਾਂ ਵਿਚ ਗੱਦੀ ਲਈ ਝਗੜਾ ਹੋ ਜਾਂਦਾ ਤਾਂ ਉਹ ਫੈਸਲੇ ਵੀ ਇਥੇ ਹੀ ਹੁੰਦੇ ਸਨ। ਜੇ ਮਿਸਲਾਂ ਦੇ ਸਰਦਾਰਾਂ ਦੇ ਆਪਸੀ ਝਗੜੇ ਹੋ ਜਾਂਦੇ ਤਾਂ ਇਥੇ ਸੁਲਝਾਏ ਜਾਂਦੇ ਸਨ। ਇਨ੍ਹਾਂ ਬਹਿਸਾਂ ਵਿਚ ਹਿੱਸਾ ਲੈਣ ਦੀ ਹਰ ਸਿਪਾਹੀ ਨੂੰ ਖੁੱਲ੍ਹ ਹੁੰਦੀ ਸੀ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਲਗਾਏ ਦੀਵਾਨ ਵਿਚ ਸਭ ਬਰਾਬਰ ਹੁੰਦੇ ਹਨ। ਸਰਬਤ ਖਾਲਸਾ ਦਲ ਖਾਲਸੇ ਦੇ ਜਥੇਦਾਰ, ਨਵੀਆਂ ਮੁਹਿੰਮਾਂ ਲਿਜਾਣ ਲਈ ਲੀਡਰ ਵੀ ਇਥੇ ਹੀ ਚੁਣਿਆ ਕਰਦਾ ਸੀ। ਨਵਾਬ ਕਪੂਰ ਸਿੰਘ ਇਥੇ ਹੀ ਚੁਣੇ ਸਨ। ਮਿਸਲਦਾਰ ਆਪਣੇ ਚੜ੍ਹਾਵਿਆਂ ਭਾਵ ਪੈਸਿਆਂ ਦੀ ਪੂਰੀ ਰਿਪੋਰਟ ਸਰਬਤ ਖਾਲਸਾ ਨੂੰ ਦਿੰਦੇ ਸਨ ਪਰ ਇਹ ਮਿਸਲਾਂ ਦੀ ਤਾਕਤ ਦੇ ਅਨੁਸਾਰ ਇਸ ਨੂੰ ਉਨ੍ਹਾਂ ਵਿਚਕਾਰ ਵੰਡ ਦਿਆ ਕਰਦੇ ਸਨ। ਸਰਬਤ ਖਾਲਸਾ ਦੀ ਮੀਟਿੰਗ ਵਿਚ ਹੀ ਮਿਸਲਦਾਰ ਸਿੱਖਾਂ ਦੇ ਆਗੂ ਸਾਂਝੇ ਪ੍ਰੋਗਰਾਮ ਅਤੇ ਆਪੋ-ਆਪਣੀਆਂ ਮਿਸਲਾਂ ਦੇ ਪ੍ਰੋਗਰਾਮ ਬਣਾਉਂਦੇ ਸਨ। ਗੁਰਮਤਾ ਅਕਾਲ ਤਖਤ ਤੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਪੜ੍ਹਿਆ ਜਾਂਦਾ ਸੀ। ਇਸ ਪਵਿੱਤਰ ਅਸਥਾਨ ਤੇ ਇਕ ਵਾਰੀ ਜੋ ਫੈਸਲਾ ਲੈ ਲਿਆ ਜਾਂਦਾ ਸੀ, ਉਸ ਨੂੰ ਕੋਈ ਬਦਲ ਨਹੀਂ ਸਕਦਾ ਸੀ ਤੇ ਧਾਰਮਿਕ ਵਿਸ਼ਵਾਸ ਉਨ੍ਹਾਂ ਨੂੰ ਆਪਣੇ ਫੈਸਲਿਆਂ ਦੇ ਪਾਬੰਦ ਰਹਿਣ ਲਈ ਮਜ਼ਬੂਰ ਕਰਦਾ ਸੀ। ਜਿਸ ਫੈਸਲੇ ਦਾ ਅਰਦਾਸਾ ਇਕ ਵਾਰੀ ਸੋਧ ਦਿੱਤਾ ਜਾਂਦਾ ਸੀ, ਉਸ ਨੂੰ ਪੂਰਾ ਕਰਨਾ ਹਰ ਸਿੱਖ ਆਪਣਾ ਧਰਮ ਸਮਝਦਾ ਸੀ।

ਗੁਰਮਤਾ ਸੰਸਥਾ ਦਾ ਸ਼ੁਰੂ ਹੋਣ ਦਾ ਭਾਵੇਂ ਪੂਰਾ ਪਤਾ ਨਹੀਂ ਲਗਦਾ ਪਰ ਇਹ ਆਮ ਵਿਚਾਰ ਹੈ ਕਿ ਪਹਿਲਾਂ ਗੁਰਮਤਾ ਗੁਰੂ ਗੋਬਿੰਦ ਸਿੰਘ ਨੇ ਸ਼ੁਰੂ ਕੀਤਾ ਤੇ ਆਖਰੀ 1805 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬੁਲਾਇਆ ਸੀ। ਇਸ ਤੋਂ ਬਾਅਦ ਰਣਜੀਤ ਸਿੰਘ ਨੇ ਇਸ ਸੰਸਥਾ ਦੇ ਬੁਲਾਉਣ ਦੀ ਲੋੜ ਨਹੀਂ ਸਮਝੀ ਕਿਉਂਕਿ ਰਣਜੀਤ ਸਿੰਘ ਨੇ ਪੰਜਾਬ ਵਿਚ ਆਪਣਾ ਰਾਜ ਕਾਇਮ ਕਰ ਲਿਆ ਤੇ ਗੁਰਮਤੇ ਦੇ ਕਾਰਜ ਨੂੰ ਆਪਣੇ ਹੱਥਾਂ ਵਿਚ ਲੈ ਲਿਆ। ਹੁਣ ਸਿੱਖਾਂ ਦਾ ਇਕੱਠ ਸਿਰਫ ਸਮਾਜਿਕ ਤੇ ਧਾਰਮਿਕ ਮਾਮਲਿਆਂ ਨੂੰ ਸੁਲਝਾਉਣ ਲਈ ਹੁੰਦਾ ਸੀ, ਨਾ ਕਿ ਰਾਜਨੀਤਿਕ ਕੰਮਾਂ ਨੂੰ।

**ਮਿਸਲਾਂ ਦਾ ਅੰਦਰੂਨੀ ਰਾਜ ਪ੍ਰਬੰਧ :**

ਹਰ ਮਿਸਲ ਦੇ ਮੁਖੀ ਨੂੰ 'ਸਰਦਾਰ' ਕਿਹਾ ਜਾਂਦਾ ਸੀ। ਇਹ ਸਰਦਾਰ ਆਪਣੇ ਇਲਾਕੇ ਦਾ ਰਾਜ ਪ੍ਰਬੰਧ ਚਲਾਉਂਦੇ ਸੀ, ਤੇ ਬਾਕੀ ਗੈਰ ਸਿੱਖ ਰਿਆਸਤਾਂ ਨਾਲ ਆਪਣੇ ਸਬੰਧਾਂ ਦਾ ਜ਼ਿੰਮੇਵਾਰ ਸੀ। ਆਪਣੇ ਇਲਾਕੇ ਨੂੰ ਉਹ ਆਪਣੇ ਅਨੁਯਾਈਆਂ ਵਿਚ ਜਾਗੀਰ ਦੇ ਤੌਰ ਤੇ ਵੰਡ ਦਿੰਦਾ ਸੀ। ਲੁੱਟਮਾਰ ਵਿਚ ਜੋ ਸਮਾਨ ਹੱਥ ਲਗਦਾ ਸੀ, ਉਹ ਵੀ ਵੰਡ ਲਿਆ ਜਾਂਦਾ ਸੀ। ਇਹ ਮਿਸਲ ਇਕ ਫੌਜੀ ਗਠਜੋੜ ਹੀ ਹੁੰਦਾ ਸੀ।

ਸਿੱਖ ਸਿਪਾਹੀ ਆਪਣੀ ਮਰਜ਼ੀ ਨਾਲ ਮਿਸਲ ਦੀ ਨੌਕਰੀ ਛੱਡ ਸਕਦਾ ਸੀ। ਭਾਵੇਂ ਮਿਸਲ ਦਾ ਰਾਜ ਪ੍ਰਬੰਧ ਆਪ ਹੁਦਰਾ ਹੀ ਸੀ ਪਰੰਤੂ ਫਿਰ ਵੀ ਉਹਨਾਂ ਵਿਚ ਬਹੁਤੀਆਂ ਗੁਆਂਢੀ ਰਿਆਸਤਾਂ ਨਾਲੋਂ ਜ਼ੋਰ-ਜ਼ੁਲਮ ਅਤੇ ਧੱਕੇ ਸ਼ਾਹੀ ਘੱਟ ਸੀ। ਸਿੱਖ ਮਿਸਲ ਦਾ ਮੁਖੀ ਆਪਣੇ ਇਲਾਕੇ ਵਿਚ ਖੁਦਮੁਖਤਿਆਰ ਹਾਕਮ ਹੁੰਦਾ ਸੀ। ਉਸ ਦਾ ਆਪਣੀ ਪਰਜਾ ਤੇ ਪੂਰਾ ਅਧਿਕਾਰ ਸੀ। ਉਹ ਉਨ੍ਹਾਂ ਦੇ ਜੀਵਨ ਤੇ ਮੌਤ ਦਾ ਮਾਲਕ ਹੁੰਦਾ ਸੀ।

ਪਿੰਡ ਦੀ ਪੰਚਾਇਤ :- ਮਿਸਲਾਂ ਦੇ ਰਾਜ ਦੀ ਇਕਾਈ ਪਿੰਡ ਸੀ, ਜਿਸ ਦਾ ਪ੍ਰਬੰਧ ਪੰਚਾਇਤਾਂ ਕਰਦੀਆਂ ਸਨ। ਪੰਚਾਇਤਾਂ ਪਿੰਡ ਦੇ ਮਾਮਲਿਆਂ ਵਿਚ ਖੁਦਮੁਖਤਿਆਰ ਸਨ। ਪੰਚਾਇਤ ਦੇ ਫੈਸਲੇ ਮੰਨਵਾਣ ਲਈ ਕਿਸੇ ਸ਼ਕਤੀ ਦੀ ਲੋੜ ਨਹੀਂ ਸੀ। ਪਿੰਡ ਦੇ ਲੋਕ ਆਪਣੀ ਪੰਚਾਇਤ ਦੇ ਪ੍ਰਤੀਨਿਧੀਆਂ ਨੂੰ ਆਪ ਚੁਣਦੇ ਸਨ। ਇਹ ਪਿੰਡ ਜਮਹੂਰੀਅਤ ਦੇ ਨਮੂਨੇ ਸਨ ਅਤੇ ਸਥਾਨਕ ਪ੍ਰਭਾਵ ਅਤੇ ਰਸੂਖ ਦਾ ਬੋਲਬਾਲਾ ਸੀ। ਇਸ ਤੋਂ ਇਲਾਵਾ ਪਿੰਡ ਦੇ ਵਸਨੀਕ ਪੰਚਾਇਤਾਂ ਨੂੰ ਬਹੁਤ ਉੱਚੀ ਪਦਵੀ ਦਿੰਦੇ ਸਨ ਅਤੇ ਇਸ ਨਿਸ਼ਚੇ ਵਿਚ ਵਿਸ਼ਵਾਸ ਕਰਦੇ ਸਨ ਕਿ ਪੰਚਾਂ ਵਿਚ ਪਰਮੇਸ਼ਰ ਹੈ। ਸਮਕਾਲੀ ਇਤਿਹਾਸਕਾਰ ਅਨੁਸਾਰ ਪੰਚਾਇਤ ਦੀ ਇਮਾਨਦਾਰੀ ਤੇ ਨਿਰਪੱਖਤਾ ਦਾ ਦਰਜਾ ਬੜਾ ਉੱਚਾ ਸੀ।

**ਆਰਥਿਕ ਪ੍ਰਬੰਧ :-** ਮਿਸਲਾਂ ਦੀ ਆਮਦਨ ਦਾ ਸਭ ਤੋਂ ਮਹੱਤਵਪੂਰਨ ਸੋਮਾ ਭੂਮੀ ਕਰ ਸੀ। ਮਿਸਲਾਂ ਦੇ ਸਮੇਂ ਪਿੰਡ ਦੋ ਪ੍ਰਕਾਰ ਦੇ ਸਨ। ਇਕ ਉਹ ਪਿੰਡ ਸਨ ਜੋ ਸਿੱਧੇ ਮਿਸਲਾਂ ਦੇ ਅਧੀਨ ਤੇ ਦੂਜੇ ਉਹ ਜਿਹੜੇ ਮਿਸਲਾਂ ਦੀ ਰਾਖੀ ਵਿਚ ਸਨ। ਪਹਿਲੀ ਕਿਸਮ ਦੇ ਪਿੰਡਾਂ ਵਿਚ ਬਟਾਈ ਪ੍ਰਚੱਲਿਤ ਸੀ।

ਇਸ ਪ੍ਰਣਾਲੀ ਅਨੁਸਾਰ ਜ਼ਮੀਨ ਦਾ ਲਗਾਨ ਹਾੜੀ ਤੇ ਸਾਉਣੀ ਕੱਟਣ ਤੋਂ ਦੋ ਕਿਸ਼ਤਾਂ ਵਿਚ ਦਿੱਤਾ ਜਾਂਦਾ ਸੀ। ਪਿੰਡ ਦਾ ਮੁਖੀਆ ਲਗਾਨ ਇਕੱਠਾ ਕਰਨ ਲਈ ਜ਼ਿੰਮੇਵਾਰ ਹੁੰਦਾ ਸੀ। ਚੰਗੀ ਉਪਜਾਊ ਜ਼ਮੀਨ ਵਿਚੋਂ 1/4

ਹਿੱਸਾ ਤੇ ਘੱਟ ਉਪਜਾਊ ਵਿਚੋਂ 1/5 ਹਿੱਸਾ ਲਗਾਨ ਲਿਆ ਜਾਂਦਾ ਸੀ।

**ਰਾਖੀ :–** ਰਾਖੀ ਪ੍ਰਣਾਲੀ ਮਰਹੱਟਿਆਂ ਦੀ ਚੌਥ ਪ੍ਰਣਾਲੀ ਦੀ ਤਰ੍ਹਾਂ ਸੀ। ਪਿਛਲੇਰੇ ਮੁਗ਼ਲ ਕਾਲ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਤੇ ਸਿੱਖਾਂ ਦੀਆਂ ਬਗ਼ਾਵਤਾਂ ਕਾਰਨ ਗੜਬੜ ਮਚੀ ਹੋਈ ਸੀ। ਪਿੰਡ ਆਮ ਤੌਰ ਤੇ ਲੁੱਟੇ ਜਾਂਦੇ ਸਨ। ਸਰਕਾਰ ਉਨ੍ਹਾਂ ਦੀ ਰੱਖਿਆ ਲਈ ਪ੍ਰਬੰਧ ਨਹੀਂ ਸੀ ਕਰਦੀ। ਇਸ ਸਮੇਂ ਸਿੱਖ ਸਰਦਾਰਾਂ ਨੇ ਇਕ ਪ੍ਰਥਾ ਚਲਾਈ ਜਿਸ ਅਨੁਸਾਰ ਸਿੱਖ ਸਰਦਾਰ ਪਿੰਡਾਂ ਨੂੰ ਲੁੱਟਮਾਰ ਤੋਂ ਬਚਾਉਣ ਲਈ ਆਪਣੀ ਰੱਖਿਆ ਵਿਚ ਲੈ ਲੈਂਦੇ ਸਨ ਤੇ ਰੱਖਿਆ ਹੇਠ ਆਏ ਪਿੰਡ ਉਨ੍ਹਾਂ ਨੂੰ ਆਪਣੀ ਆਮਦਨ ਦਾ 1/5 ਹਿੱਸਾ ਜਾਂ ਫਸਲਾਂ ਵਿਚ ਸਰਕਾਰ ਦੇ ਹਿੱਸੇ ਦਾ ਅੱਧਾ ਹਿੱਸਾ ਦੇ ਦਿਆ ਕਰਦੇ ਸਨ। ਇਹ ਕਰ ਸਾਲ ਵਿਚ ਦੋ ਵਾਰੀ ਹਾੜੀ ਸਾਉਣੀ ਤੋਂ ਬਾਅਦ ਉਗਰਾਹਿਆ ਜਾਂਦਾ ਸੀ।

**ਆਮਦਨ ਦੇ ਹੋਰ ਸਾਧਨ :–** ਮਿਸਲਾਂ ਦੀ ਆਮਦਨ ਦੇ ਭੂਮੀ ਕਰ ਤੋਂ ਇਲਾਵਾ ਹੋਰ ਵੀ ਸਾਧਨ ਸਨ। ਜੰਗ ਸਮੇਂ ਲੁੱਟਮਾਰ ਦਾ ਮਾਲ ਇਕ ਮਹੱਤਵਪੂਰਨ ਵਸੀਲਾ ਸੀ। ਇਸ ਤੋਂ ਇਲਾਵਾ ਮਸੂਲ ਚੁੰਗੀ ਵੀ ਪ੍ਰਚੱਲਿਤ ਸੀ। ਜਿਹੜਾ ਮਾਲ ਕਿਸੇ ਸਿੱਖ ਸਰਦਾਰ ਦੇ ਇਲਾਕੇ ਵਿਚੋਂ ਲੰਘਦਾ ਸੀ ਉਸ ਉੱਤੇ ਬਹੁਤ ਭਾਰੀ ਮਸੂਲ ਚੁੰਗੀ ਲਈ ਜਾਂਦੀ ਸੀ। ਇਸ ਤੋਂ ਇਲਾਵਾ ਨਿਆਂ ਵੀ ਆਮਦਨ ਦਾ ਇਕ ਵੱਡਾ ਵਸੀਲਾ ਸੀ। ਨਿਆਂ ਦਾ ਢੰਗ ਅਜਿਹਾ ਸੀ ਜਿਸ ਦੇ ਰਾਹੀਂ ਮਿਸਲ ਦੇ ਸਰਦਾਰ ਵੱਧ ਤੋਂ ਵੱਧ ਆਮਦਨ ਪ੍ਰਾਪਤ ਕਰਦੇ ਸਨ। ਇਸ ਲਈ ਜੁਰਮਾਨੇ ਦੀ ਸਜ਼ਾ ਆਮ ਸੀ ਜਿਵੇਂ ਕੋਈ ਮੁਦਈ ਆਪਣੀ ਚੋਰੀ ਦੀ ਰਿਪੋਰਟ ਲਿਖਵਾਉਣ ਜਾਂਦਾ ਸੀ ਤਾਂ ਉਸ ਨੂੰ ਪਹਿਲਾਂ ਥਾਣੇਦਾਰ ਨੂੰ ਚੋਰੀ ਹੋਏ ਮਾਲ ਦੀ ਰਕਮ ਦਾ ਚੌਥਾ ਹਿੱਸਾ ਦੇਣਾ ਪੈਂਦਾ ਸੀ ਤੇ ਫੇਰ ਚੋਰੀ ਹੋਇਆ ਮਾਲ ਮਿਲ ਜਾਂਦਾ ਤਾਂ ਉਸ ਨੂੰ ਨਜ਼ਰਾਨਾ ਦੇਣਾ ਪੈਂਦਾ ਸੀ। ਇਸ ਤਰ੍ਹਾਂ ਜੇ ਕੋਈ ਅਪਰਾਧੀ ਸਿੱਧ ਹੋ ਜਾਂਦਾ ਤਾਂ ਉਸ ਨੂੰ ਭਾਰੀ ਜੁਰਮਾਨਾ ਦੇਣਾ ਪੈਂਦਾ ਤੇ ਜੋ ਛੁੱਟ ਜਾਂਦਾ ਤਾਂ ਉਸ ਨੂੰ ਸ਼ੁਕਰਾਨੇ ਵਜੋਂ ਕੁਝ ਰਕਮ ਅਦਾ ਕਰਨੀ ਪੈਂਦੀ ਸੀ। ਇਸੇ ਤਰ੍ਹਾਂ ਜੇ ਕਿਸੇ ਦਾ ਮੁਕੱਦਮਾ ਦੇਰ ਤੱਕ ਚਲਦਾ ਰਹਿੰਦਾ ਤਾਂ ਉਸ ਨੂੰ 'ਤਹਿਖ਼ਾਨੇ' ਨਾਂ ਦੀ ਕੁਝ ਰਕਮ ਦੇਣੀ ਪੈਂਦੀ ਸੀ।

ਇਸ ਤੋਂ ਇਲਾਵਾ ਉਨ੍ਹਾਂ ਨੂੰ ਘੋੜਿਆਂ, ਸ਼ਾਲਾਂ ਤੇ ਹਥਿਆਰਾਂ ਦੇ ਵਪਾਰ ਤੇ ਕਾਫੀ ਆਮਦਨ ਹੁੰਦੀ ਸੀ।

**ਮਿਸਲ ਕਾਲ ਵਿਚ ਜਿਮੀਂਦਾਰੀ ਪ੍ਰਣਾਲੀ :**

ਮਿਸਲਾਂ ਦੇ ਸਮੇਂ ਵਿਚ ਵਾਹਕਾਂ ਨੂੰ ਕਈ ਢੰਗਾਂ ਨਾਲ ਭੋਂ ਦਿੱਤੀ ਜਾਂਦੀ ਸੀ। ਪੱਤੀਦਾਰ ਪ੍ਰਥਾ ਅਨੁਸਾਰ ਮਿਸਲਦਾਰ ਜ਼ਮੀਨ ਦਾ ਕੁਝ ਹਿੱਸਾ ਜਾਂ ਪੱਤੀ ਆਪਣੇ ਅਧੀਨ ਸਰਦਾਰਾਂ ਨੂੰ ਦਿੰਦਾ ਸੀ ਜਿਸ ਨੂੰ ਪੱਤੀਦਾਰ ਕਿਹਾ ਜਾਂਦਾ ਸੀ। ਪੱਤੀਦਾਰ ਜ਼ਮੀਨ ਨੂੰ ਗਹਿਣੇ ਜ਼ਰੂਰ ਰੱਖ ਸਕਦਾ ਸੀ ਪਰ ਵੇਚ ਨਹੀਂ ਸਕਦਾ ਸੀ। ਲੋੜ ਵੇਲੇ ਪੱਤੀਦਾਰ ਤੇ ਸਰਦਾਰ ਇਕ ਦੂਜੇ ਦੀ ਸਹਾਇਤਾ ਕਰਨਾ ਆਪਣਾ ਫਰਜ਼ ਸਮਝਦੇ ਸਨ।

**ਮਿਸਲਦਾਰੀ :–** ਇਸ ਪ੍ਰਥਾ ਅਨੁਸਾਰ ਮਿਸਲਦਾਰ ਕਿਸੇ ਬਾਹਰ ਦੇ ਵਿਅਕਤੀ ਨੂੰ ਸਹਾਇਤਾ ਬਦਲੇ ਕੁਝ ਜ਼ਮੀਨ ਇਨਾਮ ਬਦਲੇ ਦਿੰਦਾ ਸੀ ਜਿਹੜੇ ਲੋੜ ਸਮੇਂ ਉਸ ਦੀ ਸਹਾਇਤਾ ਕਰਦੇ ਸਨ। ਅਧੀਨ ਸਰਦਾਰ ਨੂੰ ਹਰ ਕੰਮ ਵਿਚ ਪੂਰੀ ਖੁੱਲ੍ਹ ਹੁੰਦੀ ਸੀ। ਮਿਸਲਦਾਰ ਇਕ ਮਿਸਲ ਛੱਡ ਕੇ ਦੂਜੇ ਨਾਲ ਆ ਸਕਦਾ ਸੀ।

**ਜਾਗੀਰਦਾਰੀ :–** ਮਿਸਲਦਾਰ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਸੈਨਿਕ ਸਹਾਇਤਾ ਦੇਣ ਦੀ ਸ਼ਰਤ ਤੇ ਜ਼ਮੀਨ ਦਿੰਦਾ ਸੀ। ਦੂਨ੍ਹਾਂ ਤੇ ਮਿਸਲਦਾਰਾਂ ਦਾ ਪੂਰਾ ਕੰਟਰੋਲ ਹੁੰਦਾ ਸੀ।

**ਨਿਆਂ ਪ੍ਰਬੰਧ :–** ਸਭ ਤੋਂ ਛੋਟੀ ਅਦਾਲਤ ਪੰਚਾਇਤ ਹੁੰਦੀ ਸੀ ਜੋ ਫੌਜੀ ਤੇ ਦੀਵਾਨੀ ਮੁਕੱਦਮਿਆਂ ਦਾ ਫੈਸਲਾ ਕਰਦੀ ਸੀ।

**ਮਿਸਲਦਾਰ ਦੀ ਅਦਾਲਤ :–** ਪੰਚਾਇਤਾਂ ਦੇ ਫੈਸਲੇ ਵਿਰੁੱਧ ਮਿਸਲਦਾਰ ਕੋਲ ਅਪੀਲ ਕੀਤੀ ਜਾ ਸਕਦੀ ਸੀ। ਕਤਲ ਦੇ ਮੁਕੱਦਮਿਆਂ ਦੇ ਫੈਸਲੇ ਮਿਸਲਦਾਰ ਹੀ ਕਰਦਾ ਸੀ, ਚਾਹੇ ਉਹ ਕਾਤਲ ਨੂੰ ਕਤਲ ਹੋਏ ਆਦਮੀ ਦੇ ਵਾਰਸਾਂ ਦੇ ਹਵਾਲੇ ਕਰ ਦੇਵੇ ਤਾਂ ਜੋ ਉਹ ਜੋ ਬਦਲਾ ਲੈ ਲੈਣ ਚਾਹੇ ਆਪ ਸਜ਼ਾ ਦੇਵੇ। ਕਈ ਵਾਰ ਕਸੂਰਵਾਰ ਦਾ ਨੱਕ, ਕੰਨ, ਹੱਥ ਜਾਂ ਹੋਰ ਅੰਗ ਕੱਟ ਦਿੱਤਾ ਜਾਂਦਾ ਸੀ ਪਰ ਅੰਗ ਕੱਟਣ ਬਦਲੇ ਪੈਸੇ ਦੇ ਕੇ ਛੁਟਕਾਰਾ ਪਾਇਆ ਜਾ ਸਕਦਾ ਸੀ, ਪਰ ਜੇ ਡੰਗਰਾਂ ਦੀ ਚੋਰੀ ਹੋ ਜਾਂਦੀ ਤਾਂ ਪਿੰਡ ਦੇ ਮੁਖੀਏ ਨੂੰ ਜਾਂ ਤਾਂ ਜਿਸ ਪਿੰਡ ਡੰਗਰ ਲਿਜਾਇਆ ਜਾਂਦਾ ਸੀ, ਉਸ ਨੂੰ ਚੋਰ ਲੱਭ ਕੇ ਦੇਣਾ ਪੈਂਦਾ ਸੀ ਜਾਂ ਉਸ ਦਾ ਹਰਜ਼ਾਨਾ ਭਰਨਾ ਪੈਂਦਾ ਸੀ ਤੇ ਪਿੰਡ ਦੀ ਤਲਾਸ਼ੀ ਦੇਣੀ ਪੈਂਦੀ ਸੀ। ਮਾਲ ਬਰਾਮਦ ਹੋ ਜਾਣ ਤੋਂ ਬਾਅਦ ਦੋਹਾਂ ਪਾਰਟੀਆਂ ਨੂੰ ਸ਼ੁਕਰਾਨਾ ਤੇ ਨਜ਼ਰਾਨਾ ਬਰਾਮਦ ਹੋਏ ਮਾਲ ਦਾ ਚੌਥਾ ਹਿੱਸਾ ਮਿਸਲਦਾਰ ਨੂੰ ਦੇਣਾ ਪੈਂਦਾ ਸੀ। ਜੇ ਮੁਕੱਦਮਾ ਲਮਕ ਜਾਏ ਤਾਂ 'ਤਹਿਖ਼ਾਨਾ' ਰੂਪੀ ਫੀਸ ਦੇਣੀ ਪੈਂਦੀ ਸੀ। ਕਈ ਵਾਰ ਚੋਰ ਨੂੰ ਮਾਫ਼ੀ ਦੇ ਕੇ ਜੁਰਮਾਨਾ ਭਰਵਾਇਆ ਜਾਂਦਾ ਸੀ। ਜਿਸ ਪਿੰਡ ਵਿਚ ਚੋਰੀ–ਡਾਕਾ ਪੈ ਜਾਵੇ ਉਥੋਂ ਦੇ ਮੁਖੀ ਦੀ ਜ਼ਿੰਮੇਵਾਰੀ ਸੀ ਕਿ ਉਸ ਦਾ ਪਤਾ ਲਗਾਏ ਤੇ ਨੁਕਸਾਨ ਪੂਰਾ ਕਰੇ। ਜੇ ਉਹ ਨਾ ਕਰ ਸਕੇ ਤਾਂ ਨੁਕਸਾਨ ਉਠਾਣ ਵਾਲਾ

ਜਿਵੇਂ ਚਾਹੇ ਬਦਲਾ ਲੈ ਸਕਦਾ ਸੀ ਅਤੇ ਉਸਨੂੰ ਇਹ ਅਧਿਕਾਰ ਪ੍ਰਾਪਤ ਸੀ ਕਿ ਉਹ ਮੁਖੀਏ ਜਾਂ ਸਰਦਾਰ ਦੇ ਇਲਾਕੇ ਹਮਲਾ ਕਰਕੇ ਸੈਂਕੜਿਆਂ ਦੀ ਗਿਣਤੀ ਵਿਚ ਮਾਲ, ਡੰਗਰ ਹੱਕ ਕੇ ਲੈ ਜਾਵੇ।

**ਸਰਬੱਤ ਖਾਲਸਾ :–** ਸਭ ਤੋਂ ਵੱਡੀ ਅਦਾਲਤ ਸਰਬੱਤ ਖਾਲਸਾ ਸੀ। ਮਿਸਲਾਂ ਦੇ ਮੁਖੀ ਸਰਦਾਰਾਂ ਦੇ ਆਪਸੀ ਝਗੜੇ ਸਰਬੱਤ ਖਾਲਸਾ ਦੇ ਸਾਹਮਣੇ ਰੱਖੇ ਜਾਂਦੇ ਸਨ।

**ਫੌਜੀ ਪ੍ਰਬੰਧ :–** ਮਿਸਲਾਂ ਦੀ ਫੌਜੀ ਗਿਣਤੀ ਦਾ ਸਹੀ ਅਨੁਮਾਨ ਲਾਉਣਾ ਔਖਾ ਹੈ। ਵੱਡੀਆਂ ਮਿਸਲਾਂ ਵਿਚ ਕਈ ਹਜ਼ਾਰ ਦੀ ਗਿਣਤੀ ਵਿਚ ਸਿਪਾਹੀ ਸਨ ਤੇ ਛੋਟੀਆਂ ਮਿਸਲਾਂ ਕੋਲ 3000 ਤੋਂ 5000 ਤੱਕ ਸਿਪਾਹੀ ਸਨ। ਜਾਰਜ ਥਾਮਸ ਬਰਾਊਨ ਅਤੇ ਫਰੈਂਕਲਿਨ ਆਦਿ ਯਾਤਰੀਆਂ ਨੇ ਮਿਸਲਾਂ ਦੀ ਫੌਜੀ ਗਿਣਤੀ ਵੱਖੋ ਵੱਖਰੀ ਦੱਸੀ ਹੈ, ਪਰ ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਮਿਸਲਾਂ ਦੇ ਸਮੇਂ ਸਿੱਖਾਂ ਦੀ ਫੌਜੀ ਸ਼ਕਤੀ 100,000 ਤੋਂ ਵੱਧ ਸੀ।

ਸਿੱਖਾਂ ਦੀ ਫੌਜ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ, ਪੈਦਲ ਤੇ ਘੋੜ ਸਵਾਰ। ਪਰ ਇਨ੍ਹਾਂ ਵਿਚੋਂ ਘੋੜ ਸਵਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਸੀ। ਗ੍ਰਿਫ਼ਨ ਅਨੁਸਾਰ ਪਿਆਦਾ ਸਿਪਾਹੀ ਨੂੰ ਘੋੜ ਸਵਾਰ ਨਾਲੋਂ ਘਟੀਆ ਸਮਝਿਆ ਜਾਂਦਾ ਤੇ ਉਸ ਨੂੰ ਲੜਾਈ ਸਮੇਂ ਸਿੱਖ ਟੱਬਰਾਂ ਦੀ ਰਾਖੀ ਲਈ ਛੱਡ ਦਿੱਤਾ ਜਾਂਦਾ ਸੀ। ਸਿੱਖ ਸਿਪਾਹੀ ਆਮ ਤੌਰ ਤੇ ਮੁਗ਼ਲ ਫੌਜਾਂ ਤੇ ਮੁਗ਼ਲ ਇਲਾਕਿਆਂ ਵਿਚ ਅਚਾਨਕ ਹਮਲੇ ਕਰਦੇ ਤੇ ਦੁਸ਼ਮਣ ਦੀ ਫੌਜ ਪੁੱਜਣ ਤੋਂ ਪਹਿਲਾਂ ਲੁੱਟਮਾਰ ਕਰਕੇ ਵਾਪਸ ਜੰਗਲ ਵਿਚ ਆਪਣੀਆਂ ਪਨਾਹਗਾਰਾਂ ਵਿਚ ਲੁਕ ਜਾਂਦੇ। ਅਜਿਹੇ ਢੰਗ ਵਰਤਣ ਲਈ ਸਿਰਫ਼ ਘੋੜ ਸਵਾਰ ਫੌਜੀ ਹੀ ਕੰਮ ਦੇ ਸਕਦੇ ਸਨ। ਸਿੱਖ ਸਿਪਾਹੀ ਆਮ ਤੌਰ ਤੇ ਤਲਵਾਰ, ਭੱਲਾ, ਤੀਰ ਕਮਾਨ, ਖੰਜਰ, ਬੰਦੂਕ ਆਦਿ ਦੀ ਵਰਤੋਂ ਕਰਦੇ ਸਨ। ਢਾਲ ਆਦਿ ਬਚਾਉ ਦੇ ਹਥਿਆਰ ਸਨ। ਭਾਵੇਂ ਮਿਸਲਦਾਰ ਕੋਲ ਤੋਪਾਂ ਨਹੀਂ ਸਨ ਪਰੰਤੂ ਅਠਾਰਵੀਂ ਸਦੀ ਦੇ ਅਖੀਰ ਵਿਚ ਉਨ੍ਹਾਂ ਨੇ ਦੁਸ਼ਮਣ ਦੀਆਂ ਕੁਝ ਤੋਪਾਂ ਖੋਹੀਆਂ ਜ਼ਰੂਰ ਸਨ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਕੋਲ ਕੋਈ ਵਿਸ਼ੇਸ਼ ਤੋਪਖਾਨਾ ਸੀ।

ਭਰਤੀ ਤੇ ਸਿਖਲਾਈ :- ਕਿਸੇ ਨੂੰ ਫੌਜ ਵਿਚ ਭਰਤੀ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ ਸੀ ਪਰ ਹਰ ਕੋਈ ਆਪਣੀ ਮਰਜ਼ੀ ਅਨੁਸਾਰ ਭਰਤੀ ਹੋ ਸਕਦਾ ਸੀ। ਉਨ੍ਹਾਂ ਨੂੰ ਕੋਈ ਬਕਾਇਦਾ ਤੌਰ ਤੇ ਕਵੈਦ ਅਨੁਸ਼ਾਸਨ ਦੀ ਸਿੱਖਿਆ ਨਹੀਂ ਸੀ ਦਿੱਤੀ ਜਾਂਦੀ ਤੇ ਨਾ ਹੀ ਉਨ੍ਹਾਂ ਨੂੰ ਹਮਲਾ ਕਰਨ ਤੇ ਬਚਾਉ ਦੇ ਕੋਈ ਵਿਸ਼ੇਸ਼ ਢੰਗ ਸਿਖਾਏ ਜਾਂਦੇ ਸਨ। ਇਨ੍ਹਾਂ ਊਣਤਾਈਆਂ ਦੇ ਹੁੰਦੇ ਹੋਏ ਸਿੱਖ ਸਿਪਾਹੀਆਂ ਵਿਚ ਧਾਰਮਿਕ ਜਜ਼ਬਾ ਠਾਠਾਂ ਮਾਰ ਰਿਹਾ ਹੁੰਦਾ ਸੀ, ਜਿਹੜਾ ਉਨ੍ਹਾਂ ਨੂੰ ਅਨੁਸ਼ਾਸਨ ਵਿਚ ਰੱਖਦਾ ਸੀ।

**ਤਨਖਾਹ :–** ਸਿੱਖ ਸਿਪਾਹੀਆਂ ਨੂੰ ਮਹੀਨੇ ਬਾਅਦ ਤਨਖਾਹ ਨਹੀਂ ਮਿਲਦੀ ਸੀ। ਉਨ੍ਹਾਂ ਨੂੰ ਫਸਲ ਕੱਟਣ ਤੇ ਜਿਨਸ ਦੇ ਰੂਪ ਵਿਚ ਕੁਝ ਨਾ ਕੁਝ ਮਿਲ ਜਾਂਦਾ ਸੀ ਤੇ ਇਸ ਤੋਂ ਇਲਾਵਾ ਲੁੱਟ ਮਾਰ ਦੇ ਮਾਲ ਵਿਚੋਂ ਹਿੱਸਾ ਮਿਲਦਾ ਸੀ।

ਹੋਰ ਪੜ੍ਹਨ ਲਈ ਪੁਸਤਕਾਂ ਦੇ ਸਬੰਧਤ ਪੰਨੇ


| | | | |
|---|---|---|---|
| 1. | ਨਾਰੰਗ ਕੇ.ਐਸ. ਅਤੇ ਗਾਂਧੀ ਐਸ.ਐਸ. | : | ਪੰਜਾਬ ਦਾ ਇਤਿਹਾਸ, ਪੰਨਾ 33–52 |
| 2. | ਗੋਕਲ ਚੰਦ ਨਾਰੰਗ | : | Transformation of Sikhism, pp. 200-20. |
| 3. | Cunningham, J.D. | : | A History of the Sikhs, pp. 82-84. |
| 4. | ਤੇਜਾ ਸਿੰਘ, ਗੰਡਾ ਸਿੰਘ | : | ਏ ਸ਼ਾਰਟ ਹਿਸਟਰੀ ਆਫ ਦੀ ਸਿਖਸ, ਜਿਲਦ–1 |
| 5. | ਹਰੀ ਰਾਮ ਗੁਪਤਾ | : | ਹਿਸਟਰੀ ਆਫ਼ ਦੀ ਪੰਜਾਬ, ਜਿਲਦ–4 |
| 6. | ਐਨ.ਕੇ.ਸਿਨਹਾ | : | ਰਾਈਜ਼ ਆਫ਼ ਦੀ ਸਿੱਖ ਪਾਵਰ, ਪੰਨਾ 54–120 |
| 7. | ਜੀ.ਐਸ.ਛਾਬੜਾ | : | ਐਡਵਾਂਸ ਹਿਸਟਰੀ ਆਫ਼ ਦੀ ਪੰਜਾਬ, ਜਿਲਦ–1, ਪੰਨਾ 465 ਤੋਂ 528 |

**ਮੁੱਖ ਵਿਅਕਤੀ ਤੇ ਸ਼ਬਦ :**

- ਸੰਘਾਤਮਿਕ ਦਾ ਭਾਵ
- ਸਪੇਖਤਾ ਦਾ ਅਰਥ
- ਜਮਹੂਰੀਅਤ ਤੇ ਖੁਦਮੁਖਤਿਆਰੀ
- ਗੁਰਮਤਾ ਦੀ ਪ੍ਰਥਾ
- ਰਾਖੀ ਦਾ ਭਾਵ

**ਛੋਟੇ ਪ੍ਰਸ਼ਨ :**

1) ਗੁਰਮਤਾ ਕੀ ਸੀ ? ਪਤਨ ਦੇ ਕਾਰਨ ਲਿਖੋ।
2) ਮਿਸਲਾਂ ਦਾ ਅੰਦਰੂਨੀ ਰਾਜ ਪ੍ਰਬੰਧ ਵਰਨਣ ਕਰੋ।
3) ਮਿਸਲਦਾਰੀ ਪ੍ਰਥਾ ਦੇ ਖਾਤਮੇ ਦੇ ਕੀ ਕਾਰਨ ਸਨ ?

**ਲੰਮੇ ਪ੍ਰਸ਼ਨ :**

1) ਸਿੱਖ ਮਿਸਲਾਂ ਦੇ ਨਾਮ ਅਤੇ ਯੋਗਦਾਨ ਦਾ ਵਰਨਣ ਕਰੋ।
2) ਵੱਖ ਵੱਖ ਵਿਦਵਾਨਾਂ ਨੇ ਮਿਸਲ ਸ਼ਬਦ ਦੀ ਵਿਆਖਿਆ ਕਿਵੇਂ ਕੀਤੀ ?
3) ਫੂਲਕੀਆਂ ਮਿਸਲਾਂ ਦੀ ਨੀਤੀ ਬਿਆਨ ਕਰੋ – ਖਾਸ ਕਰਕੇ ਅਬਦਾਲੀ ਅਤੇ ਅੰਗਰੇਜ਼ਾਂ ਵੱਲ।

**ਹੋਰ ਜਾਣਕਾਰੀ ਲਈ ਪੁਸਤਕਾਂ :**

(1) ਕੇ.ਐਸ.ਨਾਰੰਗ ਅਤੇ ਗਾਂਧੀ, ਪੰਜਾਬ ਦਾ ਇਤਿਹਾਸ, ਪੰਨਾ 33-52
(2) ਗੋਕਲ ਚੰਦ ਨਾਰੰਗ, Transformation of Sikhism, ਪੰਨਾ 200-220
(3) ਹਰੀ ਰਾਮ ਗੁਪਤਾ, ਹਿਸਟਰੀ ਆਫ ਦੀ ਪੰਜਾਬ, ਜਿਲਦ-4, ਬ਼ਤਤਜਠ